I N T E R N A T I O N A L

# ਪੰਜਾਬੀ ਟ੍ਰਿਬਿਊਨ

BILINGUAL NEWSPAPER : ENGLISH AND PUNJABI

EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.40
1 November, 2024
੧੬ ਕੱਤਕ ਨਾਨਕਸ਼ਾਹੀ ਸੰਮਤ ੫੫੬

Funded by the Government of Canada | Financé par le gouvernement du Canada | Canada





## ਸਿੱਖ ਕਤਲੇਆਮ ਦੇ 40 ਸਾਲ ਪੂਰੇ ਹੋਣ ’ਤੇ ਗੁਰੂਘਰਾਂ ’ਚ ਦੀਪਮਾਲਾ ਨਹੀਂ ਹੋਵੇਗੀ

ਸੰਨ 1984, ਵਿੱਚ ਹਿੰਦੋਸਤਾਨ ਦੀ ਰਾਜਧਾਨੀ ਦਿੱਲੀ ਅਤੇ ਦੇਸ਼ ਵਿਚਲੇ ਹੋਰਨਾਂ ਭਾਗਾਂ ਵਿੱਚ ਵਾਪਰੇ ਤੀਜੇ ਸਿੱਖ ਘਲੂਘਾਰੇ ਦੌਰਾਨ ਅਖੌਤੀ ਲੋਕਤੰਤਰ ਹਿੰਦੋਸਤਾਨ ਦੀਆਂ ਗਲੀਆਂ ਵਿੱਚ ਚਿੱਟੇ ਦਿਨ 30,000 ਤੋਂ ਜ਼ਿਆਦਾ ਸਿੱਖਾਂ ਦਾ ਭਿਆਨਕ ਕਤਲੇਆਮ ਅਤੇ ਉਸ ਪਿੱਛੋਂ ਲਗਾਤਾਰ ਅੱਜ ਤੱਕ ਸਮੁੱਚੀ ਕੌਮ ਦਾ ਘਾਣ ਅਤੇ ਜ਼ਲੀਲ ਕਰਨ ਵਾਲੇ ਚਾਲਬਾਜ਼ ਵਹਿਸ਼ੀ ਚਿਹਰੇ ਨੂੰ ਬੇ-ਨਕਾਬ ਕਰਨ ਲਈ ਦੁਨੀਆਂ ਭਰ ਵਿੱਚ ਉੱਠੀ ਇਨਸਾਫ਼-ਪਸੰਦ ਲੋਕਾਂ ਦੀ ਅਵਾਜ਼ ਗੁਰੂ ਨਾਨਕ ਦੇਵ ਜੀ ਵਲੋਂ ਐਮਨਾਬਾਦ ਦੀ ਧਰਤੀ ਦੇ ਉੱਪਰ ਮਨੁੱਖੀ ਅਧਿਕਾਰਾਂ ਦੇ ਲਈ ਉਠਾਈ ਅਵਾਜ਼ ਸਿੱਖ ਨਸਲਕੁਸ਼ੀ 1984 ਦੀ ਯਾਦ ‘ਚ ਖੂਨਦਾਨ ਮੁਹਿੰਮ ਇਤਿਹਾਸ ਨੂੰ ਦੁਹਰਾ ਰਹੀ ਹੈ। ਬਿਪ੍ਰਵਾਦੀ ਜ਼ਾਬਰ ਸੋਚ ਦੇ ਖੂਨੀਂ ਪੰਜੇ ਚੋਂ ਮਨੁੱਖਤਾ ਨੂੰ ਬਚਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦੇ ਵਾਰਿਸ ਆਪਣਾ ਖੂਨ ਦਾਨ ਕਰਕੇ “ਜੀਉ ਅਤੇ ਜਿਉਣ ਦਿਉ” ਦੇ ਸਿਧਾਂਤ ਤੇ ਪਹਿਰਾ ਦੇ ਰਹੇ ਹਨ। ਨਸਲਕੁਸ਼ੀ ਵਿਰੁੱਧ ਅਰੰਭੀ ਇਸ ਖੂਨਦਾਨ ਮੁਹਿੰਮ ਤਹਿਤ ਸਿੱਖ ਕੌਮ ਹੁਣ ਤੱਕ 170,000 ਤੋਂ ਵੱਧ ਵਿਅਕਤੀਆਂ ਨੂੰ ਨਵੀਂ ਜਿੰਦਗੀ


• ਬਾਕੀ ਸਫ਼ਾ 3 ‘ਤੇ



Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਲੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡਿਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੇਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਨਵੰਬਰ 1984 ਨੂੰ ਦਿੱਲੀ ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ ਅਤੇ ਸ਼ਹੀਦੀ ਭਾਈ ਬੇਅੰਤ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਦਿਹਾੜਾ ਮਨਾਇਆ ਜਾਵੇਗਾ ਅਤੇ ਤਿੰਨ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਗੁਲਜ਼ਾਰ ਟਰਾਂਸਪੋਰਟ ਵਲੋਂ 2. ਭਾਈ ਜਤਿੰਦਰ ਸਿੰਘ ਥਾਂਦੀ ਪਰਿਵਾਰ ਵਲੋਂ
3. ਭਗਤ ਸੈਣ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ

- ਇਨ੍ਹਾਂ ਦੀ ਅਰੰਭਤਾ ਦਿਨ ਸ਼ੁੱਕਰਵਾਰ ਨਵੰਬਰ 1 ਨੂੰ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ ਨਵੰਬਰ 1 ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਅੰਤਮ ਸਸਕਾਰ 10 ਵਜੇ ਸਵ: ਬੀਬੀ ਨਿਰਮਲਜੀਤ ਕੌਰ ਦਾ ਰਿਵਰ ਸਾਈਡ 'ਤੇ ਹੋਵੇਗਾ ਉਪਰੰਤ ਭੋਗ 11:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਐਤਵਾਰ ਨਵੰਬਰ 3 ਨੂੰ 8:00 ਵਜੇ ਸਹਿਜ ਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਮੇਡੇ ਪਰਿਵਾਰ ਵਲੋਂ ਹੋਵੇਗੀ
- ਭਾਈ ਅਵਤਾਰ ਸਿੰਘ ਜੋਹਲ ਪਰਿਵਾਰ ਵਲੋਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।
- ਅੰਤਮ ਸਸਕਾਰ 11:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਸਵ: ਭਾਈ ਬਲਜਿੰਦਰ ਸਿੰਘ ਭੁੱਲਰ ਦਾ ਹੋਵੇਗਾ ਉਪਰੰਤ ਭੋਗ 12:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਅੰਤਮ ਸਸਕਾਰ ਸਵ: ਬੀਬੀ ਗੁਰਮੀਤ ਕੌਰ ਲਾਲੀ ਦਾ ਰਿਵਰ ਸਾਈਡ ਡੈਲਟਾ ਵਿਖੇ 12:30 ਵਜੇ ਹੋਵੇਗਾ ਉਪਰੰਤ ਭੋਗ 2:00 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਸ਼ਾਮ ਨੂੰ ਕੀਰਤਨ ਅਤੇ ਲੰਗਰਾਂ ਦੀ ਸੇਵਾ ਚਾਰ ਪਰਿਵਾਰਾਂ ਵਲੋਂ ਹੋਵੇਗੀ:

1. ਬੀਬੀ ਮਨਜੀਤ ਕੌਰ ਕੰਗ ਪਰਿਵਾਰ ਵਲੋਂ 2.ਭਾਈ ਅਮਰਿੰਦਰ ਸਿੰਘ ਬਰਾੜ ਪਰਿਵਾਰ ਵਲੋਂ
3. ਭਾਈ ਸੁਰਿੰਦਰ ਸਿੰਘ ਪੁਰੇਵਾਲ ਪਰਿਵਾਰ ਵਲੋਂ 4.ਭਾਈ ਸਤਪਾਲ ਸਿੰਘ ਪਰਿਵਾਰ ਵਲੋਂ

- ਬੁੱਧਵਾਰ ਨਵੰਬਰ 6:00 ਨੂੰ 10:00 ਵਜੇ ਬੱਚੀ ਪਰਮਜੀਤ ਕੌਰ ਦੇ ਅਨੰਦ ਕਾਰਜ ਹੋਣੇਗੇ।

ਰਾਗੀ ਜੱਥਾ : ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
ਕਥਾਵਾਚਕ : ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ : ਭਾਈ ਗੁਰਭੇਜ ਸਿੰਘ ਜੌਹਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕੈਨੇਡਾ ਦੀ ਨਵੀਂ ਰਾਸ਼ਟਰੀ ਡੈਂਟਲ ਕੇਅਰ ਯੋਜਨਾ ਤਹਿਤ 1 ਮਿਲੀਅਨ ਤੋਂ ਵੱਧ ਕੈਨੇਡੀਅਨਜ਼ ਨੂੰ ਮਿਲੀ ਔਸਤਨ $730 ਦੀ ਸਹਾਇਤਾ

ਔਟਵਾ, (ਏਕਜੋਤ ਸਿੰਘ): ਕੈਨੇਡਾ ਵਿੱਚ ਡੈਂਟਲ ਸੇਵਾਵਾਂ ਦੀ ਪਹੁੰਚ ਸੁਨਿਸ਼ਚਿਤ ਕਰਨ ਲਈ ਸਰਕਾਰ ਦੀ ਨਵੀਂ ਰਾਸ਼ਟਰੀ ਡੈਂਟਲ ਕੇਅਰ ਯੋਜਨਾ ਹਾਲ ਹੀ ਵਿੱਚ ਕਾਫ਼ੀ ਸਫਲ ਰਹੀ ਹੈ। ਸਿਹਤ ਮੰਤਰੀ ਮਾਰਕ ਹੌਲੈਂਡ ਨੇ ਓਨਟੇਰਿਓ ਦੇ ਸਕਾਰਬ੍ਰੋਅ ਵਿੱਚ ਇੱਕ ਕਮਿਊਨਿਟੀ ਸੈਂਟਰ ਤੋਂ ਬੋਲਦਿਆਂ ਦੱਸਿਆ ਕਿ ਇਸ ਯੋਜਨਾ ਤਹਿਤ ਹੁਣ ਤੱਕ ਇੱਕ ਮਿਲੀਅਨ ਤੋਂ ਵੱਧ ਕੈਨੇਡੀਅਨਜ਼ ਨੂੰ ਔਸਤਨ $730 ਦੀ ਔਰਲ ਸਿਹਤ ਸੇਵਾਵਾਂ ਲਈ ਮਦਦ ਮਿਲੀ ਹੈ। ਇਸ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਬਾਅਦ ਸਰਕਾਰ ਨੇ ਡੈਂਟਲ ਖਰਚਿਆਂ ਵਿੱਚ ਕੁੱਲ $732 ਮਿਲੀਅਨ ਦਾ ਭੁਗਤਾਨ ਕੀਤਾ ਹੈ।




ਕੈਨੇਡੀਅਨ ਡੈਂਟਲ ਕੇਅਰ ਪਲਾਨ (CDCP) ਨੂੰ ਉਹਨਾਂ ਲੋਕਾਂ ਲਈ ਵਿਸ਼ੇਸ਼ ਤੌਰ ਤੇ ਸ਼ੁਰੂ ਕੀਤਾ ਗਿਆ ਹੈ ਜੋ ਪ੍ਰਾਈਵੇਟ ਬੀਮੇ ਤੱਕ ਪਹੁੰਚ ਨਹੀਂ ਰੱਖਦੇ ਹਨ ਅਤੇ ਜਿਨ੍ਹਾਂ ਦੀ ਘਰੇਲੂ ਆਮਦਨ $90,000 ਤੋਂ ਘੱਟ ਹੈ। ਮੌਜੂਦਾ ਸਮੇਂ ਵਿੱਚ CDCP ਵਿੱਚ ਬਜ਼ੁਰਗਾਂ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਉਹ ਲੋਕ ਜੋ ਡਿਏਬਿਲਿਟੀ ਟੈਕਸ ਕ੍ਰੈਡਿਟ ਲਈ ਯੋਗ ਹਨ, ਨੂੰ ਸ਼ਾਮਲ ਕੀਤਾ ਗਿਆ ਹੈ। ਹੁਣ ਤੱਕ, ਕੈਨੇਡਾ ਭਰ ਵਿੱਚ 2.7 ਮਿਲੀਅਨ ਲੋਕਾਂ ਨੂੰ ਇਸ ਯੋਜਨਾ ਤਹਿਤ ਪੰਜ਼ਾਬਤ ਕੀਤਾ ਗਿਆ ਹੈ ਅਤੇ ਉਮੀਦ ਹੈ ਕਿ 2025 ਤੱਕ ਇਹ ਯੋਜਨਾ 9 ਮਿਲੀਅਨ ਲੋਕਾਂ ਨੂੰ ਕਵਰ ਕਰੇਗੀ।

ਸਿਹਤ ਮੰਤਰੀ ਮਾਰਕ ਹੌਲੈਂਡ ਨੇ ਇਹ ਵੀ ਕਿਹਾ ਕਿ ਸਰਕਾਰ 2025 ਵਿੱਚ ਇਸ ਯੋਜਨਾ ਦਾ ਵਿਸਤਾਰ ਕਰਕੇ ਅਗਲੇ ਸਮੂਹਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾ ਰਹੀ ਹੈ। ਜਦੋਂ ਇਸ ਯੋਜਨਾ ਦੇ ਵਿਸਤਾਰ ਲਈ ਸ਼ਾਇਦ ਜਨਵਰੀ 2025 ਦੀ ਗੱਲ ਕੀਤੀ ਗਈ ਤਾਂ ਮੰਤਰੀ ਨੇ ਕਿਹਾ ਕਿ ਉਹਨਾਂ ਨੇ ਹਮੇਸ਼ਾ 2025 ਦਾ ਜ਼ਿਕਰ ਕੀਤਾ ਸੀ, ਜਨਵਰੀ ਦਾ ਨਹੀਂ। ਸਰਕਾਰ ਇਸ ਯੋਜਨਾ ਨੂੰ ਤੇਜ਼ੀ ਨਾਲ ਵਧਾਉਣ ਲਈ ਔਨਲਾਈਨ ਪਲੇਟਫਾਰਮਾਂ ਅਤੇ ਫੀਡਬੈਕ ਪ੍ਰਕਿਰਿਆ ਨੂੰ ਭੀ ਚੰਗਾ ਕਰ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਵੇਂ ਸਮੂਹ ਸਮੇਂ ਤੇ ਸ਼ਾਮਲ ਹੋ ਸਕਣ।

ਯੋਜਨਾ ਦੇ ਪਹਿਲੇ ਦੌਰ ਵਿੱਚ ਡੈਂਟਲ ਸੇਵਾ ਪ੍ਰਦਾਤਾਵਾਂ ਦੀ ਘੱਟ ਸ਼ਮੂਲੀਅਤ ਦੇ ਬਾਅਦ, ਹੁਣ ਹੇਲਥ ਕੈਨੇਡਾ ਦੇ ਅਨੁਸਾਰ ਕਨੇਡਾ ਭਰ ਵਿੱਚ 22,340 ਔਰਲ ਸਿਹਤ ਸੇਵਾ ਪ੍ਰਦਾਤਾਵਾਂ – ਜੋ ਕਿ 89% ਹਨ – ਇਸ ਯੋਜਨਾ ਤਹਿਤ ਮਰੀਜ਼ਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਹ ਪ੍ਰਗਤੀ ਉਸ ਚੋਣੀ ਲਹਿਰ ਦੇ ਅਨੁਸਾਰ ਹੈ ਜੋ ਹੇਲਥ ਕੈਨੇਡਾ ਵੱਲੋਂ ਡੈਂਟਲ ਸੇਵਾਵਾਂ ਦੀ ਪਹੁੰਚ ਵਧਾਉਣ ਲਈ ਕੀਤੀ ਗਈ ਹੈ।

ਅਗਲੇ ਕੁਝ ਮਹੀਨਿਆਂ ਵਿੱਚ ਹੀ CDCP ਵਿੱਚ ਵਾਧੂ 6 ਮਿਲੀਅਨ ਲੋਕਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਹੈ। ਹਾਲਾਂਕਿ ਹੌਲੈਂਡ ਨੇ ਕਿਹਾ ਕਿ ਇਸ ਨਵੇਂ ਸਮੂਹ ਨੂੰ ਸ਼ਾਮਲ ਕਰਨ ਦੇ ਲਈ ਅਜੇ ਵੀ ਤਾਰੀਖ ਨੂੰ ਪੱਕਾ ਕੀਤਾ ਜਾ ਰਿਹਾ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਕਮਿਤ ਹੈ ਕਿ 2025 ਵਿੱਚ ਜਿੰਨੀ ਜਲਦੀ ਹੋ ਸਕੇ, ਸਾਰੇ ਯੋਗ ਕੈਨੇਡੀਅਨਜ਼ ਤੱਕ ਇਸ ਯੋਜਨਾ ਦਾ ਵਿਸਤਾਰ ਕੀਤਾ ਜਾਵੇ।

ਇਸ ਪ੍ਰੋਗਰਾਮ ਨਾਲ ਉਹ ਕਨੇਡਾ ਭਰ ਵਿੱਚ ਉਹ ਲੋਕ ਕਵਰ ਕੀਤੇ ਜਾਣਗੇ ਜਿਨ੍ਹਾਂ ਨੂੰ ਪਹਿਲਾਂ ਡੈਂਟਲ ਸੇਵਾਵਾਂ ਦੀ ਪਹੁੰਚ ਨਹੀਂ ਮਿਲਦੀ ਸੀ, ਅਤੇ ਇਹ ਯੋਜਨਾ ਕਨੇਡਾ ਦੇ ਔਰਲ ਸਿਹਤ ਸੰਗਠਨਾਂ ਵਿੱਚ ਵੀ ਸੰਵਿਧਾਨਿਕ ਮੁਹੱਈਆ ਕਰਦੀ ਹੈ।

ਸਫ਼ਾ 1 ਦਾ ਬਾਕੀ

ਦੇ ਚੁੱਕੀ ਹੈ। ਕੈਨੇਡੀਅਨ ਬਲੱਡ ਸਰਵਿਸ (ਫੈਡਰਲ ਅਦਾਰਾ) ਵੱਲੋਂ ਕੈਨੇਡੀਅਨ ਸਿੱਖਾਂ ਨੂੰ ਦੇਸ਼ ਭਰ ਵਿੱਚ ਸਭ ਤੋਂ ਵੱਧ ਖ਼ੂਨਦਾਨ ਕਰਕੇ ਕੀਮਤੀ ਜਾਨਾਂ ਬਚਾਉਣ ਲਈ ਕੈਨੇਡਾ ਦੀ ਰਾਜਧਾਨੀ ਔਟਵਾ ਵਿੱਚ ਸਨਮਾਨਿਤ ਕੀਤਾ ਗਿਆ ਹੈ। ਖ਼ੂਨਦਾਨ ਮੁਹਿੰਮ ਜਿਸ ਉਤਸ਼ਾਹ ਨਾਲ 'ਸਿੱਖ ਨਸਲਕੁਸ਼ੀ 1984' ਨੂੰ ਯਾਦ ਕਰਦੀ ਹੋਈ ਸਿੱਖ ਕੌਮ ਦੁਨੀਆਂ ਭਰ ਵਿੱਚ ਖ਼ੂਨਦਾਨ ਕਰ ਰਹੀ ਹੈ, ਜਾਨਾਂ ਬਚਾਉਣ ਦੀ ਇਹ ਗਿਣਤੀ ਜਲਦੀ ਹੀ ਲੱਖਾਂ ਦਾ ਅੰਕੜਾ ਪਾਰ ਕਰ ਗਈ ਹੈ ਜਾਵੇਗੀ ਅਤੇ ਸਿੱਖ ਕੌਮ ਦੁਨੀਆਂ ਭਰ 'ਚ ਮਨੁੱਖੀ ਹੱਕਾਂ ਦੀ ਅਲੰਬਰਦਾਰ ਵਜੋਂ ਜਾਣੀ ਜਾਵੇਗੀ। ਇਹ ਮੁਹਿੰਮ ਹਮੇਸ਼ਾ ਹੀ ਉਨ੍ਹਾਂ ਵਿਆਕਤੀਆਂ, ਸੰਸਥਾਵਾਂ ਜਾਂ ਸਰਕਾਰਾਂ ਨੂੰ ਪ੍ਰਣਾਮ ਕਰਦੀ ਹੈ ਜੋ ਮਨੁੱਖੀ ਜਾਨਾਂ ਅਤੇ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਲਈ ਕੰਮ ਕਰਦੇ ਹਨ। ਇਹ ਖ਼ੂਨਦਾਨ ਮੁਹਿੰਮ ਹਮੇਸ਼ਾਂ ਸਰਬੱਤ ਦਾ ਭਲਾ ਮੰਗਦੀ ਹੈ। ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਇਸ ਮੁਹਿੰਮ ਤਹਿਤ ਨਵੰਬਰ ਵਿੱਚ ਕੈਨੇਡਾ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਜਿਵੇਂ ਕੇ ਵੈਨਕੂਵਰ, ਟਰਾਂਟੋ, ਕੈਲਗਰੀ, ਐਡਮਿੰਟਨ, ਵਿਨੀਪੈਗ, ਸਿਸਕਾਟੂਨ, ਰਿਜ਼ਾਇਨਾਂ ਅਤੇ ਅਮਰੀਕਾ ਵਿੱਚ ਸਿਆਟਲ ਸ਼ਿਕਾਗੋ, ਵਿਸਕਾਸਨ, ਬੇਕਰਸਫੀਲਡ ਤੋਂ ਇਲਾਵਾ ਅਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਖ਼ੂਨਦਾਨ ਮੁਹਿੰਮ ਚਲੇਗੀ। ਦੁਨੀਆਂ ਦੇ 122 ਤੋਂ ਵੱਧ ਮੁਲਕਾਂ ਵਿੱਚ ਵੱਸਦੀ ਸਿੱਖ ਕੌਮ ਦਾ ਇਹ ਅਟੱਲ ਵਿਸ਼ਵਾਸ਼ ਅਤੇ ਭਰੋਸਾ ਹੈ ਕਿ ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ ਅਤੇ ਜ਼ਾਬਰ ਕਿੰਨਾਂ ਵੀ ਤਾਕਤਵਾਰ ਅਤੇ ਮਕਾਰ ਕਿਉਂ ਨਾ ਹੋਵੇ ਉਹ ਸੱਚ ਨੂੰ ਖਤਮ ਨਹੀਂ ਕਰ ਸਕਦਾ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸ਼ਬਲੋਕ ਐਂਡ ਸ਼ਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਸਰੀ, ਬੀ.ਸੀ. ਕੈਨੇਡਾ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ

ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਵਿਸ਼ਾਲ
# ਨਗਰ ਕੀਰਤਨ



## VISHAL NAGAR KIRTAN

9 ਨਵੰਬਰ 2024, ਸ਼ਨੀਵਾਰ

ਸਵੇਰੇ 10:00 ਤੋਂ ਦੁਪਹਿਰ 4:00 ਵਜੇ

**9 November, 2024,**
**10:00 am to 4:00PM**

## ਪ੍ਰਭਾਤ ਫੇਰੀਆਂ

1 ਨਵੰਬਰ 2024 ਤੋਂ 15 ਨਵੰਬਰ

ਰੋਜ਼ਾਨਾ ਸਵੇਰੇ 6:00 ਵਜੇ

## ਰੈਣਿ ਸਬਾਈ ਕੀਰਤਨ ਸਮਾਗਮ 15 ਨਵੰਬਰ

## ਅੰਮ੍ਰਿਤ ਸੰਚਾਰ 10 ਨਵੰਬਰ




**at Gurudwara Dukh Nivaran Sahib 15255-68 Ave, Surrey B.C.**

**For more Information, Contact : 604-594-5100 | dukhnivaran.ca**

**Giani Narinder Singh : 604-780-2573**

# ਬੀ.ਸੀ. ਐਨ.ਡੀ.ਪੀ. ਲਈ ਤੀਜੀ ਵਾਰ ਸਰਕਾਰ ਬਣਾਉਣ ਦਾ ਰਾਹ ਹੋਇਆ ਪੱਧਰਾ

## ਚੋਣਾਂ ਜਿੱਤਣ ਵਾਲ਼ੇ ਪੰਜਾਬੀਆਂ ਦੀ ਗਿਣਤੀ ਹੁਣ 14 ਤੋਂ ਘਟ ਕੇ 13 ਹੋਈ

ਸਰੀ, (ਹਰਦਮ ਮਾਨ)- ਬੀਸੀ ਅਸੈਂਬਲੀ ਚੋਣਾਂ ਦੇ ਫਾਈਨਲ ਨਤੀਜਿਆਂ ਅਨੁਸਾਰ ਬੀਸੀ ਐਨਡੀਪੀ ਨੂੰ ਸਰਕਾਰ ਬਣਾਉਣ ਲਈ ਲੋੜੀਂਦੀਆਂ 47 ਸੀਟਾਂ ਪ੍ਰਾਪਤ ਹੋ ਗਈਆਂ ਹਨ ਅਤੇ ਬੀਸੀ ਐਨਡੀਪੀ ਲਈ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਦਾ ਰਾਹ ਸਾਫ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਬੀਸੀ ਅਸੈਂਬਲੀ ਲਈ 19 ਅਕਤੂਬਰ ਨੂੰ ਵੋਟਾਂ ਪਈਆਂ ਸਨ ਅਤੇ ਉਸ ਦਿਨ ਹੋਈ ਵੋਟਾਂ ਦੀ ਗਿਣਤੀ ਅਨੁਸਾਰ ਜੋ ਮੁੱਢਲੇ ਨਤੀਜੇ ਆਏ ਸਨ ਉਨ੍ਹਾਂ ਵਿਚ ਬੀਸੀ ਐਨਡੀਪੀ ਨੂੰ 46 ਸੀਟਾਂ, ਬੀਸੀ ਕੰਜ਼ਰਵੇਟਿਵ ਨੂੰ 45 ਸੀਟਾਂ ਅਤੇ ਗਰੀਨ ਪਾਰਟੀ ਨੂੰ 2 ਸੀਟਾਂ ਉੱਪਰ ਜਿੱਤ ਹਾਸਲ ਹੋਈ ਸੀ ਪਰ ਕਿਸੇ ਵੀ ਪਾਰਟੀ ਨੂੰ ਬਹੁਮਤ ਹਾਸਲ ਨਹੀਂ ਸੀ ਹੋਇਆ ਪਰ ਅਜੇ ਗ਼ੈਰ-ਹਾਜਰ ਅਤੇ ਡਾਕ ਰਾਹੀਂ ਆਈਆਂ 66074 ਵੋਟਾਂ ਦੀ ਗਿਣਤੀ ਹੋਣੀ ਬਾਕੀ ਸੀ ਅਤੇ ਇਨ੍ਹਾਂ ਵੋਟਾਂ ਦੀ ਗਿਣਤੀ ਲਈ 26 ਤੋਂ 28 ਅਕਤੂਬਰ ਤੱਕ ਤਿੰਨ ਦਿਨ ਨਿਸ਼ਚਿਤ ਕੀਤੇ ਗਏ ਸਨ।

ਗ਼ੈਰ-ਹਾਜਰ ਅਤੇ ਡਾਕ ਰਾਹੀਂ ਆਈਆਂ ਵੋਟਾਂ ਦੀ ਗਿਣਤੀ ਪ੍ਰਕਿਰਿਆ 26 ਅਕਤੂਬਰ ਨੂੰ ਸ਼ੁਰੂ ਹੋਈ ਤਾਂ ਲੋਕਾਂ ਦੀ ਦਿਲਚਸਪੀ ਫੇਰ ਜਾਗੀ ਕਿ ਦੇਖੋ ਪਹਿਲਾਂ ਵਾਲੇ ਨਤੀਜਿਆਂ ਵਿਚ ਕੋਈ ਤਬਦੀਲੀ ਆਉਂਦੀ ਹੈ ਕਿ ਨਹੀਂ? ਅੱਜ ਫਾਈਨਲ ਗਿਣਤੀ ਦੇ ਤੀਜੇ ਦਿਨ ਸਰੀ ਗਿਲਫਰਡ ਦੀ ਸੀਟ ਨੇ ਪਾਸਾ ਪਲਟ ਦਿੱਤਾ। ਇੱਥੇ ਮੁੱਢਲੇ ਚੋਣ ਨਤੀਜੇ ਅਨੁਸਾਰ ਬੀਸੀ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਹੋਣਵੀਰ ਰੰਧਾਵਾ 103 ਵੋਟਾਂ ਨਾਲ ਅੱਗੇ ਸਨ ਪਰ ਗ਼ੈਰ-ਹਾਜਰ ਅਤੇ ਡਾਕ ਰਾਹੀਂ




ਆਈਆਂ ਵੋਟਾਂ ਦੀ ਗਿਣਤੀ ਮੁਕੰਮਲ ਹੋਣ 'ਤੇ ਇਸ ਸੀਟ ਦਾ ਨਤੀਜਾ ਉਲਟ ਗਿਆ ਹੈ ਅਤੇ ਹੁਣ ਇਸ ਸੀਟ ਤੋਂ ਬੀਸੀ ਐਨਡੀਪੀ ਦੇ ਉਮੀਦਵਾਰ ਗੈਰੀ ਬੈੱਗ 18 ਵੋਟਾਂ ਦੇ ਫਰਕ ਨਾਲ ਚੋਣ ਜਿੱਤ ਗਏ ਹਨ। ਇਸ ਨਤੀਜੇ ਦੇ ਉਲਟ ਫੇਰ ਸਦਕਾ ਬੀਸੀਐਨਡੀਪੀ ਹੁਣ 47 ਸੀਟਾਂ ਉੱਪਰ ਜੇਤੂ ਹੋ ਗਈ ਹੈ ਅਤੇ ਬੀਸੀ ਕੰਸਰਵੇਟਿਵ ਕੋਲ 44 ਸੀਟਾਂ ਰਹਿ ਗਈਆਂ ਹਨ ਜਦੋਂ ਕਿ 2 ਸੀਟਾਂ ਗ੍ਰੀਨ ਪਾਰਟੀ ਦੇ ਹਿੱਸੇ ਆਈਆਂ ਹਨ। ਹੁਣ ਬੀਸੀ ਅਸੈਂਬਲੀ ਚੋਣਾਂ ਜਿੱਤਣ ਵਾਲ਼ੇ ਪੰਜਾਬੀਆਂ ਦੀ ਗਿਣਤੀ ਵੀ 14 ਤੋਂ ਘਟ ਕੇ 13 ਹੋ ਗਈ ਹੈ।


ਜਿੱਥੇ ਸਿਆਸੀ ਮਾਹਿਰਾਂ ਵੱਲੋਂ ਪਹਿਲਾਂ ਇਹ ਕਿਆਸ ਅਰਾਈਆਂ ਲਾਈਆਂ ਜਾ ਰਹੀਆਂ ਸਨ ਕਿ ਜੇਕਰ 19 ਅਕਤੂਬਰ ਨੂੰ ਆਏ ਨਤੀਜੇ ਫਾਈਨਲ ਗਿਣਤੀ ਹੋਣ ਤੱਕ ਉਵੇਂ ਹੀ ਬਰਕਰਾਰ ਰਹਿੰਦੇ ਹਨ ਤਾਂ ਬੀਸੀ ਐਨਡੀਪੀ ਨੂੰ ਸਰਕਾਰ ਬਣਾਉਣ ਲਈ ਗਰੀਨ ਪਾਰਟੀ ਦਾ ਸਹਿਯੋਗ ਲੈਣਾ ਜ਼ਰੂਰੀ ਹੋ ਜਾਵੇਗਾ ਉੱਥੇ ਅੱਜ ਸਰੀ ਗਿਲਫਰਡ ਦੀ ਸੀਟ ਨੇ ਬੀਸੀ ਐਨਡੀਪੀ ਲਈ ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ ਅਤੇ ਉਸ ਨੂੰ ਹੁਣ ਕਿਸੇ ਹੋਰ ਪਾਰਟੀ ਦੇ ਸਹਾਰੇ ਦੀ ਲੋੜ ਨਹੀਂ ਹੈ। ਇਸੇ ਦੌਰਾਨ ਪਤਾ ਲੱਗਿਆ ਹੈ ਕਿ ਸਾਬਕਾ ਪ੍ਰੀਮੀਅਰ ਅਤੇ ਬੀਸੀ ਐਨਡੀਪੀ ਆਗੂ ਡੇਵਿਡ ਈਬੀ ਅੱਜ ਵਿਕੌਰੀਆ ਵਿਖੇ ਬੀਸੀ ਦੇ ਗਵਰਨਰ ਜਨਰਲ ਨੂੰ ਮਿਲੇ ਅਤੇ ਉਨ੍ਹਾਂ ਅਨੁਸਾਰ ਗਵਰਨਰ ਜਨਰਲ ਨੇ ਉਨ੍ਹਾਂ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ। ਇਹ ਵੀ ਸੂਚਨਾ ਹੈ ਕਿ ਅੱਜ 29 ਅਕਤੂਬਰ ਨੂੰ ਸਵੇਰੇ 11 ਵਜੇ ਡੇਵਿਡ ਈਬੀ ਮੀਡੀਆ ਦੇ ਰੂਬਰੂ ਹੋਣਗੇ।

HOMELAND MORTGAGE CORP.
ਜੇ ਮੌਰਟਗੇਜ਼ ਲੈਨ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ਼ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਮਹੀਨਾਵਾਰ ਕਵੀ ਦਰਬਾਰ





ਸਰੀ, (ਹਰਦਮ ਮਾਨ): ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਬੀਤੇ ਐਤਵਾਰ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ। ਕਵੀ ਦਰਬਾਰ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਕੀਤੀ।

ਕਵੀ ਦਰਬਾਰ ਵਿਚ ਅਵਤਾਰ ਸਿੰਘ ਬਰਾੜ, ਦਰਸ਼ਨ ਸਿੰਘ ਅਟਵਾਲ, ਗੁਰਚਰਨ ਸਿੰਘ ਬਰਾੜ, ਮਨਜੀਤ ਸਿੰਘ ਮੱਲ੍ਹਾ, ਮਲੂਕ ਚੰਦ ਕਲੇਰ, ਗੁਰਦਿਆਲ ਸਿੰਘ ਜੌਹਲ, ਗੁਰਮੀਤ ਸਿੰਘ ਸੇਖੋਂ, ਸੁਰਜੀਤ ਸਿੰਘ ਗਿੱਲ, ਬੇਅੰਤ ਸਿੰਘ ਢਿੱਲੋਂ, ਹਰਚੰਦ ਸਿੰਘ ਗਿੱਲ, ਸਵਰਨ ਸਿੰਘ ਚਾਹਲ, ਕਰਨਲ ਮਹਿੰਦਰ ਸਿੰਘ ਦਰਦੀ, ਹਰਬੰਸ ਸਿੰਘ ਅਖਾੜਾ, ਠਾਣਾ ਸਿੰਘ ਖੋਸਾ, ਗੁਰਮੇਲ ਸਿੰਘ ਧਾਲੀਵਾਲ, ਗੁਰਦਰਸ਼ਨ ਸਿੰਘ ਬਾਦਲ, ਰਾਜਵੀਰ ਤੂਰ ਆਦਿ ਕਵੀਆਂ ਨੇ ਆਪਣੀਆ ਕਾਵਿ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆਂ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਗੁਰਚਰਨ ਸਿੰਘ ਬਰਾੜ ਨੇ ਕੀਤੀ।

# ਬਰੈਂਪਟਨ ਵਿੱਚ ਦੀਵਾਲੀ 'ਤੇ ਪਟਾਕਿਆਂ 'ਤੇ ਸਖ਼ਤ ਪਾਬੰਦੀ, ਨਿਯਮ ਤੋੜਨ 'ਤੇ ਹੋਣਗੇ ਵੱਡੇ ਜੁਰਮਾਨੇ



ਟਰਾਂਟੋ, (ਏਕਜੋਤ ਸਿੰਘ): ਬ੍ਰੈਂਪਟਨ ਸ਼ਹਿਰ ਵਿੱਚ ਇਸ ਦੀਵਾਲੀ ਲਈ ਪਟਾਕਿਆਂ ਦੀ ਵਰਤੋਂ 'ਤੇ ਸਖ਼ਤ ਪਾਬੰਦੀ ਲਾਗੂ ਕੀਤੀ ਗਈ ਹੈ। ਸਿਟੀ ਅਧਿਕਾਰੀਆਂ ਨੇ ਵਸਨੀਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਨਿਯਮਾਂ ਦੀ ਉਲੰਘਣਾ ਕਰਨ ਤੇ ਭਾਰੀ ਜੁਰਮਾਨੇ ਲੱਗ ਸਕਦੇ ਹਨ। ਕੈਨੇਡਾ ਵਿੱਚ 31 ਅਕਤੂਬਰ ਨੂੰ ਇੱਕੋ ਦਿਨ ਹੈਲੋਵੀਨ ਅਤੇ ਦੀਵਾਲੀ ਦੇ ਮੌਕੇ ਤੇ ਲੋਕ ਤਿਉਹਾਰ ਮਨਾਉਣਗੇ, ਪਰ ਬ੍ਰੈਂਪਟਨ ਵਿੱਚ ਪਟਾਕਿਆਂ ਦੀ ਵਿਸਫੋਟਕ ਵਰਤੋਂ ਨੂੰ ਰੋਕਣ ਲਈ ਸਿਟੀ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਇਸ ਸਖ਼ਤੀ ਦਾ ਮਕਸਦ ਹਵਾ ਅਤੇ ਆਵਾਜ਼ ਪ੍ਰਦੂਸ਼ਣ ਨੂੰ ਰੋਕਣਾ ਹੈ। ਸਿਟੀ ਵੱਲੋਂ ਆਤਿਸ਼ਬਾਜ਼ੀਆਂ, ਬੰਬ ਅਤੇ ਹੋਰ ਕਿਸਮ ਦੇ ਪਟਾਕਿਆਂ ਦੀ ਪ੍ਰਦਰਸ਼ਨੀ, ਵਿਕਰੀ ਅਤੇ ਖਰੀਦ ਉੱਤੇ ਪਾਬੰਦੀ ਹੈ। ਕੇਵਲ ਫੁਲਝੜੀਆਂ ਦੀ ਵਰਤੋਂ ਦੀ ਆਗਿਆ ਦਿੱਤੀ ਗਈ ਹੈ। ਇਸ ਦੇ ਨਾਲ, ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਉੱਤੇ $1,000 ਤੱਕ ਦਾ ਜੁਰਮਾਨਾ ਲੱਗ ਸਕਦਾ ਹੈ, ਅਤੇ ਬਿਨਾਂ ਇਜਾਜ਼ਤ ਨਿੱਜੀ ਜਾਇਦਾਦ 'ਤੇ ਪਟਾਕੇ ਚਲਾਉਣ ਲਈ $500 ਦਾ ਜੁਰਮਾਨਾ ਹੋਵੇਗਾ।

ਸਖ਼ਤੀ ਅਤੇ ਜੁਰਮਾਨੇ ਦੀ ਰਾਸ਼ੀ

ਸਿਟੀ ਨੇ ਐਲਾਨ ਕੀਤਾ ਹੈ ਕਿ ਜੇਕਰ ਕਿਸੇ ਵਿਅਕਤੀ ਨੇ ਨਿਯਮ ਤੋੜੇ ਤਾਂ ਉਸ ਨੂੰ ਅਦਾਲਤ 'ਚ ਪੇਸ਼ ਹੋਣਾ ਪਵੇਗਾ, ਜਿੱਥੇ ਜੁਰਮਾਨਾ ਘੱਟੋ-ਘੱਟ $500 ਤੋਂ ਵੱਧ ਤੋਂ ਵੱਧ $100,000 ਤੱਕ ਹੋ ਸਕਦਾ ਹੈ। ਇਹ ਸਖ਼ਤੀ ਪਿਛਲੇ ਕੁਝ ਸਾਲਾਂ ਵਿੱਚ ਬ੍ਰੈਂਪਟਨ ਵਿੱਚ ਹੋ ਰਹੀ ਉਲੰਘਣਾ ਦੀਆਂ ਵਧ ਰਹੀਆਂ ਘਟਨਾਵਾਂ ਦੇ ਨਤੀਜੇ ਵਜੋਂ ਕੀਤੀ ਗਈ ਹੈ। 2022 ਵਿੱਚ ਨਿਯਮਾਂ ਦੀਆਂ ਉਲੰਘਣਾਵਾਂ ਦੀਆਂ 1,491 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਦਕਿ 2018 ਵਿੱਚ ਇਹ ਗਿਣਤੀ ਕੇਵਲ 492 ਸੀ। ਇਸ ਨਾਲ ਸਿਟੀ ਦੇ ਅਧਿਕਾਰੀਆਂ ਨੂੰ ਇਹ ਸਖ਼ਤ ਕਦਮ ਚੁੱਕਣ ਦੀ ਲੋੜ ਮਹਿਸੂਸ ਹੋਈ।

ਮੂਲ ਕਾਰਣ ਅਤੇ ਭਵਿੱਖ ਲਈ ਸੋਚ

ਕੌਂਸਲਰ ਡੈਨਿਸ ਕੀਨਨ ਅਤੇ ਗੁਰਪ੍ਰੀਤ ਸਿੰਘ ਤੂਰ ਨੇ ਵੀਰਵਾ ਚੁਣੀ ਸਰਕਾਰ 'ਚ ਨਵੀਂ ਨੀਤੀ ਨੂੰ ਸਿਰਜਿਆ ਸੀ। ਉਹਨਾਂ ਦੇ ਮਤਾਬਕ, ਇਹ ਸਖ਼ਤੀ ਬ੍ਰੈਂਪਟਨ ਵਿੱਚ ਵਧ ਰਹੀ ਪਟਾਕਿਆਂ ਦੀ ਉਲੰਘਣਾ ਕਾਰਨ ਹੈ। ਇਸ ਤੋਂ ਇਲਾਵਾ, ਮਿਸੀਸਾਗਾ ਅਤੇ ਸਰੀ ਵਿੱਚ ਵੀ ਸਖ਼ਤ ਕਾਨੂੰਨ ਲਾਗੂ ਕੀਤੇ ਗਏ ਹਨ।

ਬ੍ਰੈਂਪਟਨ ਅਤੇ ਹੋਰ ਸਹਿਰੀ ਇਲਾਕਿਆਂ ਵਿੱਚ ਇਹ ਨੀਤੀਆਂ ਲੋਕਾਂ ਦੀ ਸੁਰੱਖਿਆ ਅਤੇ ਸਵੱਛ ਵਾਤਾਵਰਨ ਲਈ ਬਹੁਤ ਮਹੱਤਵਪੂਰਨ ਸਮਝੀ ਜਾ ਰਹੀਆਂ ਹਨ।

# ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਦੇ 112ਵੇਂ ਸਥਾਪਨਾ ਦਿਹਾੜੇ 'ਤੇ ਵਿਸ਼ੇਸ਼ ਸਮਾਗਮ

## ਇਤਿਹਾਸਿਕ ਕਿਤਾਬਾਂ 'ਗੁਰੂ ਨਾਨਕ ਜਹਾਜ਼' ਅਤੇ 'ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ' ਸਿੱਖ ਸੰਗਤਾਂ ਵੱਲੋਂ ਰਿਲੀਜ਼





ਸਟਾਕਟਨ, ਕੈਲੀਫੋਰਨੀਆ : ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ 1912 ਵਿਚ, ਪੈਸੇਫਿਕ ਕੋਸਟ "ਖ਼ਾਲਸਾ ਦੀਵਾਨ ਸੁਸਾਇਟੀ" ਸਟਾਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ। ਸਿੱਖੀ ਵਿਰਸੇ, ਗੁਰਬਾਣੀ ਦੀ ਪ੍ਰੇਰਨਾ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ ਗਦਰੀ ਬਾਬਿਆਂ ਨੂੰ ਆਰੰਭ ਵਿਚ ਇੱਥੋਂ ਹੀ ਮਿਲੀ, ਜਿਸ ਨੇ ਅੱਗੇ ਜਾ ਕੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਇਉਂ ਗ਼ਦਰ ਪਾਰਟੀ, ਗ਼ਦਰ ਲਹਿਰ ਅਤੇ ਗ਼ਦਰ ਅਖ਼ਬਾਰ ਦੀ ਪ੍ਰੇਰਨਾ-ਸਰੋਤ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਹੋ ਨਿਬੜਦੀ ਹੈ। ਇਸ ਸਬੰਧ ਵਿੱਚ 27 ਅਕਤੂਬਰ ਦਿਨ ਐਤਵਾਰ ਨੂੰ 'ਗ਼ਦਰੀ ਬਾਬਿਆਂ ਦੀ ਯਾਦ', ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਹਾੜੇ ਅਤੇ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਦੇ 112ਵੇਂ ਸਥਾਪਨਾ ਦਿਹਾੜੇ ਤੇ ਸਮਾਗਮ ਕਰਵਾਏ ਗਏ ਜਿਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ। ਸਮਾਗਮਾਂ ਦੌਰਾਨ ਕੈਨੇਡਾ ਅਤੇ ਅਮਰੀਕਾ ਦੇ ਸਿੱਖ ਇਤਿਹਾਸ ਅਤੇ ਗਦਰ ਲਹਿਰ ਨੂੰ ਬਿਆਨ ਕਰਦੀਆਂ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨਾਂ ਵਿੱਚ ਬਾਬਾ ਗੁਰਦਿੱਤ ਸਿੰਘ ਦੀ ਲਿਖਤ 'ਗੁਰੂ ਨਾਨਕ ਜਹਾਜ਼' (ਸੰਪਾਦਕ ਡਾ. ਗੁਰਦੇਵ ਸਿੰਘ ਸਿੱਧੂ ਅਤੇ ਡਾ. ਗੁਰਵਿੰਦਰ ਸਿੰਘ) ਤੇ

• ਬਾਕੀ ਸਫ਼ਾ 30 'ਤੇ


**Guru Nanak's Free Kitchen**

LOVE ALL, FEED ALL

**ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ**

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

**778-895-1453, 604-771-7170**

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SANJHA PUNJAB

**ਸਾਂਝਾ ਪੰਜਾਬ ਸਵੀਟਸ**

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA

**604-930-9099**

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550

• Gurlal Singh
Journalist,

• Hardam Singh Maan
Surrey
604-308-6663

• Virpal Singh Bhagta
News Reporter | Punjab
+91 96532 00226

• Ekjot Singh
News Reporter

Printed & Published in Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾ਼ਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾ਼ਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾ਼ਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਵੱਲੋਂ ਨਿਯਮਾਂ ਵਿੱਚ ਬਦਲਾਅ ਨਾਲ ਸਟੂਡੈਂਟ, ਆਈਲੈਟਸ ਸੈਂਟਰ ਤੇ ਟੈਕਸੀ ਕਾਰੋਬਾਰ ਪ੍ਰਭਾਵਤ

**ਵਲੋਂ : ਅਜੀਤ ਖੰਨਾ ਲੈਕਚਰਾਰ**



ਕੈਨੇਡਾ ਵੱਲੋਂ ਸਟਡੀ ਵੀਜ਼ੇ ਉੱਤੇ ਆਉਣ ਵਾਲੇ ਸਟੂਡੈਂਟ ਨੂੰ ਲੈ ਕੀ ਨਿਯਮਾਂ ਵਿੱਚ ਤਬਦੀਲੀ ਦਾ ਅਸਰ ਪੰਜਾਬ ਦੇ ਆਈਲੈਟਸ ਸੈਂਟਰਾਂ ਉੱਤੇ ਸਿੱਧੇ ਰੂਪ ਵਿੱਚ ਵਿਖਾਈ ਦੇਣ ਲੱਗਾ ਹੈ। ਸਮੁੱਚੇ ਪੰਜਾਬ ਵਿੱਚ 6000 ਤੋਂ ਵਧੇਰੇ ਆਈਲੈਟਸ ਸੈਂਟਰ ਖੁੱਲ੍ਹੇ ਹੋਏ ਸਨ। ਜਿੱਥੋਂ ਆਈਲੈਟਸ ਦੀ ਕੋਚਿੰਗ ਲੈ ਕੇ ਵਿਦਿਆਰਥੀ ਸਟਡੀ ਵੀਜ਼ੇ ਉੱਤੇ ਵਿਦੇਸ਼ ਜਾਂਦੇ ਸਨ। ਤਾਂ ਜੋ ਉੱਥੇ ਪੜ੍ਹਾਈ ਪੂਰੀ ਕਰਨ ਉਪਰੰਤ ਵਰਕ ਪਰਮਿਟ ਹਾਸਲ ਕਰਕੇ ਪੀਅਰ ਲੈ ਕਿ ਆਪਣੇ ਆਪ ਨੂੰ ਸੈੱਟ ਕਰ ਸਕਣ। ਜੋ ਮੁੰਡੇ ਆਈਲੈਟਸ ਕਲੀਅਰ ਨਾ ਕਰ ਸਕਦੇ। ਉਹ ਕਿਸੇ ਆਈਲੈਟਸ ਪਾਸ ਕੁੜੀ ਦੀ ਫੀਸ ਭਰ ਉਸ ਨਾਲ ਵਿਆਹ ਕਰਵਾ ਕੇ ਕੈਨੇਡਾ ਦੀ ਫਾਈਲ ਲਾ ਦਿੰਦੇ। ਸਟਡੀ ਵੀਜ਼ੇ ਉੱਤੇ ਗਏ ਵਿਦਿਆਰਥੀਆਂ ਦੇ ਮਾਪੇ ਵੀ ਟੂਰਿਸਟ ਵੀਜ਼ਾ ਲੈ ਕੈਨੇਡਾ ਚਲੇ ਜਾਂਦੇ। ਬਹੁਤ ਸਾਰੇ ਬੱਚਿਆਂ ਦੇ ਮਾਪੇ ਤਾਂ ਉੱਥੇ ਥੋੜ੍ਹਾ ਬਹੁਤਾ ਕੰਮਕਾਰ ਕਰਕੇ ਦੋ ਚਾਰ ਪੈਸੇ ਵੀ ਕਮਾ ਲਿਆਉਂਦੇ। ਬੇਸ਼ਕ ਉਹ ਟੂਰਿਸਟ ਵੀਜ਼ੇ 'ਤੇ ਛੇ ਮਹੀਨੇ ਹੀ ਉੱਥੇ ਰਹਿ ਸਕਦੇ ਸਨ ਪਰ ਹੌਲੀ ਹੌਲੀ ਸਮਾਂ ਪਾ ਕੇ ਆਪਣੇ ਬੱਚਿਆਂ ਦੇ ਪੱਕੇ ਹੋਣ ਪਿੱਛੋਂ ਉਹ ਵੀ ਉੱਥੇ ਪੱਕੇ ਹੋ ਜਾਂਦੇ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਤੋਂ ਵੱਡੀ ਤਾਦਾਦ ਵਿੱਚ ਨੌਜਵਾਨ ਮੁੰਡੇ ਕੁੜੀਆਂ ਕੈਨੇਡਾ ਸਟਡੀ ਵੀਜ਼ਾ ਲੈ ਕੇ ਗਏ ਹਨ ਤੇ ਪੱਕੇ ਹੋਏ ਹਨ।

ਜ਼ਿਕਰੇਖਾਸ ਹੈ ਕਿ ਪਿਛਲੇ ਸਾਲਾਂ ਵਿੱਚ ਉੱਥੋਂ ਦੀ ਟਰੂਡੋ ਸਰਕਾਰ ਨੇ ਖੁੱਲ੍ਹ ਕੇ ਅੰਤਰਰਾਸ਼ਟਰੀ ਸਟੂਡੈਂਟ ਨੂੰ ਵੀਜ਼ਾ ਤੇ ਪੀਅਰ ਦਿੱਤੀ। ਇਸ ਤੋਂ ਇਲਾਵਾ ਰੂਸ ਅਤੇ ਯੂਕ੍ਰੇਨ ਵਿੱਚ ਜੰਗ ਛਿੜਨ 'ਤੇ ਕੈਨੇਡਾ ਦੀ ਟਰੂਡੋ ਸਰਕਾਰ ਨੇ ਖੁੱਲ੍ਹ ਕੇ ਉੱਥੋਂ ਦੇ ਲੋਕਾਂ ਨੂੰ ਆਪਣੇ ਦੇਸ਼ ਸੱਦ ਕੇ ਪੀ ਆਰ ਦਿੱਤੀ। ਉਹਨਾਂ ਦੀ ਆਰਥਿਕ ਮਦਦ ਵੀ ਕੀਤੀ, ਜਿਸ ਨਾਲ ਕੈਨੇਡਾ ਦੇ ਪੱਕੇ ਵਸਨੀਕਾਂ ਵਿੱਚ ਰੋਸ ਪੈਦਾ ਹੋਣ ਲੱਗਾ ਕਿਉਂਕਿ ਅੰਤਰਰਾਸ਼ਟਰੀ ਸਟੂਡੈਂਟ ਆਉਣ ਦੇ ਨਤੀਜੇ ਵਜੋਂ ਰਹਿਣ ਅਤੇ ਕੰਮਕਾਰ ਵਿੱਚ ਮੁਸ਼ਕਿਲ ਆਉਣ ਲੱਗੀ। ਬਾਹਰਲੇ ਦੇਸ਼ਾਂ ਤੋਂ ਆਏ ਲੋਕ ਘੱਟ ਪੈਸਿਆਂ ਵਿੱਚ ਕੰਮ ਕਰਨ ਵਾਸਤੇ ਰਾਜ਼ੀ ਹੋ ਜਾਂਦੇ, ਜਿਸ ਨਾਲ ਉੱਥੋਂ ਦੇ ਪੱਕੇ ਵਸਨੀਕਾਂ ਨੂੰ ਵੱਡੀ ਸਮੱਸਿਆ ਆਉਣ ਲੱਗੀ। ਇਸਦੇ ਸਿੱਟੇ ਵਜੋਂ ਉੱਥੋਂ ਦੀ ਟਰੂਡੋ ਸਰਕਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਦੇ ਦਬਾਅ ਥੱਲੇ ਅੰਤਰਰਾਸ਼ਟਰੀ ਨਿਯਮਾਂ ਵਿੱਚ ਬਦਲਾਅ ਕਰਨ ਲਈ ਮਜਬੂਰ ਹੋਣਾ ਪਿਆ ਕਿਉਂਕਿ 2025 ਵਿੱਚ ਕੈਨੇਡਾ ਵਿੱਚ ਚੋਣਾਂ ਆ ਰਹੀਆਂ ਹਨ, ਜਿਸ ਨੂੰ ਲੈ ਕਿ ਜਿੱਥੇ ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਟਰੂਡੋ ਉੱਤੇ ਹਮਲਾਵਰ ਦਿਸ ਰਹੀਆਂ ਹਨ, ਉੱਥੇ ਟਰੂਡੋ ਇੱਕ ਵਾਰ ਮੁੜ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖ ਰਹੇ ਹਨ। ਸਭ ਤੋਂ ਮੁੱਖ ਤਬਦੀਲੀ ਇਹ ਕੀਤੀ ਗਈ ਹੈ ਕੀ ਹੁਣ ਕਿਸੇ ਵੀ ਉਸ ਵਿਦਿਆਰਥੀ ਨੂੰ ਪੀ ਆਰ ਨਹੀਂ ਮਿਲੇਗੀ ਜੋ ਬਾਰ੍ਹਵੀਂ ਕਰਕੇ ਸਟਡੀ ਵੀਜ਼ੇ 'ਤੇ ਕੈਨੇਡਾ ਪਹੁੰਚਦਾ ਹੈ। ਇਹ ਨਿਯਮ ਇਸ ਸਾਲ ਦੇ ਨਵੰਬਰ 2024 ਤੋਂ ਲਾਗੂ ਹੋਣੇ ਹਨ। ਹੁਣ ਕੇਵਲ ਗਰੈਜੂਏਸ਼ਨ ਕਰਕੇ ਜਾਣ ਵਾਲੇ ਵਿਦਿਆਰਥੀ ਨੂੰ ਹੀ ਤੇ ਉਹ ਵੀ ਚੋਣਵੇਂ ਕੋਰਸਾਂ ਵਿੱਚ ਹੀ ਪੀ ਆਰ ਮਿਲ ਸਕੇਗੀ। ਦੱਸਣਯੋਗ ਹੈ ਕਿ ਪਹਿਲਾਂ ਕੈਨੇਡਾ ਸਟਡੀ ਵੀਜ਼ੇ 'ਤੇ ਜਾਣ ਵਾਲੇ ਲਗਭਗ 90 ਫੀਸਦੀ ਵਿਦਿਆਰਥੀ ਬਾਰ੍ਹਵੀਂ ਪਾਸ ਕਰਨ ਉਪਰੰਤ ਹੀ ਆਈਲੈਟਸ ਕਰਕੇ ਸਟਡੀ ਵੀਜ਼ਾ ਅਪਲਾਈ ਕਰ ਦਿੰਦੇ ਸਨ ਪਰ ਹੁਣ ਨਿਯਮਾਂ ਵਿੱਚ ਤਬਦੀਲੀ ਦੀ ਵਜਾਹ ਕਰਕੇ ਗਰੈਜੂਏਸ਼ਨ ਕਰਕੇ ਹੀ ਵਿਦਿਆਰਥੀ ਆਈਲੈਟਸ ਕਰਨਗੇ। ਬਾਰ੍ਹਵੀਂ ਪਾਸ ਵਿਦਿਆਰਥੀਆਂ ਨੂੰ ਫਿਲਹਾਲ ਆਈਲੈਟਸ ਕਰਨ ਦਾ ਕੋਈ ਲਾਭ ਨਹੀਂ ਹੈ ਕਿਉਂਕਿ ਆਈਲੈਟਸ ਦੋ ਸਾਲ ਵਾਸਤੇ ਹੀ ਵੈਲਡ ਹੁੰਦੀ ਹੈ। ਇਸ ਕਰਕੇ ਲਗਭਗ 3 ਵਰ੍ਹਿਆਂ ਤਕ ਆਈਲੈਟਸ ਸੈਂਟਰਾਂ ਵਿੱਚ ਸਟੂਡੈਂਟਾਂ ਦੇ ਕੋਚਿੰਗ ਲੈਣ ਆਉਣ ਦੀ ਸੰਭਾਵਨਾ ਨਾ ਦੇ ਬਰਾਬਰ ਲਗਦੀ ਹੈ।

ਦੂਜੀ ਗੱਲ, ਕੈਨੇਡਾ ਵੱਲੋਂ ਨਿਯਮ ਬਦਲੇ ਜਾਣ ਦਾ ਸਭ ਤੋਂ ਜ਼ਿਆਦਾ ਫਾਇਦਾ ਸਥਾਨਕ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਹੋਇਆ ਹੈ। ਇਸ ਘੜੀ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਗਿਣਤੀ ਵਜੋਂ ਸਟੂਡੈਂਟਾਂ ਨਾਲ ਫੁੱਲ ਹਨ ਜਦੋਂ ਕਿ ਪਹਿਲਾਂ ਉਹਨਾਂ ਨੂੰ ਵਿਦਿਆਰਥੀਆਂ ਨੂੰ ਦਾਖਲ ਕਰਨ ਵਾਸਤੇ ਸਕੂਲਾਂ ਵਿੱਚ ਜਾ ਕੇ ਪ੍ਰਬੰਧਕਾਂ ਦੇ ਐਡਮਿਸ਼ਨ ਵਾਸਤੇ ਮਿੰਨਤਾਂ ਤਰਲੇ ਕਰਨੇ ਪੈਂਦੇ ਸਨ। ਸਕੂਲ ਪਰਬੰਧਕਾਂ ਨੂੰ ਕਈ ਤਰ੍ਹਾਂ ਦੇ ਗਿਫਟ ਅਤੇ ਇੱਥੋਂ ਤਕ ਕਿ ਕੁਝ ਪੈਸੇ ਵੀ ਅਦਾ ਕਰਨੇ ਪੈਂਦੇ ਸਨ। ਅੱਜ ਕੱਲ੍ਹ ਕਾਲਜ ਤੇ ਯੂਨੀਵਰਸਿਟੀ ਮਾਲਕਾਂ ਦੇ ਚਿਹਰੇ ਖਿੜੇ ਨਜ਼ਰ ਆ ਰਹੇ ਹਨ। ਕਿਉਂਕਿ ਪਹਿਲਾਂ ਜਿਆਦਤਰ ਸਟੂਡੈਂਟ ਦਾ ਰੁਝਾਨ ਵਿਦੇਸ਼ਾਂ ਵੱਲ ਵਧਣ ਕਰਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਐਡਮਿਸ਼ਨ ਦੀਆਂ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਸਨ, ਜਿਸ ਕਰਕੇ ਕਰੋੜਾਂ ਦੇ ਕਰਜ਼ੇ ਨਾਲ ਉਸਾਰੀਆਂ ਇਮਾਰਤਾਂ ਦੀਆਂ ਕਿਸ਼ਤਾਂ ਭਰਨੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਤੇ ਦੂਸਰੇ ਪ੍ਰਬੰਧਕੀ ਆਦਿ ਖਰਚੇ ਕਰਨੇ ਵੀ ਮੁਸ਼ਕਿਲ ਸਨ।

ਇਸ ਸਮੇਂ ਪੰਜਾਬ ਵਿੱਚ ਚਲਦੇ 80 ਫੀਸਦੀ ਆਈਲੈਟਸ ਸੈਂਟਰ ਬੰਦ ਹੋ ਚੁੱਕੇ ਹਨ ਜਾਂ ਬੰਦ ਹੋਣ ਦੀ ਕਗਾਰ 'ਤੇ ਹਨ, ਜਿਸ ਨਾਲ ਇਨ੍ਹਾਂ ਸੈਂਟਰ ਮਾਲਕਾਂ ਨੂੰ ਕਰੋੜਾਂ ਦਾ ਘਾਟਾ ਪਿਆ ਹੈ। ਸੈਂਟਰਾਂ ਨਾਲ ਜੁੜੇ ਕਰਮਚਾਰੀਆਂ ਤੇ ਹੋਰ ਕਾਰੋਬਾਰੀਆਂ ਨੂੰ ਵੀ ਨਿਯਮਾਂ ਵਿੱਚ ਤਬਦੀਲੀ ਨਾਲ ਚੋਖਾ ਨੁਕਸਾਨ ਹੋਇਆ ਹੈ। ਆਈਲੈਟਸ ਸੈਂਟਰਾਂ ਵਿੱਚ ਕੰਮ ਕਰਦੇ ਹਜ਼ਾਰਾਂ ਨੌਜਵਾਨ ਮੁੰਡੇ ਕੁੜੀਆਂ ਸੈਂਟਰ ਬੰਦ ਹੋਣ ਕਾਰਨ ਬੇਰੁਜ਼ਗਾਰ ਹੋ ਗਏ ਹਨ।

ਨਿਯਮਾਂ ਵਿੱਚ ਬਦਲਾਅ ਨਾਲ ਟੈਕਸੀ ਮਾਲਕਾ ਨੂੰ ਵੀ ਵਾਹਵਾ ਘਾਟਾ ਅਤੇ ਨੁਕਸਾਨ ਹੋਇਆ ਹੈ, ਕਿਉਂਕਿ ਸਟਡੀ ਵੀਜ਼ੇ ਵਿੱਚ ਆਈ ਗਿਰਾਵਟ ਦਾ ਟੈਕਸੀ ਚਾਲਕਾਂ 'ਤੇ ਅਸਰ ਪੈਣਾ ਵੀ ਸੁਭਾਵਿਕ ਹੈ। ਜੇ ਸਟਡੀ ਵੀਜ਼ਾ ਲੱਗੇਗਾ ਤਾਂ ਹੀ ਲੋਕ ਦਿੱਲੀ ਏਅਰਪੋਰਟ ਉੱਤੇ ਜਾਣਗੇ। ਇੱਕ ਅੰਦਾਜ਼ੇ ਮੁਤਾਬਕ ਪੰਜਾਬ ਤੋਂ ਹਾਰ ਰੋਜ਼ 70000 ਟੈਕਸੀ ਦਿੱਲੀ ਆਉਣ ਜਾਣ ਕਰਦੀ ਸੀ, ਜਿਸਦਾ ਹੁਣ ਸਿੱਧਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬ ਤੋਂ ਦਿੱਲੀ ਜਾਂਦੇ ਰਾਹ ਉੱਤੇ ਪੈਂਦੇ ਖਾਣ ਪੀਣ ਵਾਲੇ ਢਾਬਿਆਂ ਉੱਤੇ ਵੀ ਨਿਯਮਾਂ ਦੇ ਬਦਲਾਅ ਦੀ ਮਾਰ ਪਈ ਹੈ ਕਿਉਂਕਿ ਦਿੱਲੀ ਏਅਰਪੋਰਟ ਉੱਤੇ ਆਉਣ ਜਾਣ ਵਾਲੇ ਯਾਤਰੀ ਇਨ੍ਹਾਂ ਢਾਬਿਆਂ ਉੱਤੇ ਰੁਕ ਕੇ ਖਾਣਾ ਖਾਂਦੇ ਹਨ।

ਇਸ ਤੋਂ ਬਿਨਾਂ ਵਿਦੇਸ਼ ਜਾਣ ਵਾਲੇ ਸਟੂਡੈਂਟ ਲੱਖਾਂ ਰੁਪਏ ਦੀ ਕੱਪੜਿਆਂ ਤੇ ਸਮਾਨ ਵਗ਼ੈਰਾ ਪਾਉਣ ਲਈ ਅਟੈਚੀ ਵਗੈਰਾ ਦੀ ਖ਼ਰੀਦੋ ਫ਼ਰੋਖ਼ਤ ਕਰਕੇ ਲਿਜਾਂਦੇ ਸਨ। ਨਿਯਮਾਂ ਦੇ ਬਦਲਣ ਦਾ ਅਸਰ ਇਨ੍ਹਾਂ ਧੰਦਿਆਂ ਉੱਤੇ ਪੈਣਾ ਲਾਜ਼ਮੀ ਹੈ। ਇੱਥੇ ਮੈਂ ਆਪਣੇ ਸ਼ਹਿਰ ਵਿੱਚ ਖੁੱਲ੍ਹੇ ਕੁਝ ਸ਼ੋ ਰੂਮਾਂ ਦੀ ਮਿਸਾਲ ਦੇਣਾ ਚਾਹੁੰਦਾ ਹਾਂ, ਜਿਨ੍ਹਾਂ ਵੱਲੋਂ 20 ਤੋਂ 30 ਲੱਖ ਤਕ ਦਾ ਬੈਂਕ ਲੋਨ ਲੈ ਕੇ ਮਾਲ ਪਾਇਆ ਗਿਆ। ਪਰ ਨਿਯਮਾਂ ਵਿੱਚ ਤਬਦੀਲੀ ਮਗਰੋਂ ਇਨ੍ਹਾਂ ਸ਼ੋਅ ਰੂਮਾਂ ਵਿੱਚ ਕਾਂ ਬੋਲਦੇ ਹਨ। ਮੇਰੇ ਸ਼ਹਿਰ ਦੀ ਮੁੱਖ ਜੀਟੀਬੀ ਮਾਰਕੀਟ, ਜੋ ਆਈਲੈਟਸ ਸੈਂਟਰਾਂ ਦਾ ਹੱਬ ਮੰਨੀ ਜਾਂਦੀ ਸੀ ਜਿੱਥੇ ਹਰ ਰੋਜ਼ ਹਜ਼ਾਰਾਂ ਵਿਦਿਆਰਥੀ ਆਈਲੈਟਸ ਦੀ ਕੋਚਿੰਗ ਲੈਣ ਆਉਂਦੇ ਸਨ, ਉੱਥੇ ਅੱਜਕਲ ਉਲੂ ਬੋਲਦੇ ਹਨ। ਵਿਦਿਆਰਥੀਆਂ ਨਾਲ ਚਹਿਕਦੀ ਇਸ ਮਾਰਕੀਟ ਵਿੱਚ ਹੁਣ ਟਾਵਾਂ ਵਿਦਿਆਰਥੀ ਹੀ ਨਜ਼ਰ ਆਉਂਦਾ ਹੈ, ਕਿਉਂਕਿ ਨਿਯਮਾਂ ਵਿੱਚ ਬਦਲਾਅ ਆਉਣ ਕਰਕੇ ਜਿਆਦਤਰ ਸੈਂਟਰ ਬੰਦ ਹੋ ਚੁੱਕੇ ਹਨ। ਇਸ ਮਾਰਕੀਟ ਵਿੱਚ ਜੋ ਖਾਣ ਪੀਣ ਦਾ ਕਾਰੋਬਾਰ ਸੀ, ਉਹ ਵੀ ਠੱਪ ਹੋ ਚੁੱਕਾ ਹੈ ਜਾਂ ਨਾ ਮਾਤਰ ਹੀ ਰਹਿ ਗਿਆ ਹੈ। ਆਈਲੈਟਸ ਸੈਂਟਰਾਂ ਵਾਲੀਆਂ ਇਮਾਰਤਾਂ, ਜੋ ਲਗਭਗ 50 ਤੋਂ 60-70 ਹਜ਼ਾਰ ਰੁਪਏ ਕਰਾਏ ਉੱਤੇ ਸਨ, ਹੁਣ ਉਹਨਾਂ ਨੂੰ ਕਿਰਾਏ 'ਤੇ ਲੈਣ ਨੂੰ ਕੋਈ ਤਿਆਰ ਨਹੀਂ। ਇਨ੍ਹਾਂ ਇਮਾਰਤਾਂ ਦੇ ਮਾਲਕਾਂ ਦੀ ਆਰਥਕਤਾ ਉੱਤੇ ਵੀ ਅਸਰ ਪਿਆ ਹੈ। ਨਿਯਮ ਬਦਲੇ ਜਾਣ ਦਾ ਪ੍ਰਭਾਵ ਕੇਵਲ ਸਟੂਡੈਂਟ ਉੱਤੇ ਹੀ ਨਹੀਂ ਪਿਆ ਬਲਕੇ ਇਸ ਨਾਲ ਜੁੜੇ ਹਰ ਉਸ ਛੋਟੇ ਮੋਟੇ ਕਾਰੋਬਾਰ 'ਤੇ ਸਿੱਧੇ ਤੇ ਅਸਿੱਧੇ ਰੂਪ ਵਿੱਚ ਵੇਖਣ ਨੂੰ ਮਿਲ ਰਿਹਾ ਹੈ। ਇਹ ਕਦੋਂ ਤਕ ਰਹਿੰਦਾ ਹੈ ਇਹ ਕਹਿਣਾ ਹਾਲੇ ਮੁਸ਼ਕਿਲ ਹੈ।

ਯੂਰਪ ਵਾਸਤੇ ਵੀਜ਼ਾ ਪਹਿਲਾਂ ਵਾਂਗ ਜਾਰੀ ਹੈ ਪਰ ਇਨ੍ਹਾਂ ਥਾਵਾਂ ਉੱਤੇ ਘੱਟ ਹੀ ਵੀਜ਼ਾ ਲਗਦਾ ਹੈ ਜਦੋਂ ਕਿ ਅਸਟ੍ਰੇਲੀਆ ਨਿਊਜ਼ੀਲੈਂਡ ਤੇ ਇੰਗਲੈਂਡ ਵੱਲੋਂ ਸਖ਼ਤ ਨਿਯਮਾਂ ਦੇ ਚਲਦਿਆਂ ਪਹਿਲਾਂ ਹੀ ਬਹੁਤ ਥੋੜ੍ਹੀਆਂ ਫਾਈਲਾਂ ਸਵੀਕਾਰ ਹੁੰਦੀਆਂ ਹਨ। ਇਸੇ ਸਦਕਾ ਇਨ੍ਹਾਂ ਦੇਸ਼ਾਂ ਨੂੰ ਸਟੂਡੈਂਟ ਘੱਟ ਹੀ ਵੀਜ਼ਾ ਅਪਲਾਈ ਕਰਦਾ ਸੀ।

# ਕੈਨੇਡਾ 'ਚ ਸਖਤੀ ਤੋਂ ਬਾਅਦ ਅਮਰੀਕਾ-ਅਸਟ੍ਰੇਲੀਆ ਬਣੇ ਵਿਦੇਸ਼ੀ ਵਿਦਿਆਰਥੀਆਂ ਦੀ ਪਹਿਲੀ ਪਸੰਦ

ਔਟਵਾ : ਭਾਰਤੀ ਖ਼ਾਸ ਕਰ ਕੇ ਪੰਜਾਬੀ ਨੌਜਵਾਨ ਕਿਸੇ ਚੰਗੇ ਦੇਸ਼ ਵਿੱਚ ਜਾ ਕੇ ਪੜ੍ਹਾਈ ਕਰਨਾ ਚਾਹੁੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਹਾਡੇ ਦੇਸ਼ ਦੇ ਉਸ ਦੇਸ਼ ਨਾਲ ਚੰਗੇ ਸਬੰਧ ਹੋਣ। ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿੱਚ ਹਾਲ ਹੀ ਵਿੱਚ ਆਏ ਤਣਾਅ ਕਾਰਨ ਇਸ ਦਾ ਅਸਰ ਭਾਰਤੀ ਵਿਦਿਆਰਥੀਆਂ 'ਤੇ ਵੀ ਪਿਆ ਹੈ। ਆਸਟ੍ਰੇਲੀਆ ਅਤੇ ਅਮਰੀਕਾ ਭਾਰਤੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿਕਲਪ ਬਣ ਕੇ ਉਭਰੇ ਹਨ।



ਜਿੱਥੇ ਪਹਿਲਾਂ ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਦੇਸ਼ ਹੁੰਦਾ ਸੀ, ਹੁਣ ਉਹ ਇਸ ਦੌੜ ਵਿੱਚ ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ ਵੀ ਪਿੱਛੇ ਰਹਿ ਗਿਆ ਹੈ।

ਐਜੂਕੇਸ਼ਨ ਐਮਰਜਿੰਗ ਫਿਊਚਰਜ਼ ਦੁਆਰਾ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ 20 ਅਗਸਤ, 2024 ਤੋਂ 16 ਸਤੰਬਰ, 2024 ਵਿਚਕਾਰ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਵਜੋਂ ਆਸਟ੍ਰੇਲੀਆ ਅਤੇ ਅਮਰੀਕਾ ਨੇ ਕੈਨੇਡਾ ਨੂੰ ਪਛਾੜ ਦਿੱਤਾ ਹੈ। ਸਰਵੇਖਣ ਅਨੁਸਾਰ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਮੁੱਖ ਵਿਸ਼ਿਆਂ ਬਾਰੇ ਇੰਟਰਵਿਊ ਕੀਤੀ ਗਈ ਸੀ, ਜਿਵੇਂ ਕਿ ਗਲੋਬਲ ਨੀਤੀਆਂ ਦੇ ਪ੍ਰਭਾਵ ਅਤੇ ਇੱਕ ਸੰਸਥਾ ਦੀ ਚੋਣ, ਜੋ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਧਿਐਨ ਕਰਨ ਵੇਲੇ ਮਹੱਤਵਪੂਰਨ ਹਨ। ਸਰਵੇਖਣ ਵਿੱਚ 114 ਵੱਖ-ਵੱਖ ਦੇਸ਼ਾਂ ਦੇ 6,000 ਤੋਂ ਵੱਧ ਲੋਕ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 56 ਪ੍ਰਤੀਸ਼ਤ ਪੋਸਟ ਗ੍ਰੈਜੂਏਟ ਪੱਧਰ ਅਤੇ 27 ਪ੍ਰਤੀਸ਼ਤ ਗ੍ਰੈਜੂਏਟ ਪੱਧਰ 'ਤੇ ਸਨ। ਗੌਰਤਲਬ ਹੈ ਕਿ ਵਿਸ਼ਵ ਪੱਧਰ 'ਤੇ ਸਰਵੇਖਣ ਕੀਤੇ ਗਏ ਲੋਕਾਂ ਵਿੱਚੋਂ 66 ਪ੍ਰਤੀਸ਼ਤ ਇੱਕ ਤੋਂ ਵੱਧ ਦੇਸ਼ਾਂ ਵਿੱਚ ਅਧਿਐਨ ਕਰਨ ਜਾਂ ਆਪਣੀਆਂ ਅੰਤਰਰਾਸ਼ਟਰੀ ਯੋਗਤਾਵਾਂ ਪ੍ਰਾਪਤ ਕਰਨ ਲਈ ਵਿਚਾਰ ਕਰ ਰਹੇ ਹਨ, ਜੋ ਇਹ ਦਰਸਾਉਂਦਾ ਹੈ ਕਿ ਉਹ ਆਪਣੇ ਵਿਕਲਪਾਂ ਦਾ ਵਿਸਤਾਰ ਕਰ ਰਹੇ ਹਨ ਅਤੇ ਨੀਤੀ ਸਪਸ਼ਟਤਾ ਦੀ ਭਾਲ ਕਰ ਰਹੇ ਹਨ। ਵਿਦਿਆਰਥੀਆਂ ਦੇ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਵਿੱਚ ਦੇਰੀ ਕਰਨ ਜਾਂ ਛੱਡਣ ਦੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਸਰਵੇਖਣ ਦਰਸਾਉਂਦਾ ਹੈ ਕਿ ਵਿਦਿਆਰਥੀ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹਾਈ ਨਹੀਂ ਕਰ ਰਹੇ ਇਸ ਦੇ ਪਿੱਛੇ ਚੋਟੀ ਦੇ ਤਿੰਨ ਕਾਰਨ ਵਿੱਤੀ, ਟਿਊਸ਼ਨ ਦੀ ਲਾਗਤ, ਰਹਿਣ ਅਤੇ ਵੀਜ਼ਾ ਫੀਸਾਂ ਦੀ ਲਾਗਤ ਹੈ। ਸਰਵੇਖਣ ਕੀਤੇ ਗਏ ਲੋਕਾਂ ਵਿੱਚੋਂ ਲਗਭਗ ਅੱਧੇ (47 ਪ੍ਰਤੀਸ਼ਤ) ਅਗਲੇ ਦੋ ਸਾਲਾਂ ਵਿੱਚ ਆਪਣੀਆਂ ਗਲੋਬਲ ਅਧਿਐਨ ਯੋਜਨਾਵਾਂ 'ਤੇ ਮੁੜ ਵਿਚਾਰ ਕਰ ਰਹੇ ਹਨ।

# ਕਮਾਲਾ ਹੈਰਿਸ ਨੇ 'ਐਲੀਪਸੇ' ਦੇ ਮੰਚ ਤੋਂ ਡੋਨਾਲਡ ਟਰੰਪ 'ਤੇ ਸਾਧਿਆ ਨਿਸ਼ਾਨਾ

ਵਾਸ਼ਿੰਗਟਨ : ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਮੰਗਲਵਾਰ ਰਾਤ ਨੂੰ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਵ੍ਹਾਈਟ ਹਾਊਸ ਦੇ 19ਵੀਂ ਸਦੀ ਦੇ 'ਲਾਅਨ ਏਲਿਪਸੇ' ਤੋਂ ਆਪਣੇ ਵਿਰੋਧੀ ਡੋਨਾਲਡ ਟਰੰਪ ਨੂੰ ਘੇਰਿਆ।

ਉਹ ਉਸੇ ਥਾਂ 'ਤੇ ਖੜ੍ਹੀ ਸਨ ਜਿੱਥੇ ਟਰੰਪ ਨੇ ਕਰੀਬ ਚਾਰ ਸਾਲ ਪਹਿਲਾਂ ਭਾਸ਼ਣ ਦਿੱਤਾ ਸੀ। ਟਰੰਪ ਨੇ ਆਪਣੇ ਸਮਰਥਕਾਂ ਨੂੰ ਇੱਥੋਂ ਕੈਪੀਟਲ ਵੱਲ ਮਾਰਚ ਕਰਨ ਦੀ ਅਪੀਲ ਕੀਤੀ ਸੀ। ਜ਼ਿਕਰਯੋਗ ਹੈ ਕਿ ਇਸ ਤੋਂ ਬਾਅਦ 6 ਜਨਵਰੀ 2021 ਨੂੰ ਹਿੰਸਕ ਵਿਦਰੋਹ ਭੜਕ ਉੱਠਿਆ ਸੀ।



ਦ ਨਿਊਯਾਰਕ ਟਾਈਮਜ਼ ਦੀ ਖ਼ਬਰ ਦੇ ਅਨੁਸਾਰ, ਹੈਰਿਸ ਨੇ 'ਲਾਅਨ ਐਲੀਪਸੇ' 'ਤੇ ਸਥਾਪਤ ਮੰਚ ਤੋਂ ਆਪਣੇ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਛੋਟਾ ਜ਼ਾਲਮ, ਸ਼ਿਕਾਇਤਾਂ ਨਾਲ ਗ੍ਰਸਤ ਅਤੇ ਅਣਚਾਹੀ ਸ਼ਕਤੀ ਲਈ ਸਮਰਪਿਤ ਇੱਕ ਵਿਅਕਤੀ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਲੜਾਕੂ ਵਜੋਂ ਪੇਸ਼ ਕਰਦੇ ਹੋਏ ਕਿਹਾ ਕਿ ਉਹ ਲੀਡਰਸ਼ਿਪ ਦੀ ਨਵੀਂ ਪੀੜ੍ਹੀ ਦੀ ਸ਼ੁਰੂਆਤ ਕਰਦੇ ਹੋਏ ਦੇਸ਼ ਨੂੰ ਇੱਕਮੁੱਠ ਕਰੇਗੀ।

ਉਨ੍ਹਾਂ ਨੇ ਮੰਚ ਤੋਂ ਠੀਕ ਪਿੱਛੇ ਵ੍ਹਾਈਟ ਹਾਊਸ ਵੱਲ ਇਸ਼ਾਰਾ ਕਰਦਿਆਂ ਕਿਹਾ, '90 ਦਿਨਾਂ ਤੋਂ ਵੀ ਘੱਟ ਸਮੇਂ ਵਿੱਚ, ਜਾਂ ਤਾਂ ਡੋਨਾਲਡ ਟਰੰਪ ਜਾਂ ਮੈਂ ਓਵਲ ਦਫਤਰ ਵਿੱਚ ਹੋਵਾਂਗੇ। ਹੈਰਿਸ ਨੇ ਖਦਸ਼ਾ ਪ੍ਰਗਟਾਇਆ ਕਿ ਜੇਕਰ ਟਰੰਪ ਚੋਣ ਜਿੱਤ ਜਾਂਦੇ ਹਨ, ਤਾਂ ਉਹ ਆਪਣੇ ਦੁਸ਼ਮਣਾਂ ਦੀ ਸੂਚੀ ਦੇ ਨਾਲ ਉਸ ਦਫਤਰ ਵਿੱਚ ਦਾਖਲ ਹੋਣਗੇ। ਜੇਕਰ ਉਹ ਚੁਣੀ ਜਾਂਦੀ ਹਨ ਤਾਂ ਉਹ ਦੇਸ਼ ਨੂੰ ਅੱਗੇ ਲਿਜਾਣ ਲਈ ਭਵਿੱਖਮੁਖੀ ਪ੍ਰੋਗਰਾਮਾਂ ਨਾਲ ਉੱਥੇ ਦਾਖਲ ਹੋਵੇਗੀ।"

ਇਸ ਤੋਂ ਪਹਿਲਾਂ ਦੋਵਾਂ ਨੇ ਕਈ ਥਾਵਾਂ 'ਤੇ ਚੋਣ ਪ੍ਰਚਾਰ ਕਰਕੇ ਵੋਟਰਾਂ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਦੋਵਾਂ ਨੇ ਆਪਣੇ ਦਿਨ ਦੀ ਸ਼ੁਰੂਆਤ ਉੱਤਰੀ ਕੈਰੋਲੀਨਾ ਵਿੱਚ ਰੈਲੀਆਂ ਨਾਲ ਕੀਤੀ। ਹੈਰਿਸ ਨੇ ਪੈਨਸਿਲਵੇਨੀਆ ਵਿੱਚ ਏਕਤਾ ਦਾ ਸੰਦੇਸ਼ ਦਿੱਤਾ। ਟਰੰਪ ਨੇ ਰਾਸ਼ਟਰਪਤੀ ਜੋਅ ਬਿਡੇਨ ਦੀ ਆਲੋਚਨਾ ਕੀਤੀ। ਕਮਲਾ ਹੈਰਿਸ ਨੇ ਕਿਹਾ ਕਿ ਉਹ ਬਦਲੇ ਦੀ ਭਾਵਨਾ ਨਾਲ ਕੰਮ ਨਹੀਂ ਕਰੇਗੀ।

ਜ਼ਿਕਰਯੋਗ ਹੈ ਕਿ ਐਲੀਪਸੇ ਨੂੰ ਅਮਰੀਕਾ ਵਿੱਚ ਰਾਸ਼ਟਰਪਤੀ ਪਾਰਕ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ 52 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਵ੍ਹਾਈਟ ਹਾਊਸ ਦੇ ਬਿਲਕੁਲ ਦੱਖਣ ਵਿੱਚ ਹੈ। ਇਹ ਪਾਰਕ ਫੁੱਟਪਾਥ ਰਾਹੀਂ ਪਹੁੰਚਯੋਗ ਹੈ। ਐਲੀਪਸੇ ਵਿਜ਼ਿਟਰ ਮੰਡਪ 15ਵੀਂ ਸਟ੍ਰੀਟ ਅਤੇ ਈ ਸਟ੍ਰੀਟ 'ਤੇ ਸਥਿਤ ਹੈ। ਇਹ ਇੱਕ ਵੱਡਾ ਅੰਡਾਕਾਰ ਆਕਾਰ ਦਾ ਮੈਦਾਨ ਹੈ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫ਼ੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ



Keep Smiling Denture Clinic

Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist
SEMCD CERTIFIED CLINICIAN

Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC



ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ

ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861



# ਨਵੰਬਰ 1984 : ਸਿੱਖ ਕਤਲੇਆਮ ਆਖਰ ਮਾਰੇ ਗਏ ਸਿਖਾਂ ਦਾ ਜੁਰਮ ਕੀ ਸੀ?

**ਲਿਖਤ : ਸਰਬਜੀਤ ਸਿੰਘ ਘੁਮਾਣ**
**ਸੰਪਰਕ : 97819-91622**




ਨਵੰਬਰ 1984 ਦੇ ਪਹਿਲੇ ਹਫ਼ਤੇ ਹਿੰਦੁਸਤਾਨ ਦੀ ਰਾਜਧਾਨੀ ਤੇ 80 ਹੋਰ ਸ਼ਹਿਰਾਂ, ਕਸਬਿਆਂ ਵਿੱਚ ਹਿੰਦੂਵਾਦੀ ਆਗੂਆਂ ਤੇ ਗੁੰਡਿਆਂ ਦੀ ਅਗਵਾਈ ਵਿੱਚ ਵਹਿਸ਼ੀ ਭੀੜਾਂ ਥਾਂ-ਥਾਂ ਸਿੱਖਾਂ 'ਤੇ ਜ਼ੁਲਮ ਢਾਹ ਰਹੀਆਂ ਸਨ। ਅੱਜ 39 ਵਰ੍ਹਿਆਂ ਬਾਅਦ ਵੀ ਇਸ ਸਵਾਲ ਦਾ ਜਵਾਬ ਨਹੀਂ ਲੱਭ ਰਿਹਾ ਹੈ ਕਿ ਆਖ਼ਰ ਕਤਲ ਕੀਤੇ ਉਹਨਾਂ ਹਜ਼ਾਰਾਂ ਸਿੱਖਾਂ ਨੇ ਕੀ ਜ਼ੁਰਮ ਕੀਤਾ ਸੀ? ਠੀਕ ਹੈ ਕਿ ਦੋ ਸਿੱਖਾਂ ਸ. ਬੇਅੰਤ ਸਿੰਘ ਤੇ ਸ. ਸਤਵੰਤ ਸਿੰਘ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗੋਲ਼ੀ ਮਾਰੀ ਸੀ, ਪਰ ਜਿਹੜੇ ਆਮ ਸਿੱਖ ਮਾਰੇ ਗਏ ਉਹਨਾਂ ਦਾ ਕੀ ਜ਼ੁਰਮ ਸੀ?

ਹਿੰਦੂ ਕੱਟੜਪੰਥੀਆਂ ਵੱਲੋਂ ਸਿੱਖਾਂ ਖਿਲਾਫ਼ ਲਗਾਤਾਰ ਭਰੀ ਜਾ ਰਹੀ ਜ਼ਹਿਰ ਦਾ ਲਾਵਾ ਫੁੱਟਿਆ ਤੇ ਮਸੂਮ, ਬੇਦੋਸ਼ੇ, ਸਧਾਰਨ ਸਿੱਖਾਂ ਨੂੰ ਨਿਸ਼ਾਨਾ ਬਣਾ ਲਿਆ। ਬੱਸਾਂ, ਗੱਡੀਆਂ, ਕਾਰਾਂ, ਰੇਲਾਂ, ਗ਼ਲੀਆਂ, ਬਜ਼ਾਰਾਂ ਵਿੱਚੋਂ ਸਿੱਖਾਂ ਨੂੰ ਧੂਹ-ਧੂਹ ਕੇ ਕੱਢਿਆ ਗਿਆ। ਪਹਿਲਾਂ ਵਹਿਸ਼ੀ ਭੀੜ ਸਿੱਖ ਦਾ ਮੂੰਹ-ਸਿਰ ਮੁੰਨਦੀ, ਪੱਗ ਨੂੰ ਠੁੱਡੇ ਮਾਰਦੀ, ਕਕਾਰਾਂ ਦੀ ਬੇਅਦਬੀ ਕਰਦੀ, ਫਿਰ ਕੋਈ ਲੋਹੇ ਦੀ ਰਾਡ ਨਾਲ਼ ਰੱਜ ਕੇ ਕੁਟਾਪਾ ਚਾੜ੍ਹਦਾ, ਫਿਰ ਸਿੱਖ ਦੇ ਪਿੰਡੇ ਉੱਪਰ ਕੋਈ ਜਲਣਸ਼ੀਲ ਚਿੱਟਾ ਪਾਊਡਰ ਛਿੜਕਿਆ ਜਾਂਦਾ ਤੇ ਗਲ ਵਿੱਚ ਬਲਦਾ ਟਾਇਰ ਪਾ ਕੇ ਤੜਪਦੇ, ਲੇਰਾਂ ਮਾਰਦੇ ਸਿੱਖ ਨੂੰ ਵੇਖ-ਵੇਖ, ਤਾੜੀਆਂ ਮਾਰ-ਮਾਰ ਹੱਸਦੇ ਹੈਵਾਨ ਕਹਿੰਦੇ, 'ਦੇਖੋ ਸਿੱਖੜਾ ਡਾਂਸ ਕਰ ਰਹਾ ਹੈ।'

ਸੜ ਰਹੇ ਮਾਸ ਦੀ ਦੁਰਗੰਧ ਦੂਰ-ਦੂਰ ਤਕ ਫ਼ੈਲਦੀ ਤੇ ਉਹਨਾਂ ਘਰਾਂ ਤਕ ਵੀ ਜਾਂਦੀ, ਜਿਨ੍ਹਾਂ ਉੱਤੇ ਰਾਤੋ-ਰਾਤ ਨਿਸ਼ਾਨੀਆਂ ਲਾ ਕੇ ਨਿਸ਼ਾਨਦੇਹੀ ਕਰ ਦਿੱਤੀ ਗਈ ਸੀ ਕਿ ਇਹ ਸਿੱਖਾਂ ਦੇ ਘਰ ਹਨ। ਘਰਾਂ ਵਿੱਚ ਛੋਟੀ ਬੱਚੀ ਤੋਂ ਲੈ ਕੇ ਬਜ਼ੁਰਗ ਔਰਤ ਤਕ ਨੂੰ ਨਹੀਂ ਛੱਡਿਆ ਗਿਆ।

ਉਫ਼! ਐਡਾ ਕਹਿਰ!! ਲੁੱਟੀ ਹੋਈ ਅਸਮਤ ਦੀ ਕਹਾਣੀ ਲੈ ਕੇ ਜਿਊਣਾ, ਮਰਨ ਨਾਲੋਂ ਵੀ ਵੱਡੀ ਮੌਤ ਹੈ? ਕਿਹੜੇ ਦਰ 'ਤੇ ਜਾਣ ਉਹ ਬੀਬੀਆਂ? ਆਖ਼ਰ ਉਹਨਾਂ ਨਾਲ਼ ਇੰਝ ਕਿਉਂ ਹੋਇਆ? ਕਿੱਥੇ ਹਨ ਦੋਸ਼ੀ? ਕਤਲ ਦਾ ਬਦਲਾ ਤਾਂ ਕਾਤਲ ਨੂੰ ਮਾਰ ਕੇ ਲੈ ਲਿਆ ਜਾਊ, ਪਰ ਇੱਜ਼ਤਾਂ ਦੇ ਲੁਟੇਰਿਆਂ ਦਾ ਕੀ ਕਰੀਏ?

ਦਿੱਲੀ ਤੇ ਹੋਰਨਾਂ ਥਾਂਵਾਂ ਉੱਤੇ, ਪੰਜਾਬ ਤੋਂ ਦੂਰ ਵੱਸਦੇ ਇਹਨਾਂ ਸਿੱਖਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਸ. ਬੇਅੰਤ ਸਿੰਘ ਤੇ ਸ. ਸਤਵੰਤ ਸਿੰਘ ਨਾਂ ਦੇ ਦੋ ਸਿੱਖ, ਬੀਬੀ ਇੰਦਰਾ ਦੇ ਅੰਗ-ਰੱਖਿਅਕ ਹਨ। ਨਾ ਉਹਨਾਂ ਦਾ ਪੰਜਾਬ ਦੀ ਸਿਆਸਤ ਨਾਲ਼ ਹੀ ਕੋਈ ਵਾਹ-ਵਾਸਤਾ ਸੀ। ਬਹੁਤਿਆਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਪੰਜਾਬ ਤੇ ਪੰਥ ਦੇ ਹੱਕਾਂ ਦੀ ਪ੍ਰਾਪਤੀ ਲਈ ਅਕਾਲੀ ਦਲ ਨੇ 'ਧਰਮ ਯੁੱਧ ਮੋਰਚਾ' ਲਾਇਆ ਹੋਇਆ ਹੈ। ਸੰਤ ਭਿੰਡਰਾਂਵਾਲਿਆਂ ਦਾ ਨਾਂ ਤਾਂ ਬਹੁਤਿਆਂ ਨੇ ਸੁਣਿਆ ਹੋਇਆ ਹੋਵੇਗਾ, ਪਰ ਵੇਖਿਆ ਕਦੇ ਨਹੀਂ ਸੀ। ਉਹ ਤਾਂ ਜਿੱਥੇ ਵਸਦੇ ਸੀ, ਜਿੱਥੇ ਕੰਮ ਕਰਦੇ ਸੀ, ਓਥੇ ਦੇ ਹੀ ਸਨ। ਉਹਨਾਂ ਦੀਆਂ ਲੋੜਾਂ ਤੇ ਮਸਲੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ਼ ਸਾਂਝੇ ਸਨ। ਉਹਨਾਂ ਨੂੰ ਯਾਦ-ਚਿੱਤ ਵੀ ਨਹੀਂ ਸੀ ਕਿ ਉਹਨਾਂ ਦੇ ਮੁਹੱਲੇ ਦੇ ਲੋਕ ਹੀ ਉਹਨਾਂ ਦੇ ਕਤਲੇਆਮ ਲਈ ਉੱਠ ਪੈਣਗੇ, ਜਿਨ੍ਹਾਂ ਨੂੰ ਵੀਰ-ਭਰਾ ਸਮਝਦੇ ਸੀ, ਓਹੀ ਵੈਰੀ ਬਣ ਗਏ ਸੀ।

ਗੱਲ ਕੇਵਲ ਸਿੱਖਾਂ ਤਕ ਹੀ ਨਹੀਂ ਸੀ ਰੁਕੀ। ਗੁਰਦੁਆਰਿਆਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਗਿਆ। ਜਿੱਥੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹਿੰਦੂਆਂ ਦਾ ਧਰਮ ਬਚਾਉਣ ਲਈ ਆਪਣਾ ਸੀਸ ਕਟਵਾਇਆ, ਓਥੇ ਬਣੇ ਗੁਰਦੁਆਰਾ ਸੀਸ ਗੰਜ ਉੱਤੇ ਵਹਿਸ਼ੀ ਭੀੜ ਦਾ ਟੁੱਟ ਕੇ ਪੈਣਾ ਇਹ ਸਮਝਾਉਣ ਲਈ ਕਾਫ਼ੀ ਹੈ ਕਿ ਅਹਿਸਾਨ-ਫ਼ਰਾਮੋਸ਼ ਕੀ ਹੁੰਦਾ ਹੈ? ਦਸਮੇਸ਼ ਪਿਤਾ ਦੇ ਪਟਨਾ ਸਾਹਿਬ ਵਿੱਚ ਗੁਜ਼ਾਰੇ ਸਮੇਂ ਨਾਲ ਸੰਬੰਧਤ ਗੁਰਦੁਆਰਾ ਸਾਹਿਬ ਨੂੰ ਅੱਗ ਲਾ ਕੇ ਕੀ ਮਿਲਿਆ? ਪਲਵਲ ਦੇ ਗੁਰਦੁਆਰੇ ਵਿੱਚ ਤਾਂ ਗ੍ਰੰਥੀ ਸਿੰਘ ਨੂੰ ਵੀ ਮੰਜੇ ਨਾਲ ਬੰਨ੍ਹ ਕੇ ਅੱਗ ਲਾ ਦਿੱਤੀ ਗਈ। ਦਿੱਲੀ ਦੇ ਸਾਢੇ ਚਾਰ ਸੌ ਵਿੱਚੋਂ ਤਿੰਨ ਚੌਥਾਈ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕਾਨਪੁਰ, ਧੰਨਬਾਦ ਤੇ ਹੋਰ ਸ਼ਹਿਰਾਂ ਵਿੱਚ ਇਹ ਆਮ ਵਰਤਾਰਾ ਸੀ। ਗਵਾਲੀਅਰ ਦੇ ਕਿਲ੍ਹੇ ਵਿੱਚੋਂ ਛੇਵੇਂ ਪਾਤਸ਼ਾਹ ਵੱਲੋਂ ੫੨ ਹਿੰਦੂ ਰਾਜਿਆਂ ਨੂੰ ਛੁਡਾਉਣ ਕਰਕੇ ਉਨਾਂ ਨੂੰ ਬੰਦੀ-ਛੋੜ ਕਿਹਾ ਜਾਂਦਾ ਹੈ। ਪਰ ਗਵਾਲੀਅਰ ਵਿੱਚ ਬਣੇ ਗੁਰੂ ਜੀ ਦੀ ਯਾਦ ਵਿੱਚ ਗੁਦੁਆਰਿਆਂ ਨੂੰ ਅੱਗ ਲਾਕੇ ਗੁਰੂ ਸਾਹਿਬ ਦੇ ਪੈਰਾਂ ਦੀਆਂ ਖੜਾਵਾਂ ਜਲਾ ਦਿੱਤੀਆਂ ਗਈਆਂ।

ਇਹ ਤਾਂ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਕਿ ਹਮਲਾਵਰਾਂ ਨੇ ਕਿਵੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਾਨ ਸਰੂਪਾਂ ਨੂੰ ਨਫ਼ਰਤ ਨਾਲ ਠੁੱਡੇ ਮਾਰੇ, ਹਵਾ ਵਿੱਚ ਉਛਾਲਿਆ ਤੇ ਪਾੜ ਕੇ ਪੈਰਾਂ ਹੇਠ ਮਧੋਲਿਆ ਤੇ ਉਹ ਕੁਝ ਕੀਤਾ ਜੋ ਲਿਖਦਿਆਂ ਇਸ ਕਲਮ ਨੂੰ ਗਸ਼ੀਆਂ ਪੈਂਦੀਆਂ ਹਨ। ਪਰ ਇਹ ਸਭ ਕੁਝ ਅਸਲ ਵਿੱਚ ਹੋਇਆ ਤੇ ਕਰਨ ਵਾਲੇ ਹੁਣ ਵੀ ਆਕੜ ਨਾਲ਼ ਤੁਰਦੇ ਹਨ।

ਜਿਹੜੇ ਨਾਮਵਰ ਸਿੱਖਾਂ ਨੂੰ ਮਾਣ ਸੀ ਕਿ ਅਸੀਂ ਭਾਰਤ ਦੀ ਬੜੀ 'ਸੇਵਾ' ਕੀਤੀ ਹੈ, ਅਸੀਂ ਕਾਂਗਰਸ ਦੇ 'ਨੇੜੇ' ਹਾਂ; 1984 ਦੇ ਉਹਨਾਂ ਕਹਿਰੀ ਦਿਨਾਂ ਵਿੱਚ ਪਤਾ ਲੱਗਾ ਕਿ 'ਸਿੱਖ ਹੋਣ ਦਾ ਕੀ ਅਰਥ ਹੈ' ਇੱਥੇ? ਖ਼ੁਸ਼ਵੰਤ ਸਿੰਘ ਵਰਗੇ ਬੰਦੇ, ਜਿਸ ਨੇ ਕਦੇ ਵੀ ਸੰਤ ਭਿੰਡਰਾਂਵਾਲਿਆਂ ਜਾਂ ਅਕਾਲੀ ਮੋਰਚੇ ਦੀ ਹਮਾਇਤ ਨਹੀਂ ਸੀ ਕੀਤੀ, ਉਸ ਨੇ ਵੀ ੩੧ ਅਕਤੂਬਰ ਨੂੰ ਘਰ ਉੱਤੇ ਲੱਗੀ ਨਾਂ ਵਾਲ਼ੀ ਤਖ਼ਤੀ ਲਾਹ ਲਈ ਸੀ। ਦਹਿਸ਼ਤ ਦਾ ਮਾਰਿਆ ਉਹ ਤਿੰਨ ਦਿਨ ਸਵੀਡਨ ਦੀ ਅੰਬੈਸੀ ਵਿੱਚ ਲੁਕਿਆ ਰਿਹਾ।

ਅੱਜ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਸੇਕ ਲੱਗਿਆ ਸੀ। ਉਹ ਤਾਂ ਡਾ. ਮਨਮੋਹਨ ਸਿੰਘ ਦਾ ਹਿੰਦੂ ਜਵਾਈ 'ਵਿਜੇ' ਇਕਦਮ ਵਹਿਸ਼ੀ ਭੀੜ ਕੋਲ ਜਾ ਕੇ ਕਹਿਣ ਲੱਗ ਪਿਆ ਕਿ ਇਹ ਤਾਂ ਮੇਰਾ ਘਰ ਹੈ, ਵਰਨਾ ਕਹਾਣੀ ਹੋਰ ਹੀ ਹੋਣੀ ਸੀ। ਪਰ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਦਾ ਸਕਾ ਭਰਾ, ਇਸ ਕਤਲੇਆਮ ਮੌਕੇ ਕਾਂਗਰਸੀਆਂ ਨੇ ਮਾਰ ਸੁੱਟਿਆ।

ਹਰਬੰਸ ਸਿੰਘ ਪਹਿਲਾ ਸਿੱਖ ਵਿਦਵਾਨ ਹੋਇਆ ਹੈ ਜੋ ਖ਼ਾਲਿਸਤਾਨ ਦਾ ਕੱਟੜ ਵਿਰੋਧੀ ਸੀ। ਕਾਂਗਰਸ ਤੇ ਬੀਬੀ ਇੰਦਰਾ ਉਸ 'ਤੇ ਐਨੀ ਨਿਹਾਲ ਸੀ ਕਿ ਢੱਠੇ ਹੋਏ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਦਾ ਠੇਕਾ ਉਸ ਹਰਬੰਸ ਸਿੰਘ ਦੇ ਬੇਟੇ ਤੇਜਵੰਤ ਸਿੰਘ ਨੂੰ ਦਿੱਤਾ ਗਿਆ। ਦਰਬਾਰ ਸਾਹਿਬ ਉੱਪਰ ਹਮਲੇ ਦਾ ਧੜੱਲੇ ਨਾਲ ਸਮਰਥਨ ਕਰਨ ਵਾਲੇ ਹਰਬੰਸ ਸਿੰਘ ਨੂੰ ਨਵੰਬਰ 84 ਮੌਕੇ ਆਪਣੇ ਪੁੱਤ ਸਮੇਤ ਕਾਤਲ ਗਰੋਹਾਂ ਤੋਂ ਜਾਨ ਬਚਾਉਣੀ ਔਖੀ ਹੋ ਗਈ ਸੀ।

1971 ਦੀ ਭਾਰਤ-ਪਾਕਿ ਜੰਗ ਦੇ ਹੀਰੋ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਆਪਣੇ ਟੱਬਰ ਸਣੇ ਆਪਣੇ ਦੋਸਤ ਇੰਦਰ ਕੁਮਾਰ ਗੁਜਰਾਲ ਦੇ ਘਰ ਲੁਕਣਾ ਪਿਆ। 1965 ਦੀ ਜੰਗ ਦੇ ਨਾਇਕ ਜਨਰਲ ਹਰਬਖ਼ਸ਼ ਸਿੰਘ ਨੂੰ ਕਿਸੇ ਹਿੰਦੂ ਦੋਸਤ ਦੇ ਘਰ ਸ਼ਰਨ ਲੈਣੀ ਪਈ। ਹੋਰ ਵੀ ਕਹਿੰਦੇ-ਕਹਾਉਂਦੇ ਉਹਨਾਂ ਸਿੱਖਾਂ ਨੂੰ ਉਸ ਕਹਿਰ ਦਾ ਸਾਹਮਣਾ ਕਰਨਾ ਪਿਆ। ਚਰਨਜੀਤ ਸਿੰਘ 'ਕੋਕਾ ਕੋਲਾ' ਵਾਲ਼ੇ ਨੂੰ ਬੜਾ ਮਾਣ ਸੀ ਕਿ ਕਾਂਗਰਸ ਦਾ ਮੈਂਬਰ ਪਾਰਲੀਮੈਂਟ ਹਾਂ। ਪਰ ਨਜਫ਼ਗੜ੍ਹ, ਓਖਲਾ ਤੇ ਬਦਰਪੁਰ ਵਿੱਚ ਉਸ ਦੀਆਂ ਫ਼ੈਕਟਰੀਆਂ ਸਵਾਹ ਕਰ ਦਿੱਤੀਆਂ ਗਈਆਂ। ਉਸ ਨੂੰ ਬੇਹੱਦ ਜ਼ਲੀਲ ਹੋਣਾ ਪਿਆ। ਇਹੀ ਹਾਲ ਦਿੱਲੀ ਦੇ ਕਾਂਗਰਸੀ ਮੇਅਰ ਮਹਿੰਦਰ ਸਿੰਘ ਸਾਥੀ ਦਾ ਹੋਇਆ, ਜਿਸ ਨੂੰ ਮਦਨ ਲਾਲ ਖੁਰਾਣਾ ਦੇ ਘਰ ਪਨਾਹ ਲੈਣੀ ਪਈ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਪਹਿਲੀ ਨਵੰਬਰ ਨੂੰ ਤੀਨ ਮੂਰਤੀ ਭਵਨ ਵਿੱਚ ਬੀਬੀ ਇੰਦਰਾ ਨੂੰ ਸ਼ਰਧਾਂਜਲੀ ਦੇਣ ਚਲਾ ਗਿਆ। ਓਥੇ ਹਿੰਦੂ ਭੀੜਾਂ ਉਸ ਵੱਲ ਧਾਹ ਪਈਆਂ। ਪੰਜ ਹਜ਼ਾਰ ਲੋਕਾਂ ਦੀ ਵਹਿਸ਼ੀ ਭੀੜ ਜ਼ੋਰਦਾਰ ਨਾਹਰੇ ਮਾਰਦੀ ਹੋਈ ਸੁਰਜੀਤ ਵੱਲ ਵਧੀ ਤਾਂ ਉਹ ਮੂਹਰੇ ਭੱਜ ਪਿਆ। ਕੁਦਰਤੀ ਇੱਕ ਜੀਪ ਮਿਲ ਗਈ। ਅਗਲੇ ਤਿੰਨ ਦਿਨ ਉਹ ਪਾਰਟੀ ਦਫ਼ਤਰ ਲੁਕਿਆ ਰਿਹਾ। ਨਾਮਧਾਰੀ ਸਿੱਖਾਂ ਦਾ ਇੱਕ ਜਥਾ ਵੀ ਬੀਬੀ ਇੰਦਰਾ ਨੂੰ ਸ਼ਰਧਾਂਜਲੀ ਦੇਣ ਗਿਆ ਕਸੂਤਾ ਫਸ ਗਿਆ ਸੀ ਤੇ ਜਾਨ ਬਚਾ ਕੇ ਭੱਜਣਾ ਪਿਆ।

ਸਾਫ਼ ਤੱਥ ਹੈ ਕਿ ਓਦੋਂ ਇਹ ਨਹੀਂ ਵੇਖਿਆ ਗਿਆ ਕਿ ਪੱਗ ਵਾਲਾ ਹੈ, ਪਤਿਤ ਹੈ, ਕਾਂਗਰਸੀ ਹੈ, ਕਮਿਊਨਿਸਟ ਹੈ ਜਾਂ ਕੋਈ ਹੋਰ, ਕੋਈ ਸੰਤ ਭਿੰਡਰਾਂਵਾਲਿਆਂ ਦਾ ਜਾਂ ਅਕਾਲੀਆਂ ਦਾ ਮੁਖਾਲਿਫ਼ ਵੀ ਹੋਵੇ ਪਰ ਜੇ ਉਹ 'ਸਿੱਖ' ਹੈ ਤਾਂ ਮਾਰੇ ਜਾਣ ਦੇ ਲਾਇਕ ਹੈ। ਬੱਸ ਸਿੱਖ ਹੋਵੇ। ਕਾਤਲਾਂ ਲਈ ਹਰ ਸਿੱਖ, ਬੀਬੀ ਇੰਦਰਾ ਦਾ ਕਾਤਲ ਸੀ। ਹਰ ਸਿੱਖ 'ਸੰਤ ਭਿੰਡਰਾਂਵਾਲਾ' ਸੀ।

ਜਿਨ੍ਹਾਂ ਨੇ ਸਿੱਖਾਂ ਦਾ ਹੱਥੀਂ ਕਤਲੇਆਮ ਨਹੀਂ ਕੀਤਾ ਸੀ, ਉਹਨਾਂ ਨੂੰ ਬੜਾ ਰੰਜ ਸੀ ਕਿ ਅਸੀਂ ਵੀ ਕਿਸੇ ਤਰ੍ਹਾਂ ਦਰਸਾਈਏ ਬਈ ਅਸੀਂ ਵੀ ਸਿੱਖਾਂ ਦੇ ਕਤਲੇਆਮ ਦੇ ਸਮਰਥਕ ਹਾਂ। ਉਹਨਾਂ ਨੂੰ ਮੌਕਾ ਮਿਲਿਆ ਦਸੰਬਰ ੧੯੮੫ ਨੂੰ ਲੋਕ ਸਭਾ ਚੋਣਾਂ ਮੌਕੇ, ਹਿੰਦੋਸਤਾਨ ਦੇ ਲੋਕਾਂ ਨੇ ਸਿੱਖਾਂ ਦੇ ਕਤਲੇਆਮ ਦਾ ਸਮਰਥਨ ਕਰਦਿਆਂ ਕਾਂਗਰਸ ਨੂੰ ਐਨੀਆਂ ਵੋਟਾਂ ਪਾਈਆਂ ਕਿ ਪਾਰਲੀਮੈਂਟ ਵਿੱਚ ੪੦੧ ਮੈਂਬਰ ਜਿੱਤ ਗਏ। ਇਹ ੧੯੪੭ ਤੋਂ ਬਾਅਦ ਹੁਣ ਤਕ ਪਹਿਲੀ ਵਾਰ ਹੋਇਆ ਸੀ। ਥਾਂ-ਥਾਂ ਪੋਸਟਰ ਲੱਗੇ ਹੋਏ ਸਨ, ਜਿਨ੍ਹਾਂ ਵਿੱਚ ਦੋ ਸਿੱਖਾਂ ਨੂੰ ਬੀਬੀ ਇੰਦਰਾਂ ਨੂੰ ਗੋਲ਼ੀ ਮਾਰਦਿਆਂ ਵਿਖਾਇਆ ਹੋਇਆ ਸੀ। ਓਧਰ ਚੋਣਾਂ ਵਿੱਚ ਬੀਬੀ ਮੇਨਕਾ ਗਾਂਧੀ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਉਸ ਦੇ ਖ਼ਿਲਾਫ਼ ਨਾਹਰੇ ਲੱਗੇ ਸੀ, 'ਬੇਟੀ ਹੈ ਸਰਦਾਰ ਕੀ, ਦੇਸ਼ ਕੇ ਗ਼ੱਦਾਰ ਕੀ।' ਮੇਨਕਾ ਓਸੇ ਬੀਬੀ ਇੰਦਰਾ ਦੀ ਨੂੰਹ ਹੈ, ਪਰ ਸਿੱਖ ਦੀ ਬੇਟੀ ਹੋਣ ਕਰਕੇ 'ਦੇਸ਼ ਦੇ ਗ਼ੱਦਾਰ ਦੀ ਧੀ' ਹੈ।

ਇੰਝ ਸਿੱਖ ਕਤਲੇਆਮ ਦੇ ਹੱਕ ਵਿੱਚ ਵੋਟਾਂ ਦੀ ਫ਼ਸਲ ਵੱਢ ਕੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ। ਜਿਸ ਦਾ ਮੰਨਣਾ ਸੀ ਕਿ ਬੀਬੀ ਇੰਦਰਾ ਇੱਕ 'ਵੱਡਾ ਦਰਖ਼ਤ' ਸੀ, ਜਿਸ ਦੇ ਡਿਗਣ ਨਾਲ 'ਧਰਤੀ ਕੰਬਣੀ' (ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਣਾ) ਲਾਜ਼ਮੀ ਸੀ। ਇਸ ਬਿਆਨ ਨੇ ਇਹ ਸੁਨੇਹਾ ਦੇ ਦਿੱਤਾ ਕਿ ਸਿੱਖਾਂ ਦੇ ਕਾਤਲਾਂ ਨੂੰ ਕੋਈ ਸਜ਼ਾ ਨਹੀਂ ਮਿਲ਼ੇਗੀ।

ਬੀਬੀ ਇੰਦਰਾ ਨੂੰ ਗੋਲ਼ੀ 31 ਅਕਤੂਬਰ 1984 ਨੂੰ ਮਾਰੀ ਗਈ ਸੀ। ਸ. ਬੇਅੰਤ ਸਿੰਘ ਨੂੰ ਮੌਕੇ ਉੱਤੇ ਹੀ ਸੁਰੱਖਿਆ ਕਰਮਚਾਰੀਆਂ ਨੇ ਕਤਲ ਕਰ ਦਿੱਤਾ ਸੀ। ਸ. ਸਤਵੰਤ ਸਿੰਘ ਜ਼ਖ਼ਮੀ ਹਾਲਤ ਵਿੱਚ ਬਚ ਗਿਆ। ਜਿਸ 'ਤੇ ਹੋਰਾਂ ਦੇ ਨਾਲ ਕੇਸ ਚੱਲਿਆ। 6 ਜਨਵਰੀ 1959 ਨੂੰ ਇਸ ਕੇਸ ਦਾ ਫ਼ੈਸਲਾ ਹੋ ਗਿਆ ਤੇ ਸ. ਕੇਹਰ ਸਿੰਘ ਸਮੇਤ ਸ. ਸਤਵੰਤ ਸਿੰਘ ਨੂੰ ਫਾਂਸੀ ਦਿੱਤੀ ਗਈ। ਸਵਾ ਤਿੰਨ ਸਾਲ ਦੇ ਅੰਦਰ-ਅੰਦਰ ਅਦਾਲਤੀ ਪੜਤਾਲ ਵੀ ਹੋ ਗਈ, ਗਵਾਹੀਆਂ ਵੀ ਹੋ ਗਈਆਂ, ਸੈਸ਼ਨ ਕੋਰਟ ਦਾ ਫ਼ੈਸਲਾ ਵੀ ਹੋ ਗਿਆ, ਹਾਈਕੋਰਟ ਦਾ ਫ਼ੈਸਲਾ ਵੀ ਹੋ ਗਿਆ ਤੇ ਸੁਪਰੀਮ ਕੋਰਟ ਤਕ ਦੀ ਕਾਰਵਾਈ ਵੀ ਨਿੱਬੜ ਗਈ। ਇੰਝ ਬੀਬੀ ਇੰਦਰਾ ਦੇ 'ਕਤਲ' ਦੇ ਮੁਕਦਮੇ ਨੂੰ ਬੜੀ ਤੇਜ਼ੀ ਨਾਲ ਸਵਾ ਤਿੰਨ ਸਾਲ ਵਿੱਚ ਨਿਬੇੜ ਕੇ ਸ. ਕੇਹਰ ਸਿੰਘ ਤੇ ਸ. ਸਤਵੰਤ ਸਿੰਘ ਨੂੰ ਫਾਂਸੀ ਲਾ ਦਿੱਤੀ ਗਈ।

ਦੂਜੇ ਪਾਸੇ ਸਿੱਖਾਂ ਦੇ ਕਤਲੇਆਮ ਦੇ ਕੇਸਾਂ ਬਾਰੇ ਪੁਲੀਸ, ਪ੍ਰਸ਼ਾਸਨ ਤੇ ਅਦਾਲਤਾਂ ਸੁੰਨ-ਮ-ਸੁੰਨ ਹਨ। ਤਿਰਲੋਕਪੁਰੀ ਵਾਲੇ ਸਭ ਤੋਂ ਘਿਨਾਉਣੇ ਕਤਲ ਕਾਂਡ ਦੀ ਰਿਪੋਰਟ ਪੁਲੀਸ ਨੇ ਅਦਾਲਤ ਵਿੱਚ 13 ਮਹੀਨੇ ਪਿਛੜ ਕੇ ਦਸੰਬਰ 1984 ਵਿੱਚ ਪੇਸ਼ ਕੀਤੀ। ਦਸੰਬਰ 1984 ਤੋਂ ਜੁਲਾਈ 1995 ਤਕ ਲਗਾਤਾਰ ਦਸ ਸਾਲ-ਦੋਸ਼ੀ ਅਦਾਲਤ ਵਿੱਚ ਜਾਂਦੇ ਤੇ ਤਰੀਕ ਲੈ ਕੇ ਮੁੜ ਆਉਂਦੇ ਰਹੇ। ਕੇਸ ਸ਼ੁਰੂ ਹੀ ਨਾ ਹੋਇਆ। ਇਹੀ ਹਾਲ ਬਾਕੀ ਕੇਸਾਂ ਦਾ ਰਿਹਾ। ਖ਼ਿਆਲ਼ ਰਹੇ ਕਿ 1984 ਤੋਂ 1995 ਤਕ ਹੀ ਸਿੱਖ ਖਾੜਕੂਆਂ ਦਾ ਬੋਲਬਾਲਾ ਰਿਹਾ।

ਸਪਸ਼ਟ ਹੈ ਕਿ ਇੰਦਰਾ ਬੀਬੀ ਦੀ ਜਾਨ ਉਹਨਾਂ ਹਜ਼ਾਰਾਂ ਸਿੱਖਾਂ ਨਾਲੋਂ ਕਿਤੇ ਵੱਧ 'ਅਹਿਮ' ਮੰਨੀ ਗਈ, ਜਿਨ੍ਹਾਂ ਨੂੰ ਸਿਰਫ਼ 'ਸਿੱਖ' ਹੋਣ ਕਰਕੇ ਮਾਰਿਆ ਗਿਆ ਸੀ। ਅੱਜ 39 ਵਰ੍ਹਿਆਂ ਬਾਅਦ ਵੀ ਸਿੱਖਾਂ ਦੇ ਕਾਤਲ ਦਨਦਨਾਉਂਦੇ ਫਿਰਦੇ ਹਨ। ਕੋਈ ਪਾਰਲੀਮੈਂਟ ਦਾ ਮੈਂਬਰ ਬਣਿਆ, ਕਿਸੇ ਨੂੰ ਕੋਈ ਹੋਰ ਅਹੁਦਾ ਮਿਲਿਆ। ਜਿਵੇਂ ਪੁਰਾਣੇ ਵੇਲਿਆਂ ਵਿੱਚ ਦੁਸ਼ਮਣਾਂ ਨੂੰ ਮਾਰਨ ਵਾਲਿਆਂ ਨੂੰ ਨਿਵਾਜਿਆ ਜਾਂਦਾ ਸੀ, ਓਵੇਂ ਹੁਣ ਨਿਵਾਜਿਆ ਗਿਆ। ਸਿੱਖ ਦੁਸ਼ਮਣ ਜੋ ਹੈ ਭਾਰਤ ਦਾ! ਹੁਣ ਜੇ ਸਿੱਖਾਂ ਦੇ ਮਨਾਂ ਵਿੱਚ ਇਹ ਖਿਆਲ ਵਾਰ-ਵਾਰ ਆਉਂਦਾ ਹੈ ਕਿ ਸ਼ੁਕਰ ਹੈ ਸਿੱਖ ਖਾੜਕੂਆਂ ਨੇ ਕੁਝ ਕੁ ਕਾਤਲਾਂ ਨੂੰ ਸਜ਼ਾਵਾਂ ਦੇ ਦਿੱਤੀਆਂ, ਤਾਂ ਠੀਕ ਹੀ ਹੈ, ਕਿਉਂਕਿ ਹਿੰਦੁਸਤਾਨੀ ਨਿਜ਼ਾਮ ਤਾਂ ਕਾਤਲਾਂ ਦੀ ਹਿੱਕ ਠੋਕ ਕੇ ਪੁਸ਼ਤਪਨਾਹੀ ਕਰ ਰਿਹਾ ਹੈ। ਜਿੰਨੇ ਕੁ ਦੋਸ਼ੀਆਂ ਨੂੰ ਖਾੜਕੂਆਂ ਨੇ ਮਾਰਿਆ, ਓਨੇ ਕੁ ਨਾਲ ਸਿੱਖ ਕਹਿਣ ਜੋਗੇ ਤਾਂ ਹੋ ਗਏ ਕਿ ਅਸੀਂ ਬਦਲਾ ਲੈ ਲਿਆ। ਜਦੋਂ ਕਨੂੰਨ ਆਪਣਾ ਕੰਮ ਨਾ ਕਰੇ ਤਾਂ ਫਿਰ ਲੋਕ ਆਪਣੇ ਹੱਥ ਵਿੱਚ ਕਨੂੰਨ ਲੈਣਗੇ ਹੀ।

ਨਵੰਬਰ 1984 ਦਾ ਕਤਲੇਆਮ ਹਿੰਦੋਸਤਾਨ ਦੇ ਮੱਥੇ ਉੱਤੇ ਤਾਂ ਕਲੰਕ ਹੈ ਹੀ, ਇਹ ਉਸ ਹਿੰਦੂ ਜ਼ਹਿਨੀਅਤ ਦਾ ਵੀ ਕੋਹਝ ਨੰਗਾ ਕਰਦਾ ਹੈ, ਜਿਸ ਨੇ ਗੁਰੂ ਸਾਹਿਬਾਨ ਤੇ ਸਿੱਖਾਂ ਦੇ ਕੀਤੇ ਅਹਿਸਾਨਾਂ ਨੂੰ ਭੁੱਲ ਕੇ ਅਕ੍ਰਿਤਘਣਤਾ ਦੀ ਸਿਖ਼ਰ ਛੋਹੀ ਹੈ। ਹਿੰਦੋਸਤਾਨੀ ਨਿਜ਼ਾਮ ਨੇ ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਲਈ ਜੋ ਹੱਥਕੰਡੇ ਵਰਤਣੇ ਸੀ, ਵਰਤ ਲਏ ਪਰ ਇਸ ਨਾਲ ਸਿੱਖ ਮਨਾਂ ਅੰਦਰ ਇਹ ਹਕੀਕਤ ਘਰ ਕਰ ਗਈ ਕਿ ਇਸ ਮੁਲਕ ਵਿੱਚ ਸਿੱਖ ਤੇ ਸਿੱਖੀ ਸੁਰੱਖਿਅਤ ਨਹੀਂ।

☛ **ਬਾਕੀ ਅਗਲੇ ਸਫ਼ੇ 'ਤੇ**

# ਜਬ ਬੜਾ ਪੇੜ ਗਿਰਾ



ਲਿਖਤ
ਡਾ. ਦਰਸ਼ਨ ਸਿੰਘ ਹਰਵਿੰਦਰ




31 ਅਕਤੂਬਰ 1984 ਨੂੰ 'ਬੜਾ ਪੇੜ' ਡਿੱਗਣ 'ਤੇ ਝੰਜੋੜ ਕੇ ਰੱਖਗਈ , ਉਸੇ ਦਿਨ ਤੋਂਤਿੰਨ ਦਿਨ ਤੱਕ ਦਹਿਲੀਦਿੱਲੀ ਦੀ ਇਸ ਵਾਰ 39ਵੀਂ ਸਾਲਗਿਰ੍ਹਾ ਹੈ।ਦਹਿਲੀ ਦਿੱਲੀ ਤਦ ਜਦਜਲ ਰਹੀ ਸੀਤਾਂ ਹਕੂਮਤ-ਏ-ਹਿੰਦ 'ਸੌਂ' ਰਹੀ ਸੀ, 'ਬੰਸਰੀਵਜਾਉਂਦੇ ਨੀਰੂ ਦੀ ਤਰ੍ਹਾਂਆਪਣੇ ਜਲ ਰਹੇ ਰੋਮਤੋਂ ਬੇਖ਼ਬਰ।'

ਇਹ ਵੀ ਕੈਸਾਇਤਫਾਕ ਕਿ ਹਿੰਦੁਸਤਾਨ ਦੇਸਿੱਖ ਰਾਸ਼ਟਰਪਤੀ ਗਿਆਨੀ ਜ਼ੈਲਸਿੰਘ ਰਾਜੀਵ ਗਾਂਧੀ ਨੂੰਮੁਲਕ ਦਾ ਪ੍ਰਧਾਨ ਮੰਤਰੀਬਣਾਉਣ ਦੀ ਜਦ ਤਾਜਪੋਸ਼ੀਕਰ ਰਹੇ ਸਨਤਦ ਰਾਸ਼ਟਰਪਤੀ ਭਵਨਤੋਂ ਬਾਹਰ ਦਿੱਲੀ ਵਿੱਚਸਿੱਖਾਂ ਨੂੰ 'ਸਬਕ' ਸਿਖਾਇਆ ਜਾ ਰਿਹਾਸੀ ਬੇਰਹਿਮੀ ਨਾਲ। ਰੋਜ਼ਾ-ਏ-ਕਿਆਮਤਦੀ ਪਹਿਲੀ ਰਾਤਦਾ ਆਗਾਜ਼ ਹੋਚੁੱਕਿਆ ਸੀ।

ਹਿੰਦੁਸਤਾਨ ਦਾ ਨਵਾਂ ਹੁਕਮਰਾਨਬਣਨ ਲਈ ਸੰਨ 2014 ਦੇਸ਼ੁਰੂ ਵਿੱਚ ਹੋਏ ਲੋਕਸਭਾ 'ਯੁੱਧ' ਵਿੱਚ ਜਜ਼ਬਾਤੀ ਤਕਰੀਰਾਂਦਾ ਸਹਾਰਾ ਲੈਂਦੇਹੋਏ ਰਾਹੁਲ ਗਾਂਧੀ ਦੁਆਰਾਛੱਡੇ ਗਏ ਅਗਨ-ਬਾਣ "ਦਾਦੀ ਕੀ ਹੱਤਿਆ ਦੇਬਾਅਦ ਮੁਝੇ ਪਤਾ ਚਲਾਕਿ...." ਨੂੰ ਕੱਟਣ ਲਈਨਰੇਂਦਰ ਮੋਦੀ ਦੇ 'ਬ੍ਰਹਮਅਸਤਰ' ਉਹ (ਰਾਹੁਲ) ਆਪਣੀਦਾਦੀ ਦੇ ਕਤਲ ਉੱਤੇਤਾਂ ਚੀਖ ਰਿਹਾਹੈ ਪਰ ਕਦੇਉਸਨੇ '84 ਕਤਲੇਆਮ ਵਿੱਚ ਮਾਰੇਜਾਣ ਵਾਲਿਆਂ 'ਤੇ ਆਪਣੇਹੰਝੂ ਵਹਾਏ ਹਨ? ਦਾਅਸਰ ਇੰਨਾ ਤੇਜ਼ ਨਿਕਲਿਆਕਿ ਅਜੇ ਤੱਕਨਾ ਤਾਂ ਕਾਂਗਰਸਦੇ ਵੱਲੋਂ ਹੀਕੋਈ ਤਸੱਲੀਬਖਸ਼ ਜਵਾਬਆਇਆ ਹੈ ਸਗੋਂ ਇਸ 'ਬ੍ਰਹਮ ਅਸਤਰ' ਦੇ ਸਹਾਰੇ ਕਈਸਿੱਖ ਨੇਤਾ ਵੀ ਪਹਿਲਾਂਤੋਂ ਜ਼ਿਆਦਾ ਤਾਕਤਵਰ ਵਿਖਾਈਦਿੱਤੇ।

ਆਜ਼ਾਦ ਹਿੰਦੁਸਤਾਨ ਦੇਆਜ਼ਾਦ ਨਾਗਰਿਕ ਕਿੰਨੇ ਆਜ਼ਾਦਹਨ, ਇਹ ਤਾਂ ਇੱਕਵੱਖਰਾ ਮਸਲਾ ਹੈ, ਪਰਇਹ ਇੱਕ ਕੌੜਾਸੱਚ ਹੈ ਕਿ ਸੰਨ 1984 ਦੀ 31 ਅਕਤੂਬਰ ਦੀ ਸ਼ਾਮਤੋਂ 3 ਨਵੰਬਰ ਤੱਕ ਸਿੱਖਾਂਦੇ ਵਹਿਸ਼ੀ ਸ਼ਿਕਾਰਦੀ ਆਜ਼ਾਦੀ ਕੁਝਲੋਕਾਂ ਨੂੰ ਜ਼ਰੂਰ ਮਿਲੀਹੋਈ ਸੀ।ਇਸ ਚਾਰ ਰੋਜ਼ਾ 'ਆਜ਼ਾਦੀ' ਜਿਸਦੇ ਤਾਂਡਵ ਨਾਚਨੇ ਦੇਸ਼ ਦੇਨਾਂ 'ਤੇ ਕਲੰਕ ਦਾਕਾਲਾ ਧੱਬਾ ਲਗਾ ਦਿੱਤਾ, ਨੂੰ ਹਿੰਦੁਸਤਾਨ ਦੇ ਇਤਿਹਾਸ ਵਿੱਚਕਾਲੇ ਪੰਨਿਆਂ 'ਤੇ ਲਿਖਿਆਜਾਵੇਗਾ।

ਦੁਖਦ ਤਾਂ ਇਹਕਿ ਉਦੋਂ ਤੋਂਲੈ ਕੇ ਹੁਣ 39ਵੀਂ ਵਰ੍ਹੇਗੰਢ ਤੱਕ ਵੀਇਸ ਚਾਰ ਰੋਜ਼ਾ 'ਆਜ਼ਾਦੀ' ਨੂੰ 'ਦੰਗਾ' ਪ੍ਰਚਾਰਤ ਕੀਤਾ ਜਾਂਦਾਆ ਰਿਹਾ ਹੈਜਦੋਂ ਕਿ ਹਕੀਕਤ ਵਿੱਚਇਹ ਸ਼ਰੇਆਮ ਸਿੱਖਕਤਲੇਆਮ ਸੀ, ਜਿਸ ਨੇਦੁਨੀਆਂ ਭਰ ਦੇ ਲੋਕਾਂਵਿੱਚ ਤਹਿਲਕਾ ਮਚਾਉਂਦੇ ਦੇਸ਼ਦੀ ਰਾਜਧਾਨੀ ਦੇਅੰਦਰ ਸਿੱਖ ਵਿਧਵਾਵਾਂ ਦੀਵੱਖਰੀ ਕਲੋਨੀ ਹੀ ਵਸਾਕੇ ਰੱਖ ਦਿੱਤੀ।

ਸਿਤਮ ਇਹ ਕਿਦੁਨੀਆਂ ਵਿੱਚ ਕਿਧਰੇ , ਕਿਤੇਵੀ ਅਜਿਹੀ ਮਿਸਾਲਨਹੀਂ ਮਿਲਦੀ, ਜਿੱਥੇ ਵਿਧਵਾਕਲੋਨੀ ਵਜੂਦ ਵਿੱਚ ਆਈਹੋਵੇ, ਪਰ ਮੁਲਕ ਦੇਹੋਰਨਾਂ ਖੇਤਰਾਂ ਦੇ ਇਲਾਵਾਇਸਦੀ ਰਾਜਧਾਨੀ ਦਿੱਲੀ ਦੀਆਂਸੜਕਾਂ, ਗਲੀ-ਮੁਹੱਲਿਆਂ ਵਿੱਚਸਿੱਖਾਂ ਨੂੰ ਮੌਤ ਦਾਤਾਂਡਵ ਨਾਚ ਸਹਿਣ ਦੇਕਾਰਨ ਦਿੱਲੀ , ਜਿੱਥੇ ਪੂਰੇਦੇਸ਼ ਦੀ ਵਾਗਡੋਰ ਸੰਭਾਲਣਵਾਲੇ 'ਪ੍ਰਭੂਆਂ' ਦਾ ਵਾਸ ਹੋਵੇ, ਉੱਥੇ ਵੀ ਮੁਲਕ ਦੇਹੁਕਮਰਾਨਾਂ ਦੇ ਰਿਹਾਇਸ਼ੀ ਬਨਾਮਰਾਜ ਚਲਾਉਣ ਵਾਲੇ ਇਸਸ਼ਹਿਰ ਵਿੱਚ ਵਿਧਵਾ ਕਲੋਨੀਦਾ 'ਮਜ਼ਾ ਚੱਖਣ' ਲਈ ਮਜਬੂਰ ਹੋਣਾਪਿਆ ਹੋਵੇ।

'ਵਿਧਵਾਵਾਂ ਦੀ ਕਲੋਨੀ' ਕਹਿੰਦੇਹੋਏ ਇੱਕ ਪੱਥਰ ਦਿਲਇਨਸਾਨ ਦਾ ਵੀ ਦਿਲਕੰਬ ਉੱਠਦਾ ਹੈ।ਉਸਦਾ ਮਾਹੌਲ ਵੇਖਕੇ, ਇਨ੍ਹਾਂਪੀੜਿਤ ਪਰਿਵਾਰਾਂ ਦਾ ਦੁੱਖਸੁਣ ਕੇ ਦਿਲ ਦਹਿਲਦਾਹੈ ਤੇ ਅੰਦਰੋਂਇੱਕ ਹੂਕ ਜੇਹੀ ਉੱਠਦੀਹੈ ਕਿ ਦੇਸ਼ਦੀ ਆਨ ਤੇਸ਼ਾਨ ਦੀ ਖ਼ਾਤਰ ਸਭਤੋਂ ਜ਼ਿਆਦਾ ਯੋਗਦਾਨ ਪਾਉਣਤੇ ਕੁਰਬਾਨੀ ਦੇਣਵਾਲੀ ਇਸ ਕੌਮ ਜਿਸਦੇਹਜ਼ਾਰਾਂ ਪਰਿਵਾਰ ਅਨਾਥ ਹੋਗਏ, ਬੱਚੇ ਯਤੀਮ ਹੋਗਏ, ਸੁਹਾਗਣਾਂ ਦੇ ਸੁਹਾਗਲੁੱਟੇ ਗਏ, ਪਰ ਉਹੀਸਿੱਖ ਕੌਮ, ਜਿਸਨੇ ਅਰਬਾਂਰੁਪਏ ਖਰਚ ਕਰਕੇ ਆਪਣੇ ਗੁਰੂਸਾਹਿਬਾਨ ਦੀਆਂ ਆਲੀਸ਼ਾਨ ਯਾਦਗਾਰਾਂਸਥਾਪਤ ਕੀਤੀਆਂ ਹੋਣ, ਨੇਇਹਨਾਂ ਪੀੜਿਤ ਪਰਿਵਾਰਾਂ ਦੇਨਾਲ ਮਹਿਜ਼ ਹਮਦਰਦੀ ਜ਼ਾਹਰਕਰਨ, ਪਿਛਲੇ 39 ਸਾਲਾਂ ਤੋਂਉਨ੍ਹਾਂ ਨੂੰ ਸਨਮਾਨ ਯੋਗਵਸਦੇ ਰਹਿਣ ਲਈ ਸਿਵਾਏਹੇਜ ਜਤਾਉਣ ਦੇ ਤਸੱਲੀਬਖਸ਼ਕੁੱਝ ਨਹੀਂ ਕੀਤਾ।

1984 ਦੇ ਇਸ ਸ਼ਰਮਨਾਕਕਾਂਡ ਜਿਸਨੇ ਭਾਰਤ ਦੇਲੋਕਤੰਤਰਿਕ ਚਿਹਰੇ ਉੱਤੇ ਕਾਲਿਖਪੋਤ ਦਿੱਤੀ, ਕੋਈ ਮਾਮੂਲੀਘਟਨਾ ਨਹੀਂ ਸੀ, ਸਗੋਂਹਜ਼ਾਰਾਂ ਸਿੱਖਾਂ ਦੇ ਵਹਿਸ਼ੀਕਤਲੇਆਮ, ਲੁੱਟਮਾਰ, ਅੱਗਜਨੀ ਅਤੇਜਬਰਜਨਾਹ ਦੀਆਂ ਘਟਨਾਵਾਂ ਨੇਦੁਨੀਆਂ ਭਰ ਵਿੱਚ ਝੰਜੋੜ ਕੇਰੱਖ ਦਿੱਤਾ। ਉਸਦੇਬਾਅਦ ਭਾਜਪਾ ਸਹਿਤ ਕਈਹਕੂਮਤਾਂ ਆਈਆਂ ਤੇ ਆਕੇ ਚਲੀਆਂ ਗਈਆਂ, ਪਰ ਕਿਸੇ ਨੇਵੀ ਤਸੱਲੀਨਾਲ ਇਨ੍ਹਾਂਸਿੱਖ ਕਤਲੇਆਮ ਪੀੜਤਾਂ ਦੇਦੁਖੀ ਪਰਿਵਾਰਾਂ ਦੇ ਅੱਲੇਜ਼ਖਮਾਂ 'ਤੇ ਮਲੱਹਮ ਲਗਾਉਣਦਾ ਕਸ਼ਟ ਨਹੀਂਕੀਤਾ।

31 ਅਕਤੂਬਰ 1984 ਨੂੰ ਹਿੰਦੁਸਤਾਨ ਦੀਤਤਕਾਲੀਨ ਪ੍ਰਧਾਨ ਮੰਤਰੀ ਇੰਦਰਾਗਾਂਧੀ, ਜਿਨ੍ਹਾਂ ਦੇ ਘਿਨਾਉਣੇਕਤਲ ਦੇ ਬਾਅਦ ਇਹਵਹਿਸ਼ੀ ਸਿੱਖ ਕਤਲੇਆਮ ਹੋਇਆ, ਦੇ ਸਪੁੱਤਰ ਰਾਜੀਵਗਾਂਧੀ ਨੇ ਤਾਂ ਪ੍ਰਧਾਨਮੰਤਰੀ ਬਣ ਕੇ ਦੇਸ਼ਦੀ ਵਾਗਡੋਰ ਸੰਭਾਲਦੇਹੀ ਐਲਾਨ ਕਰਦਿੱਤਾ ਸੀ, "ਜਦੋਂ ਵੱਡਾਦਰਖੱਤ ਡਿੱਗਦਾ ਹੈ ਤਾਂਧਰਤੀ ਹਿੱਲਦੀ ਹੀ ਹੈ। ".....ਤੇ ਇਹਧਰਤੀ ਇੰਨੀ 'ਹਿੱਲੀ' ਕਿ ਸਿੱਖ ਕਤਲੇਆਮਦਾ ਭੂਚਾਲ ਹੀਆ ਗਿਆ।

ਵਕਤ ਵੱਡੇ-ਵੱਡੇਜ਼ਖ਼ਮਾਂ ਨੂੰ ਭਰ ਦਿੰਦਾਹੈ, ਪਰ ਕਈ ਲਾ-ਇਲਾਜ ਜ਼ਖ਼ਮ ਅਜਿਹੇਵੀ ਹੁੰਦੇ ਹਨਜੋ ਹਮੇਸ਼ਾ ਹਰੇਰਹਿੰਦੇ ਹਨ।ਇਹਨਾਂ ਜ਼ਖਮਾਂ ਦਾ ਦਰਦਤਦ ਹੋਰ ਵੀਤਿੱਖੀ ਚੀਸ ਬਣ ਜਾਂਦਾਹੈ ਜਦੋਂ ਉਨ੍ਹਾਂਉੱਤੇ ਮਲਹਮ ਲਗਾਉਣ ਦੀਬਜਾਇ ਲੂਣ ਦੇ ਛਿੱਟੇਪੈਂਦੇ ਰਹਿਣ, ਕਿਸੇ ਵੀਤਰਫੋਂ ਇਨਸਾਫ਼ ਮਿਲਣ ਦੇਸਾਰੇ ਦੁਆਰ ਬੰਦ ਹੋਜਾਣ।

1984 ਦੇ ਸਿੱਖ ਕਤਲੇਆਮਤੋਂ ਪ੍ਰਭਾਵਿਤ ਪਰਿਵਾਰਾਂ ਦੇਨਾਲ ਵੀ ਅਜਿਹਾ ਹੀਦੁਖਾਂਤ ਵਾਪਰਿਆ, ਜਿਨ੍ਹਾਂ ਦੇ 'ਸਿਰ ਦੇ ਸਾਈਆਂ' ਨੂੰ ਤਾਂ ਇਹਹਸੀਨ ਦੁਨੀਆਂ ਹੋਰ ਵੇਖਣੀਨਸੀਬ ਹੀ ਨਹੀਂ ਸੀ। ਪਰਉਹ ਪਿੱਛੇ ਆਪਣੇਪਰਿਵਾਰਾਂ ਨੂੰ ਦਰ-ਦਰਦੀਆਂ ਠੋਕਰਾਂ ਖਾਣ ਲਈਛੱਡ ਗਏ।ਮੱਧ ਵਰਗੀ ਪਰਿਵਾਰਾਂ ਉੱਤੇਤਾਂ ਇਹ ਮਾਰ ਜ਼ਿਆਦਾਹੀ ਪਈ ਜੋਆਪਣੇ ਵਸਦੇ-ਰਸਦੇ ਘਰਛੱਡਕੇ ਝੁੱਗੀ ਝੌਂਪੜੀਆਂ ਵਿੱਚਡੇਰਾ ਲਾਉਣ ਲਈ ਮਜਬੂਰਹੋ ਗਏ।ਆਪਣੇ ਮਰਦਾਂ ਦੇ ਬਿਨਾਂਇਹਨਾਂ ਪਰਿਵਾਰਾਂ ਦੀਆਂ ਔਰਤਾਂਤੇ ਬਾਪ ਬਿਨਾਂਜਿਵੇਂ ਉਨ੍ਹਾਂ ਦੇ ਬੱਚਿਆਂਨੇ ਇਹ ਸਮਾਂਕਈ-ਕਈ ਵਕਤਭੁੱਖੇ ਰਹਿ ਕੇ ਠੰਡੀਆਂਸਰਦ ਰਾਤਾਂ ਵਿੱਚ ਖੁੱਲ੍ਹੇਅਸਮਾਨ ਹੇਠ ਗੁਜ਼ਾਰਿਆ ਹੈ, ਇਹ ਅਹਿਸਾਸ ਉਨ੍ਹਾਂਦੇ ਇਲਾਵਾ ਕਿਸੇਹੋਰ ਨੂੰ ਕੀਹੋ ਸਕਦਾ ਹੈ ?

ਦਰਅਸਲ 1984 ਦਾ ਇਹ ਕਤਲੇਆਮਇੰਨਾ 'ਪ੍ਰਸਿੱਧ' ਹੋ ਚੁੱਕਿਆ ਹੈਕਿ ਇਸਦੇ ਨਾਲਹੁਣ 'ਸਿੱਖ' ਲਗਾਉਣ ਦੀ ਵੀਜ਼ਰੂਰਤ ਨਹੀਂ ਰਹੀ, ... ਤੇਪੀੜਿਤ ਇਹਨਾਂ ਸਿੱਖ ਸ਼ਰਨਾਰਥੀਆਂਨੂੰ ਆਪਣੇ ਸੌੜੇ ਮੁਫ਼ਾਦਾਂਲਈ ਕੈਸ਼ ਕਰਨਵਿੱਚ ਹੇਜੀਆਂ ਨੇ ਕੋਈਹਿਚਕਿਚਾਹਟ ਨਹੀਂ ਵਿਖਾਈ।ਇਹੀ ਵਜ੍ਹਾ ਹੈ ਕਿ 1984 ਦੇ ਇਸ ਸਿੱਖ ਕਤਲੇਆਮਦੀ ਅੱਗ ਵਿੱਚਝੁਲਸੇ ਹਜ਼ਾਰਾਂ ਲੋਕ ਅਜੇਵੀ ਯਥਾ-ਯੋਗਸੈਟਲ ਨਹੀਂ ਹੋ ਸਕੇ। ਪਰਉਨ੍ਹਾਂ ਦੇ ਜ਼ਰੀਏ ਕੁਝਲੋਕ ਸਿੱਖ ਰਾਜਨੀਤੀ ਤੇਮਾਲੀ ਖੇਤਰ ਵਿੱਚ ਆਪਣਾਕੱਦ ਵਧਾਉਣ ਵਿੱਚ ਜ਼ਰੂਰਕਾਮਯਾਬ ਰਹੇ ਜਿਨ੍ਹਾਂ ਨੇਸ਼ਰਨਾਰਥੀ ਵਿਧਵਾਵਾਂ ਦਾ ਵੀ 'ਸਹਾਰਾ' ਲੈਣ ਤੋਂ ਗੁਰੇਜ਼ਨਹੀਂ ਕੀਤਾ, ਜਿਸਦੀ ਬਦੌਲਤਇਹ ਕਤਲੇਆਮ ਪੀੜਿਤਕੈਂਪ ਦੇਸ਼ ਦੀ ਰਾਜਧਾਨੀਵਿੱਚ ਹਮੇਸ਼ਾ ਸੁਰਖੀਆਂ 'ਤੇਛਾਏ ਰਹੇ। ਇੱਥੋਂਤੱਕ ਕਿਹਾ ਜਾਣ ਲੱਗਾਕਿ ਕੋਈ ਇੱਜ਼ਤਦਾਰਆਦਮੀ ਓਧਰ ਜਾਣ ਦੀਜ਼ੁਰੱਅਤ ਨਹੀਂ ਕਰ ਸਕਦਾ।

ਜ਼ਿਆਦਾਤਰ ਸਿੱਖ ਸਿਆਸਤਦਾਨਾਂਨੇ 1984 ਦੇ ਇਹਨਾਂ ਕਤਲੇਆਮਪੀੜਿਤਾਂ ਨੂੰ ਜੰਮ ਕੇਕੈਸ਼ ਕੀਤਾ ਆਪਣੇ-ਆਪਣੇਮੁਫ਼ਾਦਾਂ ਦੇ ਲਈ।ਜਿਸ ਵੀ ਕਿਸੇ ਸਿੱਖਨੇਤਾ ਨੂੰ ਆਪਣੇ ਰੋਸਪ੍ਰਦਰਸ਼ਨ ਦੀ ਰੌਣਕ ਵਧਾਉਣੀਹੁੰਦੀ, ਅਕਸਰ ਇਹਨਾਂ ਪੀੜਿਤਪਰਿਵਾਰਾਂ ਨੂੰ ਉੱਧਰ 'ਜੋਤ' ਲਿਆ ਜਾਂਦਾ ਹੈ।ਆਹ! ਜ਼ਿੰਦਗੀ ਦਾ ਨਰਕਭੋਗ ਰਹੇ ਇਹ ਪਰਿਵਾਰਵੀ ਕਦੇ ਉੱਚੇਮਹਿਲਾਂ ਦੇ ਮਾਲਿਕ ਸਨ। ਹੈਰਾਨੀਇਹ ਕਿ ਨਵੰਬਰ 1984 ਦੇ ਬਾਅਦ ਇੱਥੋਂ ਦੇਮੁਕਾਮੀ ਅਤੇ ਵਿਦੇਸ਼ਾਂ ਵਿੱਚਬੈਠੇ ਸਰਮਾਏਦਾਰ ਸਿੱਖਾਂ ਨੇ, ਕਹਿੰਦੇ ਨੇ ਖ਼ੂਬ ਜੰਮਕੇ ਆਰਥਿਕ ਸਹਾਇਤਾਦਿੱਤੀ ਸੀ।ਹੁਣ ਰੱਬ ਹੀ ਜਾਣਦਾਹੈ ਕਿ ਇਹਕਿਸ ਵਿੱਚ ਤਕਸੀਮ ਹੋਈਜਾਂ ਕਿਸਦੀ ਜੇਬ ਵਿੱਚਗਈ।

ਇਹੀ ਵਜ੍ਹਾ ਹੈਕਿ 1984 ਦੇ ਇਸ ਦਰਦਨਾਕਤੇ ਸ਼ਰਮਨਾਕ ਸਿੱਖਕਤਲੇਆਮ ਦੀ ਟੀਸ 39 ਸਾਲਦੇ ਲੰਬੇ ਅਰਸੇਤੱਕ ਵੀ ਬਰਕਰਾਰ ਰਹਿਣੀਧਰਮ ਨਿਰਪੱਖ ਜਮਹੂਰੀ ਰਾਜਪ੍ਰਬੰਧ ਲਈ ਬਹੁਤ ਵੱਡਾਮਿਹਣਾ ਨਹੀਂ ਤਾਂ ਹੋਰਕੀ ਹੈ?......ਤੇਉਹ ਵੀ ਤਦਜਦ ਪੀੜਿਤ ਪਰਿਵਾਰਅਜੇ ਵੀ ਇਨਸਾਫ਼ ਦੀਆਸ ਵਿੱਚ ਨਜ਼ਰਾਂਲਗਾਈ ਬੈਠੇ ਹੋਣ।

'ਜਿਨਕੇਮਰ ਜਾਤੇ ਹੈਂ,
ਉਨਸੇ ਤੋ ਜ਼ਰਾ ਪੂਛੀਏ,
ਹਮਨੇ ਤੋ ਅਖ਼ਬਾਰ ਕੀ
ਸੁਰਖੀ ਸਮਝ ਕਰ ਪੜ੍ਹਲੀਆ'।

ਦੂਜੇ ਦੇ ਲੱਗੀਅੱਗ ਨੂੰ ਬਸੰਤਰ ਸਮਝਣਵਾਲਿਆਂ ਨੂੰ ਅੱਗ ਦੇਸੇਕ ਦਾ ਕੀ ਅਹਿਸਾਸ? ਦੇਸ਼ ਦੀ ਖ਼ਾਤਰ ਸਭਤੋਂ ਮੂਹਰੇ ਹੋ ਕੇਕੁਰਬਾਨੀਆਂ ਦੇਣ ਵਾਲੀ ਇਸਕੌਮ ਨੂੰ 'ਬੜਾ ਪੇੜ ( ਦਰਖ਼ਤ )' ਗਿਰਾਉਣ ਦਾ ਮਿਲਿਆਇਹ ਸਬਕ ਸਦੀਦਾ ਸਭ ਤੋਂਸ਼ਰਮਨਾਕ 'ਸਬਕ' ਸੀ।

### ਪਿਛਲੇ ਸਫ਼ੇ ਦਾ ਬਾਕੀ

ਸਿੱਖਾਂ ਨੇ ਦੋ ਸਪਸ਼ਟ ਨਿਸ਼ਾਨੇ ਮਿੱਥੇ ਹਨ, ਇੱਕ ਤਾਂ ਸਿੱਖਾਂ ਦੇ ਕਾਤਲਾਂ ਨੂੰ ਹੱਥੀਂ ਸਜ਼ਾਵਾਂ ਦੇਣੀਆਂ ਤੇ ਦੂਜਾ ਸਿੱਖੀ ਤੇ ਸਿੱਖਾਂ ਦੀ ਚੜ੍ਹਦੀ ਕਲਾ ਲਈ ਖ਼ਾਲਿਸਤਾਨ ਦੀ ਸਿਰਜਣਾ। ਇਸ ਦੇ ਨਾ.ਲ ਹੀ ਸਿੱਖੀ ਵਿੱਚ ਪ੍ਰਪੱਕਤਾ ਲਿਆਉਣੀ ਵੀ ਮੁਢਲਾ ਫ਼ਰਜ਼ ਹੈ। ਇਸ ਦਿਸ਼ਾ ਵੱਲ ਤੁਰ ਰਿਹਾ ਹਰ ਸਿੱਖ ਗੁਰੂ ਪੰਥ ਦੀਆਂ ਅੱਖਾਂ ਦਾ ਤਾਰਾ ਹੈ। ਇਸ ਸਫ਼ਰ ਦੌਰਾਨ ਸਿੱਖਾਂ ਨੇ ਖ਼ਾਲਸਈ ਰਵਾਇਤਾਂ ਤੇ ਡਟ ਕੇ ਪਹਿਰਾ ਦਿੱਤਾ ਹੈ।

ਭਾਵੇਂ ਨਵੰਬਰ 1984 ਮੌਕੇ ਹਿੰਦੋਸਤਾਨ ਭਰ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ ਪਰ ਇਹ ਨਹੀਂ ਕਿ ਸਿੱਖਾਂ ਨੇ ਉਸ ਦੇ ਬਦਲੇ ਪੰਜਾਬ ਵਿੱਚ ਹਿੰਦੂਆਂ ਨੂੰ ਨਿਸ਼ਾਨਾ ਬਣਾ ਲਿਆ ਹੋਵੇ।ਤੱਥ ਹੈ ਕਿ 10 ਨਵੰਬਰ 1984 ਤੱਕ ਪੰਜਾਬ ਦੇ ਹਰ ਦਰ-ਘਰ ਤੱਕ,ਸਾਰੇ ਹਿੰਦੋਸਤਾਨ ਵਿਚ ਸਿੱਖਾਂ ਦੇ ਕਤਲੇਆਮ ਦੀਆਂ ਖਬਰਾਂ ਪਹੁੰਚ ਗਈਆਂ ਸਨ।ਜੇ ਸਿੱਖ ਵੀ ਹਿੰਦੂ ਕੱਟੜਪੰਥੀਆਂ ਵਾਂਗ ਫਿਰਕੂ ਹੁੰਦੇ ਤਾਂ ਘੱਟੋ ਘੱਟ 10 ਦਸਬੰਰ ਤੱਕ ਪੰਜਾਬ ਦੇ ਹਿੰਦੂਆਂ ਨਾਲ ਉਹੀ ਕੁਝ ਹੁੰਦਾ ਜੋ,ਸਿਖਾਂ ਨਾਲ ਪੰਜਾਬ ਤੋਂ ਬਾਹਰ ਹੋਇਆਂ ਸੀ।ਪਰ ਪੰਜਾਬ ਦੀ ਧਰਤੀ ਤੇ ਅਜਿਹਾ ਕੁਝ ਨਹੀ ਹੋਇਆ।। ਪਰ ਇੱਕ ਵੀ ਥਾਂ ਕਿਸੇ ਮੰਦਰ ਦੀ ਜਾਂ ਹਿੰਦੂਆਂ ਦੇ ਧਾਰਮਿਕ ਗ੍ਰੰਥ ਦੀ ਬੇਅਦਬੀ ਨਹੀਂ ਕੀਤੀ ਜਿਵੇਂ ਕਿ ਗੁਰਦਵਾਰਿਆਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸਾਰੇ ਭਾਰਤ ਵਿੱਚ ਹੋਈ ਸੀ। ਹਿੰਦੂਆਂ ਨੇ ਸਿੱਖ ਬੀਬੀਆਂ ਦੀ ਅਸਮਤ ਲੁੱਟੀ ਪਰ ਸਿੱਖਾਂ ਨੂੰ ਤਾਂ ਕਲ.ਗੀਆਂ ਵਾ.ਲੇ ਦੇ ਵਚਨ ਯਾਦ ਹਨ ਕਿ 'ਹਮ ਲੇ ਜਾਨੋ ਪੰਥ ਉਚੇਰੇ।'

ਸਿੱਖਾਂ ਨੂੰ ਪਤਾ ਸੀ ਕਿ ਅਸਲ ਦੋਸ਼ੀ ਤਾਂ ਬਾਹਰ ਬੈਠੇ ਹਨ ਤੇ ਇਹ ਪੰਜਾਬ ਦੇ ਹਿੰਦੂ, ਨਵੰਬਰ ਕਤਲੇਆਮ ਦੇ ਦੋਸ਼ੀ ਨਹੀ।ਇਸ ਕਰਕੇ ਬਾਦ ਵਿਚ ਜੁਝਾਰੂਆਂ ਨੇ ਆਪਣਾ ਰੁਖ਼ ਦਿੱਲੀ ਵੱਲ ਰੱਖਿਆ। ਪੰਜਾਬ ਵਿੱਚ ਤਾਂ ਸਿਰਫ ਉਸ ਹਿੰਦੂ ਨੂੰ ਹੀ ਨਿਸ਼ਾਨਾ ਬਣਾਇਆ, ਜਿਸ ਨੇ ਆਪ ਮੌਤ ਸਹੇੜੀ ।ਸੰਤਾਂ ਭਿੰਡਰਾਂਵਾ.ਲੇ ਵੀ ਕਹਿੰਦੇ ਹੁੰਦੇ ਸੀ- 'ਕਿੰਨੀ ਵੀ ਮਾੜੇ ਹਾਲਾਤ ਹੋ ਜਾਣ, ਕਿਸੇ ਦੀ ਧੀ-ਭੈਣ ਵੱਲ, ਹਿੰਦੂ ਦੀ ਤਾਂ ਖ਼ਾਸ ਕਰਕੇ...ਕਿਸੇ ਨੇ ਗ.ਲਤ ਨਿਗਾਹ ਨਾ.ਲ ਨਹੀਂ ਵੇਖਣਾ...।'

ਨਵੰਬਰ 1984 ਦੇ ਕਾਤਲਾਂ ਨੂੰ ਹਿੰਦੋਸਤਾਨੀ ਹਕੂਮਤ ਨੇ ਨਾ ਤਾਂ ਹੁਣ ਤੱਕ ਸਜ਼ਾ ਦਿਤੀ ਹੈ ਤੇ ਨਾ ਕੋਈ ਸੰਭਾਵਨਾ ਹੈ। ਬਹੁਤੇ ਲੋਕ ਤਾਂ ਇਨਸਾਫ ਉਡੀਕਦੇ ਉਡੀਕਦੇ ਹੀ ਇਸ ਧਰਤੀ ਤੋਂ ਚਲੇ ਗਏ।ਬਣਾਏ ਗਏ ਕਮਿਸ਼ਨਾਂ ਤੇ ਕਮੇਟੀਆਂ ਨੇ ਜਾਂਚ ਕਰਕੇ ਇਹ ਵੀ ਨਹੀ ਦੱਸਿਆ ਕਿ ਆਖਰ ਮਾਰੇ ਗਏ ਹਜਾਰਾਂ ਸਿੱਖਾਂ ਦਾ ਦੋਸ਼ ਕੀ ਸੀ? ਕੀ ਸਿੱਖ ਹੋਣਾ ਜ਼ੁਰਮ ਹੈ? ਜਾਂ ਕੀ ਭਾਰਤ ਵਿਚ ਸਿੱਖ ਨੂੰ ਮਾਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀ ਹੋ ਸਕਦੀ? ਇਹੋ ਜਿਹੇ ਹਜ਼ਾਰਾ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰੀ ਹਿੰਦੋਸਤਾਨੀ ਨਿਜ਼ਾਮ ਸਵਾਲ ਪੁੱਛਣ ਵਾਲਿਆਂ ਨੂੰ ਹਰ ਹੀਲੇ ਖਾਮੋਸ਼ ਕਰਵਾਉਣ ਲਈ ਬਜ਼ਿੱਦ ਹੈ।

# ਨਵੰਬਰ 1984 ਵਿਚ ਸਿੱਖਾਂ ਨਾਲ ਜੋ ਵਾਪਰਿਆ ਉਹ ਭਾਰਤੀ ਮੀਡੀਆ ਦੀ ਜ਼ੁਬਾਨੀ ਜਿਨ੍ਹਾਂ ਕੁ ਸਾਹਮਣੇ ਆਇਆ









ਉਸ ਦੀ ਪੱਗ ਉਤਾਰੀ ਗਈ, ਉਸ ਨੂੰ ਕੁੱਟਿਆ ਗਿਆ। ਉਸ ਦਾ ਸਕੂਟਰ ਉਥੇ ਹੀ ਸਾੜ ਦਿੱਤਾ ਗਿਆ। ਉਦੋਂ ਹੀ ਸਾਈਕਲ ਤੇ ਜਾਂਦੇ ਇਕ ਸਿੱਖ ਤੇ ਹਮਲਾ ਕੀਤਾ ਗਿਆ। ਸਾਈਕਲ ਇਕ ਬਿਜਲੀ ਦੇ ਖੰਭੇ ਤੇ ਟੰਗ ਦਿੱਤਾ ਗਿਆ। ਥੋੜ੍ਹੀ ਦੂਰ ਹੀ ਡੀ.ਟੀ.ਸੀ. ਦੀ ਇਕ ਬੱਸ ਰੋਕ ਲਈ ਗਈ, ਉਸ ਚੋਂ ਦੋ ਸਿੱਖ ਨੌਜਵਾਨਾਂ ਨੂੰ ਬਾਹਰ ਕਢਿਆ ਗਿਆ, ਉਨ੍ਹਾਂ ਨੂੰ ਲੋਹੇ ਦੀਆਂ ਡਾਂਗਾਂ ਨਾਲ ਕੁੱਟਿਆ ਗਿਆ। ਚਾਰ ਹਜ਼ਾਰ ਦੀ ਭੀੜ ਬੇਕਾਬੂ ਹੋ ਕੇ ਹਿੰਸਾ ਤੇ ਉਤਰ ਆਈ। 31 ਅਕਤੂਬਰ ਨੂੰ ਉਨ੍ਹਾਂ ਸਭ ਬੱਸਾਂ, ਸਕੂਟਰਾਂ ਤੇ ਹਮਲਾ ਕੀਤਾ ਗਿਆ, ਜਿਨ੍ਹਾਂ ਨੂੰ ਜਾਂ ਤਾਂ ਸਿੱਖ ਚਲਾ ਰਹੇ ਸਨ, ਜਾਂ ਉਨ੍ਹਾਂ ਦੇ ਮਾਲਕ ਸਿੱਖ ਸਨ, ਥੋਹੜੇ ਸਮੇਂ ਵਿਚ ਹੀ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਦੀਆਂ ਨਾਲ ਲਗਦੀਆਂ ਸੜਕਾਂ ਤੇ ਅੱਗਾਂ ਨਜ਼ਰ ਆ ਰਹੀਆਂ ਸਨ। ਸ਼ਾਮ ਦੇ 8 ਵਜੇ ਤਕ ਭੀੜ ਦਖਣੀ ਦਿੱਲੀ ਦੀਆਂ ਅਮੀਰ ਕਾਲੋਨੀਆਂ ਵਸੰਤ ਵਿਹਾਰ, ਹੌਜ ਖਾਸ, ਪੰਚਸ਼ੀਲ ਇਨਕਲੇਵ, ਗਰੀਨ ਪਾਰਕ, ਡੀਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਤੇ ਸਫਦਰਜੰਗ ਇਨਕਲੇਵ ਵਿਚ ਇਕ ਤੂਫਾਨ ਵਾਂਗ ਜਾਗ ਪਈ। ਇਉਂ ਲਗਦਾ ਸੀ ਜਿਵੇਂ ਕਾਲੋਨੀਆਂ ਭੀੜ ਨੇ ਸਲਾਹ ਨਾਲ ਲੁੱਟ ਮਾਰ ਕੇ ਸਾੜ ਫੂਕ ਲਈ ਵੰਡ ਲਈਆਂ ਹੋਣ। ਸਿੱਖਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਟੈਲੀਵੀਜ਼ਨ, ਰੈਫਰੀਜਰੇਟਰ ਤੇ ਹੋਰ ਕੀਮਤੀ ਸਮਾਨ ਲੁੱਟਿਆ ਗਿਆ ਤੇ ਕਈ ਥਾਂ ਬਾਕੀ ਸਾਮਾਨ ਸਾੜ ਦਿੱਤਾ ਗਿਆ। ਘਰਾਂ ਚ ਰਹਿਣ ਵਾਲਿਆਂ ਨੂੰ ਉਨ੍ਹਾਂ ਦੇ ਗੁਆਂਢੀਆਂ ਨੇ ਆਸਰਾ ਦਿੱਤਾ। ਕਈ ਥਾਂ ਟਾਕਰਾ ਵੀ ਹੋ ਗਿਆ। 10 ਵਜੇ ਰਾਤ ਤਕ ਇਹ ਹਿੰਸਾ ਸਾਰੀ ਦਿੱਲੀ ਵਿਚ ਫੈਲ ਗਈ। ਇਸ ਨੂੰ ਕੌਣ ਠੱਲ੍ਹ ਪਾਉਂਦਾ? 11.30 ਵਜੇ ਰਾਤ ਨੂੰ ਸੜਕਾਂ ਤੇ ਸਿਵਾਏ ਬਲ ਰਹੀਆਂ ਕਾਰਾਂ, ਸਕੂਟਰਾਂ, ਮੋਟਰਾਂ ਦੇ ਹੋਰ ਕੋਈ ਨਹੀਂ ਸੀ।

ਝੁੱਗੀਆਂ-ਝੌਂਪੜੀਆਂ ਅਤੇ ਨੇੜੇ ਦੀਆਂ ਵਸਾਈਆਂ ਗਰੀਬ ਕਾਲੋਨੀਆਂ ਜੋ ਕਾਂਗਰਸ ਦੇ ਵੋਟ ਬੈਂਕ ਹਨ, ਉਨ੍ਹਾਂ ਚੋਂ ਭੀੜਾਂ ਉਠੀਆਂ, ਲੋਕਲ ਲੀਡਰ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੇ ਜੋ ਜੀ ਆਇਆ ਕੀਤਾ। ਪੁਲਿਸ ਮੂਕ ਦਰਸ਼ਕ ਬਣੀ ਹੋਈ ਸੀ। ਪੁਲਿਸ ਵਾਲੇ ਤਾਂ ਭੀੜ ਨੂੰ ਇਹ ਕਹਿ ਰਹੇ ਸਨ "ਜੇ ਤੁਸੀਂ ਅੱਗ ਨਹੀਂ ਲਾਉਣੀ ਜਾਣਦੇ ਤਾਂ ਇਹ ਸੇਵਾ ਸਾਨੂੰ ਕਿਉਂ ਨਹੀਂ ਦੱਸਦੇ?" ਇਕ ਹੋਰ ਪੁਲਸੀਆ ਕਹਿ ਰਿਹਾ ਸੀ "ਤੁਹਾਨੂੰ ਕਾਹਲੀ ਕਾਹਦੀ ਪਈ ਹੈ, ਹੌਲੀ ਹੌਲੀ ਲੁੱਟੋ, ਬਹੁਤ ਸਮਾਂ ਹੈ।" ਦਿੱਲੀ ਵਿਚ 30000 ਪੁਲਸੀਆਂ ਚੋਂ 6000 ਨੂੰ ਜ਼ਰੂਰੀ ਛੁੱਟੀ ਦੇ ਦਿੱਤੀ ਗਈ, ਕਿਉਂਕਿ ਉਹ ਸਿੱਖ ਸਨ। ਬਹੁਤ ਸਾਰੀ ਪੁਲਿਸ ਤੀਨ ਮੂਰਤੀ ਦੇ ਆਲੇ ਦੁਆਲੇ ਆਇਦ ਕਰ ਦਿੱਤੀ ਗਈ। ਹੋਰ ਬਹੁਤ ਪੁਲਿਸ ਬਾਹਰੋਂ ਆਏ ਪ੍ਰਾਹੁਣਿਆਂ ਦੇ ਖਿਆਲ ਰੱਖਣ ਤੇ ਲਾਈ ਹੋਈ ਸੀ। ਇਉਂ ਪੂਰੇ ਤਿੰਨ ਦਿਨ ਤਕ ਦਿੱਲੀ ਵਿਚ ਲਾਅ ਐਂਡ ਆਰਡਰ ਬਿਲਕੁਲ ਖਤਮ ਸੀ। ਸਭ ਸੁਲਝੇ ਵਿਅਕਤੀ ਘਰਾਂ ਚ ਸਹਿਮੇ ਬੈਠੇ ਸਨ।

1 ਨਵੰਬਰ ਨੂੰ ਹਿੰਸਾ ਦੀ ਅੱਗ ਹੋਰ ਵੀ ਤੇਜ਼ ਹੋ ਗਈ। ਗੁੰਡੇ ਤੱਤਾਂ ਨੇ ਇਹ ਦੇਖ ਲਿਆ ਕਿ ਪੁਲਿਸ ਵਲੋਂ ਉਨ੍ਹਾਂ ਨੂੰ ਕੋਈ ਰੋਕ-ਟੋਕ ਨਹੀਂ ਸੀ, ਉਨ੍ਹਾਂ ਦੇ ਹੌਸਲੇ ਹੋਰ ਵੀ ਬੁਲੰਦ ਹੋ ਗਏ। ਦਿੱਲੀ ਦੇ ਆਸੇ ਪਾਸੇ ਦੇ ਪਿੰਡਾਂ ਚੋਂ ਭੀੜਾਂ ਦੀਆਂ ਭੀੜਾਂ ਦਿੱਲੀ ਚ ਦਾਖਲ ਹੋਈਆਂ ਤੇ ਸ਼ਰੇਆਮ ਲੁੱਟ-ਖਸੁੱਟ, ਸਾੜ ਫੂਕ ਤੇ ਸਿੱਖਾਂ ਨੂੰ ਜ਼ਿੰਦਾ ਜਲਾਉਣ ਦੀਆਂ ਘਟਨਾਵਾਂ ਸਾਹਮਣੇ ਆਈਆਂ। ਉਦਾਹਰਣ ਦੇ ਤੌਰ ਤੇ ਸਫਦਰਜੰਗ ਇਨਕਲੇਵ ਦੇ 67 ਸਾਲਾਂ ਦੇ ਇਕ ਬਿਰਧ ਸਿੱਖ ਦੇ ਚਾਰ ਮੰਜ਼ਲੇ ਗੈਸਟ-ਹਾਊਸ ਦੀ ਤਬਾਹੀ ਮਚਾਉਣ ਵਾਲੀ ਭੀੜ ਨੇੜੇ ਦੇ ਮੁਹੰਮਦਪੁਰ ਪਿੰਡ ਦੀ ਸੀ। ਮੁਨੀਰਕਾ ਦੀਆਂ ਸਿੱਖਾਂ ਦੀਆਂ ਦੁਕਾਨਾਂ ਨੂੰ ਸਾੜਿਆ ਫੂਕਿਆ ਗਿਆ। ਗੁਰਦੁਆਰੇ ਨੂੰ ਸਾੜ ਦਿੱਤਾ ਗਿਆ। ਪੰਜਾਬ ਵੂਲਨ ਮਿਲ ਨੂੰ ਸਾੜਿਆ ਗਿਆ। ਵਸੰਤ ਵਿਹਾਰ ਵਿਚ ਪੈਟਰੋਲ ਪੰਪ ਨੂੰ ਅੱਗ ਲਾ ਦਿੱਤੀ ਗਈ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੀ ਕੁਝ ਕੁ ਪਲਾਂ ਬਾਅਦ ਹੀ ਭਾਂਬੜ ਬਣ ਗਿਆ। ਇਕੋ ਹੀ ਵਿਧੀ ਨਾਲ ਸਭ ਥਾਂ ਭੀੜ ਤਬਾਹੀ ਮਚਾ ਰਹੀ ਸੀ। ਪੁਲਿਸ ਅਜੇ ਵੀ ਚੁੱਪ ਸੀ।

12 ਵਜੇ ਦੁਪਹਿਰੇ 4000 ਹਮਲਾਵਰ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਜਮ੍ਹਾ ਹੋ ਗਏ ਤੇ ਨਾਹਰੇ ਲਾਉਣੇ ਸ਼ੁਰੂ ਕੀਤੇ, "ਖਾਲਿਸਤਾਨ ਨਹੀਂ ਬਣੇਗਾ, ਖੂਨ ਕਾ ਬਦਲਾ ਖੂਨ", ਪਰ ਜਦੋਂ ਗੁਰਦੁਆਰੇ ਦੇ ਅੰਦਰੋਂ ਉਨ੍ਹਾਂ ਨੂੰ ਟਾਕਰੇ ਦਾ ਸਾਹਮਣਾ ਕਰਨਾ ਪਿਆ ਤਾਂ ਹਮਲਾਵਰਾਂ ਦੀ ਭੀੜ ਤਿਤਰ ਬਿਤਰ ਹੋ ਗਈ। ਫਿਰ ਉਹੀ ਭੀੜ ਐਨ ਪਾਰਲੀਮੈਂਟ ਦੇ ਨਾਲ ਗੁ: ਰਕਾਬ ਗੰਜ ਵਲ ਚਲ ਪਈ। ਆਸੇ ਪਾਸੇ ਖੜੀਆਂ ਕਾਰਾਂ, ਸਕੂਟਰਾਂ ਨੂੰ ਸਾੜ ਦਿੱਤਾ ਗਿਆ। ਗੁਰਦੁਆਰੇ ਤੇ ਪਥਰਾਉ ਸ਼ੁਰੂ ਕੀਤਾ ਗਿਆ। ਗੁਰਦੁਆਰੇ ਚੋਂ ਬਾਹਰ ਆਉਂਦੇ ਦੋ ਸਿੱਖ ਨੌਜਵਾਨਾਂ ਨੂੰ ਕੁੱਟਣ ਪਿੱਛੋਂ ਸਾੜ ਦਿੱਤਾ ਗਿਆ। ਗੁਰਦੁਆਰੇ ਦੇ ਅੰਦਰੋਂ ਹਮਲਾਵਰਾਂ ਨੂੰ ਇਸ ਪਿਛੋਂ ਟਾਕਰੇ ਦਾ ਸਾਹਮਣਾ ਕਰਨਾ ਪਿਆ।

ਉਸੇ ਦਿਨ ਹੀ ਚੇਤਕ ਐਕਸਪ੍ਰੈਸ ਜੋ ਉਦੈਪੁਰ ਤੋਂ ਦਿੱਲੀ ਆਉਂਦੀ ਹੈ, ਦਿੱਲੀ ਛਾਉਣੀ ਦੇ ਨੇੜੇ, ਉਸ ਚੋਂ ਦੋ ਸਿੱਖਾਂ ਨੂੰ ਕੱਢ ਕੇ ਸਾੜਿਆ ਗਿਆ। ਮਾਇਆਪੁਰੀ ਵਿਚ ਇਕ ਸਿੱਖ ਤੇ ਉਸ ਦੇ ਦੋ ਪੁੱਤਰਾਂ ਨੂੰ ਜ਼ਿੰਦਾ ਜਲਾਇਆ ਗਿਆ। ਪਾਲਮ ਰੋਡ ਤੇ ਦੋ ਭਰਾਵਾਂ ਨੂੰ ਉਨ੍ਹਾਂ ਦੇ ਘਰ ਦੇ ਸਾਹਮਣੇ ਹੀ ਸਾੜ ਦਿੱਤਾ ਗਿਆ। ਜਨਕਪੁਰੀ ਦੇ ਡੀ ਬਲਾਕ ਵਿਚ ਕਈ ਮੌਤਾਂ ਹੋਈਆਂ। ਵਾਸੂਦੇਵ ਇਨਕਲੇਵ ਵਿਚ ਬਲਦੇਵ ਸਿੰਘ ਜੋ ਆਟੋ ਪਾਰਟਸ ਦਾ ਕੰਮ ਕਰਦਾ ਸੀ, ਨੇ ਜਦੋਂ ਬੰਦੂਕ ਨਾਲ ਕੁਝ ਕੁ ਟਾਕਰਾ ਕੀਤਾ ਤਾਂ ਕੁਝ ਦੇਰ ਬਾਅਦ ਹੀ ਗੁੰਡਿਆਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹੋ ਜਿਹੀਆਂ ਘਟਨਾਵਾਂ ਹੀ ਆਰ. ਕੇ. ਪੁਰਮ ਤੇ ਹੋਰ ਕਈ ਕਾਲੋਨੀਆਂ ਵਿਚ ਬੀਤੀਆਂ।

ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ "ਸਥਿਤੀ ਕਾਬੂ ਵਿਚ ਹੈ"। ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ।

ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ-ਪਤਾ ਨਹੀਂ। ਉਨ੍ਹਾਂ ਨੂੰ ਪੁਲਿਸ ਨੇ ਆਪਣੀ ਰੱਖਿਆ ਚ ਲਿਆ ਸੀ, ਪਰ ਉਸ ਪਿਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ :ਉਧਰ ਮਲਕਾਗੰਜ ਵਿਚ 1 ਨਵੰਬਰ ਨੂੰ ਦੁਪਹਿਰੇ 11 ਸਿੱਖਾਂ ਨੂੰ ਜਿਉਂਦੇ ਮਚਾ ਦਿੱਤਾ ਗਿਆ। ਰਜਵੰਤ ਕੌਰ ਜੋ ਮਕਾਨ ਨੰਬਰ 574 ਕਬੀਰ ਬਸਤੀ, ਮਲਕਾ ਗੰਜ ਵਿਚ ਰਹਿੰਦੀ ਸੀ, ਉਸ ਨੇ ਆਪਣਾ ਦੁਖ ਇਉਂ ਸੁਣਾਇਆ, "ਦੁਪਹਿਰ ਬਾਅਦ ਦੋ ਵੱਜੇ ਸਨ, ਅਸੀਂ ਬਾਹਰ ਦੇ ਰੌਲੇ ਗੌਲੇ ਕਰਕੇ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਬਹੁਤ ਸਾਰੇ ਗੁੰਡਿਆਂ ਨੇ ਆ ਕੇ ਸਾਡੇ ਘਰ ਤੇ ਪਥਰਾਉ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਰਵਾਜ਼ਾ ਤੋੜ ਸੁੱਟਿਆ ਤੇ ਅੰਦਰ ਦਾਖਲ ਹੋ ਗਏ। ਉਨ੍ਹਾਂ ਮੇਰੇ ਪਤੀ ਦੇ ਗਲ ਤੇ ਚਾਕੂ ਰੱਖਿਆ ਤੇ ਉਸ ਨੂੰ ਬਾਹਰ ਲੈ ਗਏ। ਬਾਹਰ ਲੈਜਾ ਕੇ ਉਸ ਤੇ ਮਿੱਟੀ ਦਾ ਤੇਲ ਛਿੜਕਿਆ ਤੇ ਜ਼ਿੰਦਾ ਜਲਾ ਦਿੱਤਾ। ਇਉਂ ਹੀ ਮੇਰੇ ਪੁੱਤਰ ਨੂੰ ਸਾੜਿਆ ਗਿਆ। ਉਸ ਦੇ ਗਲ ਵਿਚ ਸੜਦਾ ਟਾਇਰ ਪਾਇਆ ਗਿਆ। ਮੇਰਾ 32 ਵਰ੍ਹਿਆਂ ਦਾ ਭਤੀਜਾ ਜੋ ਉਸੇ ਸਵੇਰ ਹੀ ਕਰਨਾਲ ਤੋਂ ਆਇਆ ਸੀ, ਉਸ ਨੂੰ ਵੀ ਇਉਂ ਹੀ ਮਾਰ ਦਿੱਤਾ ਗਿਆ।"

2 ਨਵੰਬਰ ਨੂੰ ਵੀ ਇਹੀ ਦੁਖਾਂਤ ਜਾਰੀ ਸੀ। ਡਾਕਟਰ ਰਾਮਾਨੀ, ਮੈਡੀਕਲ ਅਫਸਰ ਅਤੇ ਪੋਸਟ ਮਾਰਟਮ ਦਾ ਇੰਚਾਰਜ, ਉਸ ਦਾ ਕਹਿਣਾ ਸੀ ਕਿ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ, ਥੋਹੜੇ ਜਿਹੇ ਚਿਰ ਬਾਅਦ ਹੀ ਸੈਆਂ ਲਾਸ਼ਾਂ ਹੋਰ ਆ ਜਾਂਦੀਆਂ ਸਨ, ਹਰ ਪਾਸੇ ਲਾਸ਼ਾਂ ਦੀ ਬੂ ਆ ਰਹੀ ਸੀ। ਬਹੁਤ ਸਾਰੀਆਂ ਲਾਸ਼ਾਂ ਪਛਾਣ ਤੋਂ ਬਾਹਰ ਸਨ। ਕਈਆਂ ਦੇ ਨੱਕ, ਕੰਨ ਤੇ ਅੱਖਾਂ ਵਿਚੋਂ ਅਜੇ ਵੀ ਖੂਨ ਵਹਿ ਰਿਹਾ ਸੀ। ਇਸ ਤੋਂ ਬਿਨਾਂ ਬਹੁਤ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਆਲ ਇੰਡੀਆ ਮੈਡੀਕਲ ਇੰਸਟੀਚੀਊਟ ਵਿਚ ਕੀਤਾ ਗਿਆ ਸੀ।

2 ਨਵੰਬਰ ਦੁਪਹਿਰੇ ਜਦੋਂ ਬੰਬਈ ਤੋਂ ਰਾਜਧਾਨੀ ਐਕਸਪ੍ਰੈਸ ਦਿੱਲੀ ਪਹੁੰਚੀ ਤਾਂ ਏਅਰ ਕੰਡੀਸ਼ਨ ਡੱਬਿਆਂ ਵਿਚ ਤਿੰਨ ਅਮੀਰ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ। ਉਨ੍ਹਾਂ ਨੂੰ ਲੋਹੇ ਦੀ ਰਾਡ ਨਾਲ ਕੋਹਿਆ ਗਿਆ ਸੀ, ਖੋਪੜੀ ਭੰਨੀ ਗਈ ਸੀ।

ਕਨਾਟ ਪਲੇਸ ਤੇ ਹੋਰ ਥਾਵਾਂ ਤੋਂ ਤਾਂ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ ਪਰ ਕਈ ਮੁੜ ਵਸਾਈਆਂ ਗਈਆਂ ਕਾਲੋਨੀਆਂ ਵਿਚ ਜੋ ਕਤਲੇਆਮ ਸਾਹਮਣੇ ਆਈ, ਉਸ ਦੇ ਅੱਗੇ ਆਸਾਮ ਦੀ 'ਨੈਲੀ ਕਤਲਾਮ ਵੀ ਕੋਈ ਅਰਥ ਨਹੀਂ ਰੱਖਦੀ। ਇਕ ਕਾਲੋਨੀ ਤ੍ਰਿਲੋਕਪੁਰੀ ਵਿਚ 32 ਨੰਬਰ ਬਲਾਕ ਵਿਚ ਸਾਰੀ ਆਬਾਦੀ ਸਿੱਖਾਂ ਦੀ ਸੀ, ਉਸ ਦੇ ਸਾਰੇ ਮਰਦਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਕਿਉਂਕਿ ਦਿੱਲੀ ਦੀਆਂ ਕਈ ਆਬਾਦੀਆਂ ਵਿਚ ਤ੍ਰਿਲੋਕਪੁਰੀ ਵਾਲਿਆਂ ਜਾ ਕੇ ਲੁੱਟਿਆ ਪੁਟਿਆ, ਸਿੱਖਾਂ ਨੇ ਉਨ੍ਹਾਂ ਨੂੰ ਮਾਲ ਲਿਆਂਦਿਆ ਦੇਖਿਆ ਸੀ, ਇਸ ਲਈ ਉਹ ਹਰ ਗਵਾਹੀ ਨੂੰ ਕਤਲ ਕਰ ਕੇ, ਖਤਮ ਕਰਨ ਉਤੇ ਉਤਰ ਆਏ।

ਇਨ੍ਹਾਂ ਘਟਨਾਵਾਂ ਲਈ ਜੋ ਦੋ ਨਾਂ ਬਾਰ-ਬਾਰ ਸਾਹਮਣੇ ਆਏ ਹਨ, ਉਹ ਹਨ ਕਾਂਗਰਸ ਦੇ ਐਮ.ਪੀ. ਧਰਮਦਾਸ ਸ਼ਾਸਤਰੀ ਅਤੇ ਸਜਨ ਕੁਮਾਰ ਅਤੇ ਉਨ੍ਹਾਂ ਨਾਲ ਹੋਰ ਲੋਕਲ ਕਾਂਗਰਸੀ ਨੇਤਾ ਵੀ ਸ਼ਾਮਲ ਸਨ।"

(ਅਕਸ, ਦਸੰਬਰ 1984)

"ਕੁਝ ਕਾਲੋਨੀਆਂ ਦੀ ਸਾਰੀ ਦੀ ਸਾਰੀ ਆਬਾਦੀ ਮੌਤ ਦੇ ਘਾਟ ਉਤਾਰ ਦਿੱਤੀ ਗਈ। ਕੇਵਲ ਪੂਰਬੀ ਦਿੱਲੀ ਵਿਚ ਹੀ 500 ਮੌਤਾਂ ਹੋਈਆਂ। ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਨੇ ਕਿਹਾ ਕਿ ਮੌਤਾਂ ਕੇਵਲ 15 ਜਾਂ 20 ਹੋਈਆਂ ਹਨ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ "ਸਥਿਤੀ ਕਾਬੂ ਵਿਚ ਹੈ"। ਸਾਡੇ ਰਿਪੋਰਟਰ ਨੇ ਕੇਵਲ ਤ੍ਰਿਲੋਕਪੁਰੀ ਵਿਚ ਹੀ 350 ਲਾਸ਼ਾਂ ਦੇਖੀਆਂ। ਜਦੋਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕਤਲਾਮ ਦਾ ਇਲਮ ਨਹੀਂ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਝਾੜਿਆ। ਸ਼ਾਹਦਰਾ ਵਿਚ 2 ਨਵੰਬਰ ਦੁਪਹਿਰ ਤਕ 75 ਲੋਕ ਕਤਲ ਕੀਤੇ ਜਾ ਚੁਕੇ ਸਨ। ਸੜਕਾਂ ਤੇ ਸੈਆਂ ਲਾਸ਼ਾਂ ਪਈਆਂ ਰਹੀਆਂ, ਜੋ ਸ਼ਾਮ ਨੂੰ ਉਥੋਂ ਚੁਕੀਆਂ ਗਈਆਂ। ਲਾਸ਼ਾਂ ਇਸ ਲਈ ਚੁੱਕ ਦਿੱਤੀਆਂ ਗਈਆਂ ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਤਲਾਮ ਦੀ ਖਬਰ ਸੁਣ ਲਈ ਸੀ ਤੇ ਆਪ ਤਫਤੀਸ਼ ਕਰਨੀ ਸੀ। ਪਰ ਸਕਿਉਰਟੀ ਨੇ ਉਹ ਪ੍ਰੋਗਰਾਮ ਰੱਦ ਕਰਵਾ ਦਿੱਤਾ। 1 ਨਵੰਬਰ ਨੂੰ ਇਹ ਸਾਰਾ ਇਲਾਕਾ ਅੱਗ ਦੀ ਲਪੇਟ ਵਿਚ ਨਜ਼ਰ ਆ ਰਿਹਾ ਸੀ। ਬਹੁਤ ਸਾਰੇ ਸਿੱਖਾਂ ਨੇ ਜਾਨ ਬਚਾ ਲਈ ਤੇ ਵਾਲ ਮੁਨਾ ਦਿੱਤੇ ਤੇ ਕਈ ਬਚਣ ਲਈ ਗੁਰਦੁਆਰੇ ਵਿਚ ਜਾ ਲੁਕੇ। ਜਦੋਂ ਗੁਰਦੁਆਰਾ ਅਚਾਨਕ ਹੀ 200 ਸ਼ਰਨਾਰਥੀਆਂ ਲਈ ਕੈਂਪ ਬਣ ਗਿਆ ਤਾਂ ਉਸ ਸਮੇਂ ਤਕ ਉਨ੍ਹਾਂ ਦੇ ਖਾਣ-ਪੀਣ ਲਈ ਕੁਝ ਵੀ ਨਹੀਂ ਸੀ ਤੇ ਬਾਹਰ ਜ਼ੁਲਮ ਦੀ ਹਨੇਰੀ ਝੁੱਲ ਰਹੀ ਸੀ। ਉਸ ਸਮੇਂ ਜੋ ਮਦਦ ਪਹੁੰਚੀ, ਉਹ ਕੇਵਲ ਆਂਢੀ ਗੁਆਂਢੀ ਹਿੰਦੂਆਂ ਕੋਲੋਂ ਪਹੁੰਚੀ।

5 ਨਵੰਬਰ ਨੂੰ ਕਾਂਗਰਸੀ ਐਮ.ਪੀ. ਧਰਮਦਾਸ ਸ਼ਾਸਤਰੀ ਕਰੋਲ ਬਾਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ। ਇਕ ਹੋਰ ਕਾਂਗਰਸੀ ਐਮ.ਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪੁਲਿਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀਫ ਦੇ ਕੰਮ ਵਿਚ ਵਿਘਨ ਪਾ ਰਹੇ ਹੋ"। ਇਉਂ ਇਕ ਹੋਰ ਕਾਂਗਰਸੀ ਐਮ.ਪੀ. ਸਜਨ ਕੁਮਾਰ ਨੇ ਮੰਗੋਲਪੁਰੀ ਵਿਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਤਲ ਤੇ ਪੈਸੇ ਦਿੱਤੇ।

ਫਰੈਂਡਸ ਕਾਲੋਨੀ ਵਿਚ ਇਕ ਸਿਪਾਹੀ ਨੂੰ ਵੀ ਜ਼ਿੰਦਾ ਸਾੜ ਦਿੱਤਾ ਗਿਆ। ਭਜਨਪੁਰੇ ਦੇ ਨੇੜੇ ਵਸਦੇ ਗਾਮੜੀ ਇਲਾਕੇ ਦੇ 21 ਦੇ 21 ਪਰਿਵਾਰਾਂ ਤੇ ਹਮਲਾ ਕੀਤਾ ਗਿਆ। 40 ਤੋਂ 50 ਤਕ ਬੰਦੇ ਮਾਰੇ ਗਏ। ਪੰਜਾਬੀ ਕਾਲੋਨੀ ਰਾਖ ਦਾ ਢੇਰ ਬਣ ਗਈ, ਸ਼ਕਰਪੁਰ ਵਿਚ ਉਪੱਦਰ ਦਿਨ ਰਾਤ ਜਾਰੀ ਰਿਹਾ। ਸ਼ਕਰਪੁਰ ਤੇ ਕਲਿਆਨਪੁਰੀ ਵਿਚ ਕਾਤਲਾਂ ਨੇ ਕਾਫੀ ਕਹਿਰ ਮਚਾਇਆ।

ਉਤਰੀ ਦਿੱਲੀ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਆਜ਼ਾਦਪੁਰ ਨੂੰ ਕਬਾੜਖਾਨਾ ਬਣਾ ਦਿੱਤਾ ਗਿਆ। ਸੈਆਂ ਟਰੱਕ ਸਾੜ ਦਿੱਤੇ ਗਏ। ਪੁਲਿਸ ਸਟੇਸ਼ਨ ਬਿਲਕੁਲ ਨਾਲ ਹੀ ਹੈ, ਪਰ ਪੁਲਿਸ ਉਦੋਂ ਕਿਧਰੇ ਨਜ਼ਰ ਨਹੀਂ ਆਈ।"

(ਇੰਡੀਅਨ ਐਕਸਪ੍ਰੈਸ, 4 ਨਵੰਬਰ 1984)

"ਨਰੇਲੇ ਚੋਂ ਬਚ ਕੇ ਆਏ ਲੋਕਾਂ ਨੇ ਇਕ ਕੈਂਪ ਵਿਚ ਦੱਸਿਆ ਕਿ ਕਿਵੇਂ ਹਮਲਾਵਰਾਂ ਨੇ ਬੱਚਿਆਂ ਨੂੰ ਚੁੱਕ-ਚੁੱਕ ਕੇ ਛੱਤਾਂ ਤੋਂ ਸੁਟਿਆ, ਕਈ ਪਰਵਾਰਾਂ ਵਿਚੋਂ ਤਾਂ ਕੇਵਲ ਬੱਚੇ ਹੀ ਬਚ ਸਕੇ। ਕਈ ਘਰਾਂ ਦੇ ਜੀਅ ਗੁੰਮ ਹਨ। ਕਈ ਸਾਹਮਣੇ ਹੀ ਤਸੀਹੇ ਦੇ ਦੇ ਕੇ ਮਾਰ ਦਿੱਤੇ ਗਏ। ਕਈਆਂ ਕੋਲ ਇਕ ਰੁਪਈਏ ਤਕ ਨਹੀਂ, ਸਭ ਕੁਝ ਲੁੱਟ ਪੁਟ ਲਿਆ ਗਿਆ।"

"ਗਾਜ਼ੀਆਬਾਦ, ਸੀਲਮਪੁਰ, ਤੁਗਲਕਾਬਾਦ, ਮੋਦੀਨਗਰ, ਨਰੇਲਾ, ਮਹਾਰਾਸ਼ਟਰਾ, ਯੂ.ਪੀ., ਮੱਧ ਪ੍ਰਦੇਸ਼, ਹਰਿਆਣਾ ਦੇ ਕਈ ਸਟੇਸ਼ਨਾਂ ਤੇ ਸਿੱਖ ਭਿਆਨਕ ਆਤੰਕ ਦਾ ਸ਼ਿਕਾਰ ਹੋਏ। 4 ਨਵੰਬਰ ਨੂੰ ਵੀ ਗਾਜ਼ੀਆਬਾਦ (ਮਰੀਆਪਟ) ਕਿਸੇ ਨੇ ਗੱਡੀ ਦੀ ਜੰਜ਼ੀਰ ਖਿੱਚੀ ਤੇ ਬਾਹਰੋਂ ਭੀੜ ਨੇ ਗੱਡੀ ਤੇ ਹਮਲਾ ਬੋਲ ਦਿੱਤਾ। ਸਿੱਖਾਂ ਨੂੰ ਡੱਬਿਆਂ ਚੋਂ ਖਿੱਚ-ਖਿੱਚ ਕੇ ਬਾਹਰ ਲਿਆਂਦਾ ਗਿਆ। ਮਿੱਟੀ ਦਾ ਤੇਲ ਛਿੜਕਿਆ ਗਿਆ ਤੇ ਅੱਗ ਲਾਈ ਗਈ। ਦਿੱਲੀ ਦੇ ਸਟੇਸ਼ਨਾਂ ਤੇ ਸਿੱਖ ਮੁਸਾਫਰਾਂ ਦੇ ਕੈਂਪ ਲਾਏ ਗਏ। ਔਰਤਾਂ ਦਾ ਗਹਿਣਾ ਲੁੱਟ ਲਿਆ ਗਿਆ। ਪਤੀ ਮਾਰ ਦਿੱਤੇ ਗਏ। ਕਈਆਂ ਦੇ ਬੱਚੇ ਮਾਰ ਦਿੱਤੇ ਗਏ। ਗਾਜ਼ੀਆਬਾਦ ਦੇ ਸਟੇਸ਼ਨ ਤੇ ਕਈਆਂ ਦੇ ਵਾਲ ਮੁੰਨ ਦਿੱਤੇ ਗਏ। ਕਾਠਮੰਡੂ ਤੋਂ ਆਏ ਇਕ ਮੁਸਾਫਰ ਤੋਂ ਗਾਜ਼ੀਆਬਾਦ ਸਟੇਸ਼ਨ ਤੇ 50000 ਰੁਪਏ ਵੀ ਲੁੱਟ ਲਏ ਗਏ ਤੇ ਉਸ ਨੂੰ ਮੌਤ ਦੇ ਘਾਟ ਵੀ ਉਤਾਰ ਦਿੱਤਾ ਗਿਆ। ਟਾਟਾ ਐਕਸਪ੍ਰੈਸ ਦੇ ਇਕ ਪੂਰੇ ਡੱਬੇ ਨੂੰ ਵੀ ਕਾਨਪੁਰ ਨੇੜੇ ਅੱਗ ਲਾ ਦਿੱਤੀ ਗਈ।"

***ਕੀ ਦੱਸੀਏ, ਕੀ ਕੀ ਖੋ ਗਿਆ***
***ਬਸ ਨੈਣੋਂ ਪਾਣੀ ਚੋ ਗਿਆ ਫਿਰ ਅੰਬਰ ਸਾਡਾ ਹੋ ਗਿਆ***
***ਜਦ ਸਿਰ ਤੇ ਨਾ ਛੱਤ ਰਹੀ, ਮੈਂ ਵਾਸਤੇ ਘੱਤ ਰਹੀ***

(ਹਿੰਦੁਸਤਾਨ ਟਾਈਮਜ਼, 4 ਨਵੰਬਰ 1984)

"ਦਿੱਲੀ ਦੇ ਦੰਗਿਆਂ ਵਿਚ 50,000 ਲੋਕ ਬੇਘਰ ਹੋ ਗਏ। ਇਨ੍ਹਾਂ ਵਿਚ 20,000 ਕੇਵਲ ਪੂਰਬੀ ਦਿੱਲੀ ਜਮਨਾਪਾਰ ਦੇ ਹੀ ਹਨ। 500 ਲੋਕ ਜਮਨਾ ਪਾਰ ਮਰ ਚੁਕੇ ਹਨ। ਜੋ ਕੈਂਪ ਲਾਏ ਗਏ ਹਨ, ਉਨ੍ਹਾਂ ਦੀ ਸਥਿਤੀ ਬਹੁਤ ਅਣਮਨੁੱਖੀ ਹੈ। ਸ਼ਾਹਦਰਾ ਦੇ ਸਰਕਾਰੀ ਸਕੂਲ ਚ ਇਕ ਔਰਤ ਕਹਿਣ ਲੱਗੀ, "ਮੈਨੂੰ ਪੰਜਾਬ ਲੈ ਜਾਉ"। ਗੁੰਮ ਗਏ ਬੰਦਿਆਂ ਦੀ ਕੋਈ ਸੂਚੀ ਨਹੀਂ ਬਣੀ। ਨੰਦ ਨਗਰੀ ਦੀਆਂ 50 ਮੁਟਿਆਰਾਂ ਦਾ ਕੋਈ ਥਹੁ-ਪਤਾ ਨਹੀਂ। ਉਨ੍ਹਾਂ ਨੂੰ ਪੁਲਿਸ ਨੇ ਆਪਣੀ ਰੱਖਿਆ ਚ ਲਿਆ ਸੀ, ਪਰ ਉਸ ਪਿਛੋਂ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ। ਕੁਝ ਲੋਕਲ ਹਿੰਦੂ, ਕੈਂਪਾਂ ਵਿਚ ਸਿੱਖਾਂ ਨੂੰ ਖਾਣਾ ਪੁਚਾ ਰਹੇ ਸਨ। ਕੁਝ ਲੋਕ ਜੋ ਬਚ ਗਏ ਗੁਰਦੁਆਰਿਆਂ ਵਿਚ ਰੱਖੇ ਗਏ ਸਨ। ਕੈਂਪਾਂ ਵਿਚ ਜ਼ਖਮੀਆਂ ਨੂੰ ਦਵਾਈਆਂ ਦੇਣੀਆਂ ਮੁਸ਼ਕਲ ਹੋ ਰਹੀਆਂ ਸਨ। ਹਸਪਤਾਲਾਂ ਵਿਚ ਉਨ੍ਹਾਂ ਨੂੰ ਭੇਜਿਆ ਨਹੀਂ ਸੀ ਜਾ ਰਿਹਾ, ਕਿਉਂਕਿ ਹਸਪਤਾਲ ਪਹਿਲਾਂ ਹੀ ਭਰੇ ਹੋਏ ਸਨ।"

(ਇੰਡੀਅਨ ਐਕਸਪ੍ਰੈਸ, 5 ਨਵੰਬਰ 1984)

"ਘੱਲੂਘਾਰੇ ਦੇ ਹਫਤਾ ਬਾਅਦ ਵੀ ਜਮਨਾ ਪਾਰ ਤ੍ਰਿਲੋਕਪੁਰੀ ਤੇ ਕਲਿਆਨਪੁਰੀ ਦੇ ਕੁਝ ਉਜੜੇ ਘਰਾਂ ਦੇ ਬਾਹਰ ਕਈ ਔਰਤਾਂ ਤੇ ਬੱਚੇ ਬੈਠੇ ਹੋਏ ਸਨ। ਇਨ੍ਹਾਂ ਔਰਤਾਂ ਦੇ ਪਤੀ ਉਨ੍ਹਾਂ ਦੇ ਸਾਹਮਣੇ ਸਾੜੇ ਗਏ ਸਨ। ਕਲਿਆਨਪੁਰੀ ਬਲਾਕ 11 ਤੇ 13 ਦੀਆਂ ਔਰਤਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਿਤੇ ਕੋਈ ਸਹਾਇਤਾ ਕੈਂਪ ਲੱਗੇ ਹਨ। ਇਹ ਔਰਤਾਂ ਇਥੇ ਬੈਠੀਆਂ ਕੇਵਲ ਖਾਲੀ ਅਸਮਾਨ ਨੂੰ ਘੂਰ ਰਹੀਆਂ ਸਨ। ਉਨ੍ਹਾਂ ਲਈ ਕੋਈ ਭਵਿੱਖ ਨਹੀਂ। ਬਚ ਗਏ ਆਂਢੀ-ਗੁਆਂਢੀ ਇਨ੍ਹਾਂ ਨੂੰ ਰੋਟੀ ਪਾਣੀ ਦੇ ਦਿੰਦੇ ਸਨ।

ਤ੍ਰਿਲੋਕਪੁਰੀ ਦੀਆਂ ਝੁੱਗੀਆਂ ਦੀਆਂ ਦੀਵਾਰਾਂ ਵੀ ਘਟ ਹੀ ਨਜ਼ਰ ਆਉਂਦੀਆਂ ਹਨ। ਕੇਵਲ ਇਕ ਦੀਵਾਰ ਉਥੇ ਗੁਰੂ ਨਾਨਕ ਅਤੇ ਨਾਲ ਹੀ ਇਕ ਹਿੰਦੂ ਦੇਵਤੇ ਦੀ ਤਸਵੀਰ ਨਜ਼ਰ ਆ ਰਹੀ ਸੀ। ਇਥੇ ਹਿੰਦੂਆਂ ਦੇ ਘਰਾਂ ਨੂੰ ਵੀ ਨਹੀਂ ਛੱਡਿਆ ਗਿਆ। ਬਹੁਤ ਸਾਰੀਆਂ ਲਾਸ਼ਾਂ ਨੇੜੇ ਹੀ ਨਹਿਰ ਵਿਚ ਸੁੱਟੀਆਂ ਹੋਈਆਂ ਵੀ ਮਿਲੀਆਂ। ਕਲਿਆਨਪੁਰੀ 11 ਬਲਾਕ ਦੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਜਿਉਂ ਹੀ ਗੜਬੜ ਸ਼ੁਰੂ ਹੋਈ ਤਾਂ ਪੁਲਿਸ ਆਈ ਤੇ ਸਿੱਖਾਂ ਦੇ ਲਾਈਸੈਂਸੀ ਹਥਿਆਰ ਵੀ ਕਬਜ਼ੇ ਚ ਕਰ ਕੇ ਲੈ ਗਈ। ਇਉਂ ਉਹ ਨਿਹੱਥੇ ਹੋ ਗਏ ਤੇ ਗੁੰਡੇ ਕਈ ਵਾਰ ਆਏ, ਉਨ੍ਹਾਂ ਨੂੰ ਲੁੱਟਿਆ ਪੁਟਿਆ ਤੇ ਸੈਆਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਥੇ ਵਧੇਰੇ ਗਰੀਬ ਮਿਹਨਤੀ ਸਿੱਖ ਹੀ ਰਹਿੰਦੇ ਸਨ। ਇਕ ਹਿੰਦੂ ਦੁਕਾਨਦਾਰ ਨੇ ਵੀ ਸਿੱਖਾਂ ਨੂੰ ਬਚਾਉਣ ਲਈ ਗੁੰਡਿਆ ਦਾ ਟਾਕਰਾ ਕੀਤਾ, ਪਰ ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ।"

(ਟਾਈਮਜ਼ ਆਫ ਇੰਡੀਆ, 10 ਨਵੰਬਰ 1984)

**ਇਕੋ ਪ੍ਰਵਾਰ ਦੀਆਂ 21 ਵਿਧਵਾ ਔਰਤਾਂ**

"ਜਨਕਪੁਰੀ (ਸਾਗਰਪੁਰ) ਦਿੱਲੀ ਦੇ ਇਸ ਪਰਵਾਰ ਦੇ 72 ਮੈਂਬਰ ਸਨ, ਪਰ ਹੁਣ ਇਸ ਪਰਵਾਰ ਦੀਆਂ 21 ਵਿਧਵਾ ਔਰਤਾਂ ਅਤੇ ਕੇਵਲ ਇਕ ਮੁੰਡਾ ਬਚਿਆ ਹੈ, ਸਭ ਮਰਦਾਂ ਨੂੰ ਉਨ੍ਹਾਂ ਦੇ ਸਾਹਮਣੇ ਹੀ ਜਲਾਇਆ ਗਿਆ ਤੇ ਇਹ ਸਭ ਕੁਝ ਸਾਗਰਪੁਰ ਦੇ ਲੋਕਾਂ ਨੇ ਹੀ ਕੀਤਾ। ਇਹ ਵੱਡਾ ਪਰਵਾਰ ਸਾਗਰਪੁਰ ਵਿਚ ਜ਼ਮੀਨ ਖਰੀਦ ਕੇ ਗੰਗਾ ਨਗਰ ਤੋਂ ਆ ਕੇ ਵਸਿਆ ਸੀ। ਵੱਡੀ ਭੀੜ ਨੇ ਜਦੋਂ ਇਸ ਪਰਵਾਰ ਤੇ ਹਮਲਾ ਕੀਤਾ ਤਾਂ ਉਨ੍ਹਾਂ ਕੋਲ ਮਿੱਟੀ ਦੇ ਤੇਲ ਦੇ ਟੀਨ ਸਨ। ਉਨ੍ਹਾਂ ਪਹਿਲਾਂ ਕੇਵਲ ਲੁੱਟਣ ਦਾ ਡਰਾਵਾ ਦਿੱਤਾ ਪਰ ਫਿਰ ਇਕ ਇਕ ਕਰ ਕੇ ਮਰਦਾਂ ਨੂੰ ਵੀ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਇਹ ਪਰਵਾਰ ਤਿੰਨ ਭਰਾਵਾਂ ਦਾ ਸੀ, ਬੁਧ ਸਿੰਘ, ਹਰੀ ਸਿੰਘ, ਊਧਮ ਸਿੰਘ, ਅੱਗੋਂ ਉਨ੍ਹਾਂ ਦੇ ਪੁੱਤ ਪੋਤਰੇ ਸਨ। ਭੀੜ ਪਹਿਲਾਂ ਦਿਨੇ ਆਈ, ਸ਼ਾਮ ਨੂੰ ਫਿਰ ਸ਼ਰਾਬੀ ਹੋ ਕੇ ਆਈ। ਘਰ ਸਾੜੇ ਗਏ। ਔਰਤਾਂ ਨੂੰ ਵੀ ਪਥਰਾਂ ਨਾਲ ਕੁੱਟਿਆ ਗਿਆ। ਅੱਠ ਵਰ੍ਹਿਆਂ ਦਾ ਬੰਟੀ ਸਭ ਕੁਝ ਦੇਖ ਕੇ ਪਾਗਲ ਹੋ ਗਿਆ ਹੈ-ਹਰ ਵੇਲੇ ਉਸ ਨੂੰ ਸੜਦੇ ਲੋਕ ਨਜ਼ਰ ਆਉਂਦੇ ਹਨ। ਕੇਵਲ ਬਲਦੇਵ ਸਿੰਘ ਬਚਿਆ ਹੈ, ਕਿਉਂਕਿ ਉਹ ਉਸ ਸਮੇਂ ਫੈਕਟਰੀ ਗਿਆ ਹੋਇਆ ਸੀ। ਘਰ ਦੀ ਇਕ ਨੂੰਹ ਸੁਖਦੇਵ ਕੌਰ ਅਜੇ ਪਿਛਲੇ ਮਹੀਨੇ ਹੀ ਵਿਆਹੀ ਆਈ ਸੀ, ਉਸ ਦਾ ਪਤੀ ਵੀ ਮਾਰਿਆ ਗਿਆ ਹੈ ਅਤੇ ਉਸ ਦੇ ਆਪਣੇ ਮਾਂ-ਪਿਉ ਵੀ ਨੰਦ ਨਗਰੀ ਦਿੱਲੀ ਵਿਚ ਮਾਰੇ ਗਏ ਹਨ।"

(ਇੰਡੀਅਨ ਐਕਸਪ੍ਰੈਸ, 12 ਨਵੰਬਰ 1984)

ਗੱਡੀਆਂ ਚੋਂ ਕੱਢ-ਕੱਢ ਕੇ ਸਿੱਖਾਂ ਨੂੰ ਮਾਰਿਆ ਗਿਆ :"2 ਨਵੰਬਰ ਨੂੰ ਦਿੱਲੀ ਦੇ ਤਿੰਨਾਂ ਵੱਡੇ ਰੇਲਵੇ ਸਟੇਸ਼ਨਾਂ ਤੇ ਭਿਆਨਕ ਖੂਨੀ ਆਤੰਕ ਨਜ਼ਰ ਆਇਆ। ਦੇਸ਼ ਦੇ ਵੱਖ-ਵੱਖ ਥਾਵਾਂ ਤੋਂ ਦਿੱਲੀ ਪਹੁੰਚ ਰਹੀਆਂ ਗੱਡੀਆਂ ਵਿਚ ਜ਼ਖਮੀ ਅਤੇ ਮਰੇ ਹੋਏ ਸਿੱਖਾਂ ਦੀ ਖਾਸੀ ਵੱਡੀ ਗਿਣਤੀ ਸੀ। ਉਦੋਂ ਤਕ ਦਿੱਲੀ ਵਿਚ ਇਹ ਖ਼ਬਰ ਫੈਲ ਚੁੱਕੀ ਸੀ ਕਿ ਨੇੜੇ ਦੇ ਰੇਲਵੇ ਸਟੇਸ਼ਨਾਂ ਗਾਜ਼ੀਆਬਾਦ, ਸਾਹਿਬਾਬਾਦ, ਸ਼ਾਹਦਰਾ, ਸੋਨੀਪਤ, ਤੁਗਲਕਾਬਾਦ, ਓਖਲਾ, ਬਲਭਗੜ੍ਹ ਆਦਿ ਤੇ ਹਿੰਸਕ ਭੀੜ ਗੱਡੀਆਂ ਨੂੰ ਰੋਕ ਰੋਕ ਕੇ ਸਿੱਖਾਂ ਉਤੇ ਹਮਲੇ ਕਰ ਰਹੀ ਹੈ, ਪਰ ਦੋ ਦਿਨ ਬਾਅਦ ਤਕ ਵੀ ਕਿਸੇ ਕਿਸਮ ਦੀ ਸੁਰੱਖਿਆ ਦਾ ਪ੍ਰਬੰਧ ਨਹੀਂ ਕੀਤਾ ਗਿਆ। ਦਿੱਲੀ ਪਹੁੰਚਣ ਵਾਲੇ ਗੰਭੀਰ ਰੂਪ ਵਿਚ ਘਾਇਲ ਲੋਕਾਂ ਦੀ ਸੰਭਾਲ ਦਾ ਵੀ ਕੋਈ ਸੰਤੋਸ਼ਜਨਕ ਪ੍ਰਬੰਧ ਸਟੇਸ਼ਨਾਂ ਉਤੇ ਦਿਖਾਈ ਨਾ ਦਿੱਤਾ। ਸਭ ਤੋਂ ਜ਼ਿਆਦਾ ਤਕਲੀਫਦੇਹ ਸਥਿਤੀ ਇਹ ਸੀ ਕਿ ਜਿਨ੍ਹਾਂ ਘਾਇਲਾਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ, ਉਨ੍ਹਾਂ ਦੇ ਘਰਵਾਲਿਆਂ ਨੂੰ ਨਿਸ਼ਚਿਤ ਸੂਚਨਾ ਦੇਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਸੈਂਕੜੇ ਲੋਕ ਅਨਿਸਚੇ, ਅਸੁਰੱਖਿਆ ਤੇ ਲਾਪ੍ਰਵਾਹੀ ਦੇ ਵਿਚ ਤ੍ਰਿਸ਼ੰਕੂ ਬਣੇ ਲਟਕੇ ਰਹੇ। ਇਸੇ ਲਈ ਉਨ੍ਹਾਂ ਦਾ ਦੁਖ ਹੋਰ ਡੂੰਘਾ ਹੋ ਰਿਹਾ ਸੀ। ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦੇ ਹਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ। ਇਸੇ ਲਈ ਦਿੱਲੀ ਵਿਚ ਮੰਗੋਲਪੁਰੀ,

-ਬਾਕੀ ਅਗਲੇ ਸਫ਼ੇ 'ਤੇ

– ਪਿਛਲੇ ਸਫ਼ੇ ਦਾ ਬਾਕੀ –

ਦਿੱਲੀ ਨੂੰ ਫੌਜ ਦੇ ਸਪੁਰਦ ਕਰ ਦਿੱਤੇ ਜਾਣ ਦੇ ਬਾਵਜੂਦ ਪੂਰਬੀ ਦਿੱਲੀ ਵਿਚ ਸਿੱਖਾਂ ਦੇ ਹਤਿਆਕਾਂਡ ਨੂੰ ਰੋਕਿਆ ਨਾ ਜਾ ਸਕਿਆ, ਕਿਉਂਕ ਫੌਜ ਦਾ ਕਹਿਣਾ ਸੀ ਕਿ ਪੁਲਿਸ ਉਨ੍ਹਾਂ ਨੂੰ ਮਿਲਵਰਤਣ ਨਹੀਂ ਸੀ ਦੇ ਰਹੀ। ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ ਕੈਂਪ ਵਿਚ ਪਹੁੰਚਣ ਤੋਂ ਪਿਛੋਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ। ਸੁਲਤਾਨਪੁਰੀ, ਕਿਸ਼ਨਗੰਜ ਆਦਿ ਕਾਲੋਨੀਆਂ ਵਿਚ ਜਦੋਂ ਤਕ ਫੌਜ ਪਹੁੰਚੀ, ਵਧੇਰੇ ਸਿੱਖ ਤਬਾਹ ਹੋ ਚੁੱਕੇ ਸਨ। ਪੂਰਬੀ ਦਿੱਲੀ ਚ ਤ੍ਰਿਲੋਕਪੁਰੀ ਤੇ ਪੱਛਮੀ ਦਿੱਲੀ ਵਿਚ ਮੰਗੋਲਪੁਰੀ ਚ ਰਲਾ ਕੇ 700 ਤੋਂ 800 ਤਕ ਜਾਨਾਂ ਗਈਆਂ।"

**(ਯੁਵਕਧਾਰਾ, ਨਵੰਬਰ 1984)**

ਇਕ ਕੈਂਪ ਦਾ ਦੁਖਾਂਤ:"ਇਸ ਘੱਲੂਘਾਰੇ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਜੋ ਕੈਂਪ ਲਾਏ ਗਏ, ਉਨ੍ਹਾਂ ਸਭ ਦੀ ਕਹਾਣੀ ਹੀ ਦੁਖਦਾਈ ਤੇ ਰੌਂਗਟੇ ਖੜੇ ਕਰ ਦੇਣ ਵਾਲੀ ਹੈ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ-ਵੀਨਾ ਦਾਸ, ਆਰ.ਕੇ. ਦਾਸ, ਮਨੋਰੰਜਨ ਮੋਹੰਤੀ, ਅਸ਼ੀਸ਼ ਨੰਦੀ ਨੇ ਰਾਣੀ ਬਾਗ ਦਿੱਲੀ ਦੇ ਕੈਂਪ ਦਾ ਸਰਵੇਖਣ ਕੀਤਾ, ਜਿਥੇ ਸੁਲਤਾਨਪੁਰੀ ਦਿੱਲੀ ਦੇ 400 ਬਚ ਗਏ ਵਿਅਕਤੀਆਂ, ਵਿਧਵਾਵਾਂ ਤੇ ਬੱਚਿਆਂ ਨਾਲ ਮੁਲਾਕਾਤ ਕੀਤੀ, ਉਹ ਇਸ ਪ੍ਰਕਾਰ ਹੈ:- "ਇਥੇ ਹਾਜ਼ਰ ਬਹੁਤੇ ਸਿੱਖਾਂ ਨੂੰ ਦਾੜ੍ਹੀਆਂ ਮੁੰਨਵਾਉਣ ਲਈ ਮਜਬੂਰ ਕੀਤਾ ਗਿਆ ਸੀ। ਬਹੁਤ ਸਾਰੇ ਸਿੱਖਾਂ ਦੀਆਂ ਦਾੜ੍ਹੀਆਂ ਤੇ ਵਾਲ ਕੈਂਪ ਵਿਚ ਪਹੁੰਚਣ ਤੋਂ ਪਿਛੋਂ ਪੁਲਿਸ ਇੰਸਪੈਕਟਰ ਦੀ ਦੇਖ-ਰੇਖ ਵਿਚ ਮੁੰਨੇ ਗਏ। ਇਹ ਲੋਕ ਇਸ ਘਟਨਾ ਕਾਰਨ ਅਜੇ ਵੀ ਭੈ-ਭੀਤ ਸਨ। ਲੋਕਾਂ ਦੇ ਲੱਗੀਆਂ ਸੱਟਾਂ, ਜ਼ਖਮ ਅਜੇ ਵੀ ਨਜ਼ਰ ਆ ਰਹੇ ਸਨ। ਕੁਝ ਔਰਤਾਂ ਨੇ ਅੱਗ ਨਾਲ ਸੜੇ ਅੰਗ ਦਿਖਾਏ। ਇਕ ਔਰਤ ਨੇ ਦੱਸਿਆ ਕਿ ਉਸ ਦੇ ਪਤੀ ਤੇ ਜਦੋਂ ਤੇਲ ਛਿੜਕ ਕੇ ਅੱਗ ਲਾਈ ਗਈ ਤਾਂ ਉਹ ਉਸ ਨੂੰ ਚਿੰਬੜ ਗਈ ਤੇ ਉਸ ਨੂੰ ਖਿੱਚ ਕੇ ਵੱਖਰਾ ਕੀਤਾ ਗਿਆ, ਇਉਂ ਉਹ ਝੁਲਸੀ ਗਈ। ਉਸ ਦੇ ਵੀ ਝਿੰਮਣੀਆਂ, ਭਰਵੱਟੇ, ਠੋਡੀ, ਹੱਥ, ਸੜੇ ਹੋਏ ਸਨ। ਕਈ ਬੱਚੇ ਵੀ ਜ਼ਖਮੀ ਸਨ, ਉਹਨਾਂ ਦੇ ਸਿਰ ਪੱਟੀਆਂ ਬੱਝੀਆਂ ਹੋਈਆਂ ਸਨ। ਬਲਾਕ ਏ ਵਿਚ ਰਹਿੰਦੇ ਕੇਵਲ ਚਾਰ ਮਰਦ ਹੀ ਬਚੇ ਸਨ। ਬਾਕੀ ਸਭ ਮਾਰ ਦਿੱਤੇ ਗਏ ਸਨ। ਬਲਾਕ ਏ-4 ਤੇ ਸੀ-4 ਦੇ ਸਾਰੇ ਮਰਦ ਮਾਰੇ ਗਏ ਸਨ। ਸੀ-4 ਦੇ 60 ਮਰਦ ਮਾਰੇ ਗਏ। ਔਰਤਾਂ ਨੇ ਦੱਸਿਆ ਕਿ ਉਹਨਾਂ ਨੂੰ ਹਮਲਾਵਰ ਗੁੰਡਿਆਂ ਨੇ ਆਖਿਆ ਕਿ ਜੇ ਉਹਨਾਂ ਸ਼ੋਰ ਪਾਇਆ ਜਾਂ

ਮਰਦਾਂ ਨੂੰ ਬਚਾਉਣ ਦਾ ਯਤਨ ਕੀਤਾ, ਤਾਂ ਉਹਨਾਂ ਨੂੰ ਤੇ ਉਹਨਾਂ ਦੀਆਂ ਧੀਆਂ ਨੂੰ ਰੇਪ ਕੀਤਾ ਜਾਏਗਾ। ਨੌਜੁਆਨ ਮੁੰਡਿਆਂ ਨੂੰ ਮਾਵਾਂ ਨੇ ਕੁੜੀਆਂ ਦਾ ਲਿਬਾਸ ਪਹਿਨਾ ਕੇ ਬਚਾਇਆ। ਬੱਚਿਆਂ ਨੂੰ ਫਿਰ ਵੀ ਪਛਾਣ ਕੇ ਕੋਹ ਦਿੱਤਾ ਗਿਆ। ਅਸੀਂ ਸੁਲਤਾਨਪੁਰੀ ਕਾਲੋਨੀ ਵਿਚ ਜਾ ਕੇ ਦੇਖਿਆ ਕਿ ਕਿਵੇਂ ਪੂਰੀ ਸਕੀਮ ਨਾਲ ਤਬਾਹੀ ਮਚਾਈ ਗਈ ਸੀ। ਜਿਥੇ ਗਲੀਆਂ ਲਾਸ਼ਾਂ ਸਾੜੀਆਂ ਗਈਆਂ ਸਨ, ਉਥੇ ਹੁਣ ਰੇਤ ਪਾਈ ਗਈ ਸੀ, ਪਰ ਅਸੀਂ ਥੋੜ੍ਹੀ ਜਿਹੀ ਰੇਤ ਨੂੰ ਪਰ੍ਹਾਂ ਕਰ ਕੇ ਦੇਖਦੇ ਤਾਂ ਥਲੇ ਵਾਲ ਲੱਭਦੇ ਜਾਂ ਕਿਤੇ ਕਿਤੇ ਕੋਨਿਆਂ ਤੇ ਇਕੱਠੀ ਹੋਈ ਰਾਖ ਵਿਚ ਹੱਡੀਆਂ ਦੇ ਟੁਕੜੇ। ਟੁੱਟੇ ਫੁੱਟੇ ਘਰਾਂ ਦੀਆਂ ਦੀਵਾਰਾਂ ਤੇ ਖੂਨ ਦ ਨਿਸ਼ਾਨ ਸਨ। ਆਬਾਦੀ ਵਿਚਲਾ ਗੁਰਦੁਆਰਾ ਬਿਲਕੁਲ ਹੀ ਸਵਾਹ ਹੋ ਚੁੱਕਾ ਸੀ। ਗਰੰਥੀ ਦੀ ਲਾਸ਼ ਦੀ ਰਾਖ ਉਥੇ ਹੀ ਪਈ ਸੀ।

ਕੁਝ ਉਥੇ ਰਹਿ ਗਏ ਗੁਆਂਢੀ ਹੰਦੂਆਂ ਨੇ ਵੀ ਜੋ ਦੁਖਾਂਤ ਦੀ ਕਹਾਣੀ ਸੁਣਾਈ, ਉਸ ਤੋਂ ਲੜੀ ਇਉਂ ਬਣੀ: ਬਲਾਕ ਸੀ-4 ਦੇ ਸਿੱਖਾਂ ਦੇ ਘਰਾਂ ਤੇ 2 ਨਵੰਬਰ ਨੂੰ ਸਵੇਰੇ 10 ਵਜੇ ਹਮਲਾ ਕੀਤਾ ਗਿਆ, ਹਮਲਾਵਰ ਨੇੜੇ ਦੇ ਪਿੰਡ ਪੂਟ ਤੋਂ ਆਏ ਗੁੱਜਰ ਸਨ, ਕੁਝ ਲੋਕ ਸੀ-ਬਲਾਕ ਤੋਂ ਵੀ ਉਨ੍ਹਾਂ ਦੇ ਨਾਲ ਸਨ। ਸਾਰੀ ਭੀੜ ਵਿਚ ਜਮਾਂਦਾਰ, ਚਮਾਰ, ਚੂੜ੍ਹੇ ਅਤੇ ਗੁੰਡੇ ਸਨ। ਉਹਨਾਂ ਨੇ ਘਰਾਂ ਦੀਆਂ ਚੀਜ਼ਾਂ ਲੁੱਟੀਆਂ, ਸਿੱਖ ਮਰਦਾਂ ਨੂੰ ਬਾਹਰ ਘੜੀਸਿਆ। ਕੁਝ ਹੋਰ ਸਿੱਖਾਂ ਕੋਲ ਜੋ ਡਾਂਗਾਂ ਸੋਟੀਆਂ ਇਕ ਅੱਧ ਕੋਲ ਜੋ ਬੰਦੂਕ ਆਦਿ ਸੀ, ਉਹ ਬਾਹਰ ਆਏ। ਕੁਝ ਦੇਰ ਲੜਾਈ ਹੋਈ। ਇੰਨੀ ਦੇਰ ਨੂੰ ਪੁਲਿਸ ਤੇ ਐਸ.ਐਚ.ਓ. ਆ ਗਏ। ਪੁਲਿਸ ਨੇ ਭੀੜ ਨੂੰ ਖਿੰਡਾ ਦਿੱਤਾ ਅਤੇ ਸਿੱਖਾਂ ਨੂੰ ਹਿਰਾਸਤ ਵਿਚ ਲੈ ਲਿਆ। ਉਹਨਾਂ ਦੀਆਂ ਤਲਵਾਰਾਂ ਆਦਿ ਲੈ ਲਈਆਂ ਤੇ ਨਿਹੱਥਿਆਂ ਨੂੰ ਫਿਰ ਘਰ ਜਾਣ ਲਈ ਆਖਿਆ। ਹੁਣ ਫਿਰ ਭੀੜ ਆਈ ਤੇ ਉਹਨਾਂ ਨੇ ਸਿੱਖਾਂ ਨੂੰ ਘਰਾਂ ਚੋਂ ਕੱਢ ਕੇ ਕੁੱਟਿਆ ਮਾਰਿਆ ਸਾੜਿਆ ਤੇ ਘਰਾਂ ਨੂੰ ਅੱਗ ਲਗਾਈ। ਜੋ ਮਰਦ ਬਚ ਗਏ ਉਹਨਾਂ ਤੇ ਹਮਲਾ ਅਗਲੀ ਸਵੇਰ ਫਿਰ ਕੀਤਾ ਗਿਆ। ਐਸ.ਐਚ.ਓ. ਹਰੀ ਰਾਮ ਭੱਟੀ ਨੇ ਸਿੱਖ ਮੁਖੀ ਸੁੰਦਰ ਸਿੰਘ ਨੂੰ ਆਪ ਗੋਲੀ ਨਾਲ ਮਾਰਿਆ। ਸਿੱਖਾਂ ਦੇ ਨਿਕਲਣ ਲਈ ਆਸ-ਪਾਸ ਦੇ ਰਾਹ ਪੁਲਿਸ ਨੇ ਬੰਦ ਕਰ ਦਿੱਤੇ ਸਨ। ਇਉਂ ਐਸ.ਐਚ.ਓ. ਦੀ ਦੇਖ ਰੇਖ ਵਿਚ ਹੀ ਇਹ ਸਾਰਾ ਦੁਖਾਂਤ ਵਾਪਰਿਆ। ਚਾਰ ਕੁੜੀਆਂ ਨੂੰ ਗੁੰਡੇ ਚੁਕ ਕੇ ਲੈ ਗਏ ਤੇ ਤੀਜੇ ਦਿਨ ਵਾਪਸ ਭੇਜੀਆਂ ਗਈਆਂ। ਕੈਂਪ ਵਿਚ ਕੁਝ ਔਰਤਾਂ ਇਹ ਸਭ ਕੁਝ ਦੱਸਦੀਆਂ ਬੇਹੋਸ਼ ਹੋ ਗਈਆਂ। ਏ-2 ਦੇ ਇਕ ਸਿੱਖ ਪ੍ਰਵਾਰ ਨੂੰ ਏ-4 ਦੇ ਪੂਰਬੀਆਂ ਨੇ ਲੁਕਾਈ ਰੱਖਿਆ। ਕੁਝ ਪ੍ਰਵਾਰਾਂ ਨੂੰ ਉਥੋਂ ਦੇ ਹੀ ਮੁਸਲਮਾਨ ਪ੍ਰਵਾਰਾਂ ਨੇ ਲੁਕਾਈ ਰੱਖਿਆ। ਕੁਝ ਹਿੰਦੂਆਂ ਨੂੰ ਗੁੰਡਿਆਂ ਨੇ ਡਰਾਇਆ ਵੀ, ਉਹਨਾਂ ਦੇ ਬੱਚਿਆਂ ਨੂੰ ਕਤਲ ਕਰਨ ਤੇ ਔਰਤਾਂ ਨੂੰ ਰੇਪ ਕਰਨ ਦਾ ਡਰਾਵਾ ਦਿੱਤਾ। ਸਾਨੂੰ ਸਿੱਖਾਂ ਨੇ ਇਕ ਹਿੰਦੂ ਮਿਲਾਇਆ, ਜਿਸ ਨੇ 16 ਸਿੱਖਾਂ ਦੀ ਜਾਨ ਬਚਾਈ ਸੀ। ਫਿਰ ਵੀ ਇਥੇ .. ਕੇਵਲ ਨੌਜਵਾਨ ਸਿੱਖ ਹੀ ਮਾਰੇ ਗਏ। ਕੁਝ ਸਿੱਖ ਜੋ ਅਜੇ ਵੀ ਆਪਣੇ ਬਰਬਾਦ ਹੋਏ ਘਰਾਂ ਚ ਕਿਸੇ ਕੋਨੇ ਲੁਕੇ ਹੋਏ ਸਨ, ਜਦੋਂ ਉਹ ਆਪਣੀ ਭੁੱਖ ਪਿਆਸ ਤੋਂ ਆਤੁਰ ਹੋ ਕੇ ਬਾਹਰ ਨਿਕਲੇ ਤਾਂ ਉਹਨਾਂ ਨੂੰ ਉਦੋਂ ਮਾਰਿਆ ਗਿਆ।

ਕੈਂਪਾਂ ਵਿਚ ਜੋ ਵਿਅਕਤੀ ਹਾਜ਼ਰ ਸਨ, ਉਹ ਕਈ ਉਹਨਾਂ ਲੋਕਾਂ ਨੂੰ ਪਛਾਣਦੇ ਸਨ, ਜਿਨ੍ਹਾਂ ਨੇ ਬਾਹਰੋਂ ਗੁੰਡਿਆਂ ਨੂੰ ਉਤਸ਼ਾਹਤ ਕੀਤਾ, ਆਪ ਵੀ ਲੁੱਟਿਆ ਪੁਟਿਆ ਤੇ ਕਤਲਾਮ ਚ ਹਿੱਸਾ ਲਿਆ ਇਹ ਸਨ ਇਕ ਗੋਰਖਾ ਡੈਨੀ, ਪ੍ਰਾਪਰਟੀ ਡੀਲਰ ਪਰੇਮ ਚੰਦ, ਅਸ਼ੋਕ ਕੁਮਾਰ, ਸੁਨੀਲ ਕੁਮਾਰ ਆਦਿ। ਸਜਨ ਕੁਮਾਰ ਕਾਂਗਰਸੀ ਐਮ.ਪੀ. ਦਾ ਖਾਸ ਏਜੰਟ ਜੈ ਕਿਸ਼ਨ ਇਹਨਾਂ ਦਾ ਨੇਤਾ ਸੀ। ਉਸ ਨੇ ਹੀ ਇਸ ਜ਼ੁਲਮ ਦਾ ਮਾਹੌਲ ਬਣਾਇਆ ਸੀ। ਹਵਾਲਦਾਰ ਜੈ ਭਗਵਾਨ ਨੇ ਇਕ ਘਰ ਚ ਇਕ ਔਰਤ ਨੂੰ ਬਚਾਉਣ ਦੇ ਬਹਾਨੇ ਦਾਖਲ ਹੋ ਕੇ ਉਸ ਦਾ ਰੇਪ ਕੀਤਾ।

ਇਸ ਆਬਾਦੀ ਵਿਚ ਵਧੇਰੇ ਸਿੱਖ ਰਾਜਿਸਥਾਨ (ਅਲਵਰ) ਤੋਂ ਆ ਕੇ ਵਸੇ ਸਨ। ਜੋ ਪਹਿਲਾਂ ਸਿੰਧ ਪਾਕਿਸਤਾਨ ਤੋਂ ਉਥੇ ਆਏ ਸਨ। ਇਹ ਸਿੱਖ ਪੰਜਾਬੀ ਵੀ ਘਟ ਹੀ ਬੋਲ ਸਕਦੇ ਸਨ। ਆਪਣੇ ਰਵਾਇਤੀ ਧੰਦੇ ਕਰਦੇ ਸਨ, ਜਿਵੇਂ ਜੁਲਾਹਾ ਜਾਂ ਤਰਖਾਣਾ ਕੰਮ, ਕੁਝ ਸਬਜ਼ੀ ਵੇਚਦੇ ਸਨ, ਕੁਝ ਸਕੂਟਰ-ਰਿਕਸ਼ਾ ਚਲਾਉਂਦੇ ਸਨ। ਐਮਰਜੈਂਸੀ ਵਿਚ ਇਹਨਾਂ ਨੂੰ ਝੁੱਗੀਆਂ ਝੌਂਪੜੀਆਂ ਚੋਂ ਕੱਢ ਕੇ ਇਥੇ ਵਸਾਇਆ ਗਿਆ ਸੀ। ਪਿਛਲੇ ਕੁਝ ਸਾਲਾਂ ਵਿਚ ਕੁਝ ਮਰਦ ਅਰਬ ਦੇਸ਼ਾਂ ਵਿਚ ਜਾ ਕੇ ਮਿਹਨਤ ਮਜ਼ਦੂਰੀ ਕਰ ਕੇ ਵੀ ਪੈਸੇ ਕਮਾ ਕੇ ਲਿਆਂਦੇ ਸਨ। ਅਜੇ ਮਸਾਂ ਉਹਨਾਂ ਆਪਣੇ ਕਰਜ਼ੇ ਹੀ ਲਾਹੇ ਸਨ। ਇਉਂ ਇਹਨਾਂ ਲੋਕਾਂ ਦਾ ਤਾਂ ਸਮੇਂ ਦੀ ਪੰਜਾਬ ਦੀ ਸਿਆਸਤ ਨਾਲ ਦੂਰ ਪਾਰ ਦਾ ਵੀ ਕੋਈ ਸਬੰਧ ਨਹੀਂ ਸੀ। ਸਗੋਂ ਸਾਰੇ ਹੀ ਕਾਂਗਰਸ ਦੇ ਵੋਟਰ ਸਨ। ਇਸ ਕੈਂਪ ਚੋਂ ਕੋਈ ਵਾਪਸ ਸੁਲਤਾਨਪੁਰੀ ਮੁੜਨ ਲਈ ਤਿਆਰ ਨਹੀਂ ਸੀ, ਉਹਨਾਂ ਨੂੰ ਆਪਣੇ ਬੱਚਿਆਂ ਦੀਆਂ ਚੀਕਾਂ ਸੁਣਦੀਆਂ ਹਨ। ਔਰਤਾਂ ਨੂੰ ਆਪਣੇ ਸੜ ਰਹੇ ਪਤੀਆਂ ਦੇ ਦ੍ਰਿਸ਼ ਨਜ਼ਰ ਆ ਰਹੇ ਸਨ। ਉਹਨਾਂ ਕੋਲ ਵਸਣ ਲਈ ਕੁਛ ਵੀ ਨਹੀਂ ਸੀ। ਪੁਲਿਸੀਆਂ ਦੀਆਂ ਅੱਖਾਂ ਉਹਨਾਂ ਨੂੰ ਘੂਰ ਰਹੀਆਂ ਸਨ। ਅਸੀਂ 12 ਨਵੰਬਰ ਨੂੰ ਜਦੋਂ ਫਿਰ ਕੈਂਪ ਪੁੱਜੇ ਤਾਂ ਸਾਡੇ ਡਰ ਠੀਕ ਨਿਕਲੇ। ਵਧੇਰੇ ਲੋਕਾਂ ਨੂੰ ਜਬਰੀ ਕੈਂਪ ਚੋਂ ਭੇਜ ਦਿੱਤਾ ਗਿਆ ਸੀ, ਪੰਜਾਹ-ਪੰਜਾਹ ਰੁਪਏ ਦੇ ਕੇ। ਉਹ ਵੀ ਅੱਧੇ ਲੋਕਾਂ ਦੇ ਹੱਥਾਂ ਚ ਨਹੀਂ ਪਹੁੰਚੇ। ਜਦੋਂ ਅਸੀਂ ਉਥੇ ਉਹਨਾਂ ਲੋਕਾਂ ਕੋਲ ਪਹੁੰਚੇ ਉਹ 24 ਘੰਟੇ ਤੋਂ ਭੁੱਖੇ ਭਾਣੇ ਸਨ। ਪੁਲਿਸ ਭੋਲੇ ਭਾਲੇ ਲੋਕਾਂ ਤੋਂ ਦਸਖਤ ਕਰਵਾ ਰਹੀ ਸੀ ਕਿ ਉਹ ਆਪਣੇ ਹਮਲਾਵਰਾਂ ਨੂੰ ਨਹੀਂ ਪਛਾਣਦੇ।" ਇਹ ਇਕ ਕੈਂਪ ਦੀ ਕਹਾਣੀ ਹੈ, ਅਨੁਮਾਨ ਲਾਉ ਕੈਂਪਾਂ ਦੇ ਦੁਖਾਂਤ ਦਾ।"

**(ਇੰਡੀਅਨ ਐਕਸਪ੍ਰੈਸ, 16 ਨਵੰਬਰ 1984)**

**ਦਿੱਲੀ ਦਾ ਘੱਲੂਘਾਰਾ ਸੋਚੀ ਸਮਝੀ ਸਕੀਮ ਅਨੁਸਾਰ ਹੋਇਆ:**

"ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨੇ ਇਕ ਰਿਪੋਰਟ ਵਿਚ ਆਖਿਆ ਹੈ ਕਿ 1 ਨਵੰਬਰ ਤੋਂ 10 ਨਵੰਬਰ 1984 ਤਕ ਜੋ ਕੁਝ ਵੀ ਵਾਪਰਿਆ ਇਹ ਇਕ ਸੋਚੀ ਸਮਝੀ ਯੋਜਨਾ ਦੇ ਅਨੁਸਾਰ ਹੀ ਵਾਪਰਿਆ। ਇਸ ਵਿਚ ਕਾਂਗਰਸ (ਇ:) ਦੇ ਨੇਤਾ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਭਾਵੇਂ ਇਸ ਗੱਲ ਨੂੰ ਅਮਲ ਵਿਚ ਕੁਝ ਗਰੁਪਾਂ ਨੇ ਹੀ ਲਿਆਂਦਾ। ਪੁਲਿਸ ਲਗਭਗ ਸਾਰੇ ਦੁਖਾਂਤ ਦੀ ਜਾਣ ਕੇ ਹੀ ਚੁਪ ਦਰਸ਼ਕ ਬਣੀ ਰਹੀ ਜਾਂ ਸਿੱਖਾਂ ਦੇ ਖਿਲਾਫ ਸਾਹਮਣੇ ਆਈ ਹਿੰਸਾ ਵਿਚ ਜਾਣ ਕੇ ਭਾਗੀਦਾਰ ਬਣੀ। ਖਾਸ ਤੌਰ ਤੇ ਤ੍ਰਿਲੋਕਪੁਰੀ ਵਿਚ ਪੁਲਿਸ ਹਿੰਸਾਵਾਦੀਆਂ ਦੇ ਨਾਲ ਸ਼ਾਮਲ ਸੀ। ਆਪਣੀਆਂ ਜੀਪਾਂ ਚੋਂ ਹਿੰਸਾਵਾਦੀਆਂ ਨੂੰ ਤੇਲ ਦਿੱਤਾ ਗਿਆ। ਐਸ.ਐਚ.ਓ. ਸੂਰਵੀਰ ਸੰਘ ਉਦੋਂ ਉਥੇ ਪਹੁੰਚਿਆ ਜਦੋਂ ਤ੍ਰਿਲੋਕਪੁਰੀ ਵਿਚ ਲੁਟਮਾਰ ਤੇ ਕਤਲਾਮ ਜਾਰੀ ਸੀ। ਜੋ ਸਿਪਾਹੀ ਉਥੇ ਹਾਜ਼ਰ ਵੀ ਸਨ, ਉਨ੍ਹਾਂ ਦੀ ਡਿਊਟੀ ਹਟਾ ਲਈ ਤਾਂ ਕਿ ਹਿੰਸਾਵਾਦੀ ਖੁਲੇ ਤੌਰ ਤੇ ਲੁੱਟਮਾਰ, ਕਤਲਾਮ ਤੇ ਔਰਤਾਂ ਦੇ ਰੇਪ ਕਰ ਸਕਣ। ਸ਼ਕਰਪੁਰ ਦੇ ਏ.ਐਸ.ਪੀ. ਮਲੋਹਤਰਾ ਨੇ ਲਕਸ਼ਮੀਨਗਰ ਅਤੇ ਗੁਰੂਨੰਗਲ ਨਗਰ ਵਿਚ ਭੀੜ ਨੂੰ ਉਕਸਾਇਆ ਕਿ ਉਹ ਗੁਰਦੁਆਰੇ ਨੂੰ ਅੱਗ ਲਾ ਦੇਣ ਅਤੇ ਤਰਲੋਚਨ ਸਿੰਘ ਭਾਟੀਆ (ਕਾਂਗਰਸ ਇੰ:) ਦਾ ਖੂਨ ਕਰ ਦੇਣ। ਮਲੋਹਤਰਾ ਭੀੜ ਦੇ ਨਾਲ ਸੀ। ਉਸ ਨੇ ਭੀੜ ਨੂੰ ਹਥਿਆਰ ਵੀ ਦਿੱਤੇ। ਇਸ ਰਿਪੋਰਟ ਨੇ ਸ੍ਰੀ ਐਚ.ਕੇ.ਐਲ. ਭਗਤ ਬ੍ਰਾਡਕਾਸਟਿੰਗ ਮਨਿਸਟਰ ਨੂੰ ਇਸ ਸਥਿਤੀ ਲਈ ਖਾਸ ਜ਼ਿੰਮੇਵਾਰ ਠਹਿਰਾਇਆ ਹੈ। ਗਾਂਧੀਨਗਰ ਦੇ ਥਾਣੇ ਉਹ ਉਨ੍ਹਾਂ ਦੋਸ਼ੀ ਲੋਕਾਂ ਨੂੰ ਛਡਾਉਣ ਲਈ ਪਹੁੰਚਿਆ, ਜਿਨ੍ਹਾਂ ਨੂੰ ਇਸ ਕਤਲਾਮ ਪਿਛੋਂ ਗ੍ਰਿਫਤਾਰ ਕੀਤਾ ਗਿਆ ਸੀ। ਇਕ ਸੀਨੀਅਰ ਪੁਲਿਸ ਅਫਸਰ ਨੇ ਇਸ ਬਾਰੇ ਦੱਸਦਿਆਂ ਇਹ ਕਿਹਾ, "ਸ਼ੇਰ ਪਿੰਜਰੇ ਸੇ ਨਿਕਾਲ ਦੀਆ, ਫਿਰ ਕਹਿਤੇ ਹੈਂ ਪਕੜ ਕੇ ਲੇ ਆਉ" 5 ਨਵੰਬਰ ਨੂੰ ਕਾਂਗਰਸੀ ਐਮ.ਪੀ. ਧਰਮਦਾਸ ਸ਼ਾਸਤਰੀ ਕਰੋਲ ਬਾਗ ਥਾਣੇ ਪਹੁੰਚਿਆ ਤੇ ਉਹ ਆਦਮੀ ਛੱਡ ਦੇਣ ਲਈ ਆਖਿਆ ਜੋ ਇਸ ਸਬੰਧੀ ਫੜੇ ਗਏ ਸਨ। ਇਕ ਹੋਰ ਕਾਂਗਰਸੀ ਐਮ.ਪੀ. ਜਗਦੀਸ਼ ਟਾਈਟਲਰ 6 ਨਵੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪੁਲਿਸ ਦੇ ਅਧਿਕਾਰੀਆਂ ਨੂੰ ਕਹਿਣ ਲੱਗਾ, "ਤੁਸੀਂ ਮੇਰੇ ਆਦਮੀ ਫੜ ਕੇ ਰਿਲੀਫ ਦੇ ਕੰਮ ਵਿਚ ਵਿਘਨ ਪਾ ਰਹੇ ਹੋ"। ਇਉਂ ਇਕ ਹੋਰ ਕਾਂਗਰਸੀ ਐਮ.ਪੀ. ਸਜਨ ਕੁਮਾਰ ਨੇ ਮੰਗੋਲਪੁਰੀ ਵਿਚ ਹਰੇਕ ਲੁਟੇਰੇ ਤੇ ਊਧਮ ਮਚਾਉਣ ਵਾਲੇ ਨੂੰ ਸ਼ਰਾਬ ਦੀ ਬੋਲਤ ਤੇ ਪੈਸੇ ਦਿੱਤੇ। ਇਉਂ ਹੀ ਇਸ ਰਿਪੋਰਟ ਵਿਚ ਲਲਿਤ ਮਾਕਨ, ਬਾਬੂਰਾਮ ਸ਼ਰਮਾ, ਡਾ. ਅਸ਼ੋਕ ਕੁਮਾਰ, ਜਗਦੀਸ਼ ਚੰਦਰ, ਈਸ਼ਰ ਸਿੰਘ, ਫੈਜ ਅਹਿਮਦ ਤੇ ਕਈ ਹੋਰ ਸਥਾਨਕ ਕਾਂਗਰਸੀਆਂ ਨੂੰ ਇਸ ਦੁਖਾਂਤ ਵਿਚ ਸਰਗਰਮ ਦੱਸਿਆ ਹੈ।"

**(ਸੰਡੇ ਅਬਜ਼ਰਵਰ, 25 ਨਵੰਬਰ 1984)**

**ਘੱਲੂਘਾਰਾ ਹੋਰ ਸ਼ਹਿਰਾਂ ਵਿਚ** : ਭਾਰਤ ਦੇ ਹਰ ਪ੍ਰਦੇਸ਼ ਤੇ ਹਰ ਵਿਸ਼ੇਸ਼ ਨਗਰ ਵਿਚ ਇਹ ਘੱਲੂਘਾਰਾ ਹੋਇਆ ਹੈ। ਕਸ਼ਮੀਰ ਤੋਂ ਲੈ ਕੇ ਬੰਗਾਲ ਤਕ, ਬੰਬਈ ਤਕ ਹੋਰ ਨਗਰਾਂ ਤਕ। ਕੁਝ ਕੁ ਪ੍ਰਦੇਸ਼ਾਂ ਤੇ ਸ਼ਹਿਰਾਂ ਬਾਰੇ ਚਰਚਾ ਇਉਂ ਹੈ: ਉਤਰ ਪ੍ਰਦੇਸ਼: "31 ਅਕਤੂਬਰ ਨੂੰ ਦੁਪਹਿਰ ਤੋਂ ਪਹਿਲੀ ਨਵੰਬਰ ਦੀ ਸ਼ਾਮ ਤਕ ਉਤਰ ਪ੍ਰਦੇਸ਼ ਵਿਚ ਕਿਤੇ ਵੀ ਸਰਕਾਰ ਨਹੀਂ ਸੀ। 31 ਦੀ ਸ਼ਾਮ ਨੂੰ ਜਿਥੇ ਵੀ ਸਿੱਖ ਸੜਕ ਤੇ ਦਿਖਾਈ ਦਿੰਦਾ, ਉਸ ਨੂੰ ਫੜ ਕੇ ਕੁੱਟਿਆ ਜਾਂਦਾ, ਪੱਗ ਸਾੜ ਦਿੱਤੀ ਜਾਂਦੀ। ਰਾਤ ਨੂੰ ਲੁੱਟ ਮਾਰ ਤੇ ਸਾੜ ਫੂਕ ਸ਼ੁਰੂ ਹੋਈ। ਗੱਲ ਇੰਦਰਾ ਗਾਂਧੀ ਦੇ ਸ਼ਹਿਰ ਇਲਾਹਾਬਾਦ ਤੋਂ ਹੀ ਸ਼ੁਰੂ ਕਰੀਏ। 3 ਵਜੇ ਤਕ 180 ਥਾਵਾਂ ਤੇ ਸਾੜ ਫੂਕ ਹੋ ਚੁਕੀ ਸੀ। ਇਸ ਪਿਛੋਂ ਸ਼ਹਿਰ ਨੂੰ ਫੌਜ ਦੇ ਹਵਾਲੇ ਕੀਤਾ ਗਿਆ। ਹਰ ਪਾਸੇ ਅੱਗ ਤੇ ਧੂੰਆਂ ਨਜ਼ਰ ਆ ਰਿਹਾ ਸੀ। ਉਤਰ ਪ੍ਰਦੇਸ਼ ਦਾ ਐਸਾ ਕੋਈ ਜ਼ਿਲ੍ਹਾ ਨਹੀਂ ਸੀ, ਜਿਥੇ ਇਹ ਅੱਗ ਨਾ ਫੈਲੀ। ਅਮੇਟੀ ਚ ਤੋੜ ਫੋੜ ਹੋਈ, ਸੁਲਤਾਨਪੁਰ, ਹਰਦੋਈ, ਫੈਜ਼ਾਬਾਦ, ਇਲਾਹਾਬਾਦ, ਬਨਾਰਸ, ਬਾਂਦਾ, ਗੋਂਡਾ, ਰੁਦਰਪੁਰ, ਰਾਮਪੁਰ, ਮੁਰਾਦਾਬਾਦ, ਹਾਪੁੜ, ਪਿਲਖੁਆ, ਮਥੁਰਾ, ਫਿਰੋਜ਼ਾਬਾਦ, ਆਗਰਾ ਸਭ ਥਾਂ ਕਰਫਿਊ ਲਾਇਆ ਗਿਆ, ਹਰ ਥਾਂ ਸਕੂਟਰ, ਕਾਰਾਂ, ਟਰੱਕ, ਮਕਾਨ ਸਾੜੇ ਗਏ। ਉਤਰ ਪ੍ਰਦੇਸ਼ ਵਿਚ ਸਿੱਖਾਂ ਦੇ ਕਾਫੀ ਸਿਨੇਮਾ ਘਰ ਹਨ, ਉਹਨਾਂ ਚ ਪਤਾ ਨਹੀਂ ਕਿੰਨੇ ਕੁ ਬਚੇ ਹਨ। ਰਾਜਧਾਨੀ ਲਖਨਊ ਵਿਚ ਚਾਰਬਾਗ ਸਟੇਸ਼ਨ ਤੇ ਤਿੰਨ ਸਿੱਖਾਂ ਨੂੰ ਪੰਜਾਬ ਮੇਲ ਤੋਂ ਉਤਾਰ ਕੇ ਜ਼ਿੰਦਾ ਜਲਾ ਦਿੱਤਾ ਗਿਆ ਕਿਉਂਕਿ ਉਥੇ ਇਹ ਅਫਵਾਹ ਸੀ ਕਿ ਪੰਜਾਬ ਮੇਲ ਵਿਚ ਹਿੰਦੂਆਂ ਦੀਆਂ ਲਾਸ਼ਾਂ ਆਈਆਂ ਹਨ। ਕੇਵਲ ਕਾਨਪੁਰ ਸ਼ਹਿਰ ਵਿਚ ਹੀ 6 ਕਰੋੜ ਤੋਂ ਵੱਧ ਦੀ ਸੰਪਤੀ ਦੇ ਨੁਕਸਾਨ ਦਾ ਅੰਦਾਜ਼ਾ ਹੈ। ਇਹ ਨਿਸ਼ਚਿਤ ਹੈ ਕਿ ਜੇ ਅਧਿਕਾਰੀ ਚਾਹੁੰਦੇ ਤਾਂ ਇਸ ਪੈਮਾਨੇ ਤੇ ਸਾੜ ਫੂਕ ਨਾ ਹੁੰਦੀ, ਇੱਕਾ-ਦੁੱਕਾ ਘਟਨਾਵਾਂ ਹੋ ਕੇ ਰਹਿ ਜਾਂਦੀਆਂ। ਕਈ ਥਾਵਾਂ ਤੇ ਪੁਲਿਸ ਆਪ ਲੁੱਟਣ ਵਾਲਿਆਂ ਵਿਚ ਸ਼ਾਮਲ ਸੀ। ਕਿਤੇ ਕਿਤੇ ਤਾਂ ਲਾਸ਼ਾਂ ਢੋਣ ਦੇ ਲਈ ਬੁਲਾਏ ਗਏ ਪ੍ਰਸ਼ਾਸਨ ਦੇ ਟਰੱਕ ਲੁੱਟਮਾਰ ਦਾ ਮਾਲ ਢੋਅ ਰਹੇ ਸਨ।"

ਕਾਨਪੁਰ ਵਿਚ ਸਿੱਖ ਆਬਾਦੀ ਕਾਫੀ ਸੀ। ਦਿੱਲੀ ਤੋਂ ਪਿਛੋਂ ਇਥੇ ਹੀ ਮੌਤ ਦਾ ਤਾਂਡਵ ਸਭ ਤੋਂ ਵਧ ਨਜ਼ਰ ਆਇਆ ਹੈ। ਇਥੇ ਸਿੱਖ ਪਰਵਾਰਾਂ (ਸਿੱਧੂ ਇੰਡੀਅਨ ਆਇਲ ਦੇ ਮਾਲ ਇੰਦ੍ਰਜੀਤ ਸਿੰਘ ਦੇ ਪਰਿਵਾਰ ਦੀ ਉਦਾਹਰਣ ਸਾਹਮਣੇ ਹੈ) ਨੂੰ ਜਿੰਦਾ ਜਲਾ ਦਿੱਤਾ ਗਿਆ। ਤੇਲ ਦੇ ਟੈਂਕਰਾਂ ਚ ਸੁੱਟਿਆ ਗਿਆ। ਛੱਤ ਤੋਂ ਔਰਤਾਂ ਨੂੰ ਥੱਲੇ ਸੁੱਟਿਆ, 72 ਘੰਟੇ ਲਗਾਤਾਰ ਜ਼ੁਲਮ ਦੀ ਇਹ ਕਹਾਣੀ ਜਾਰੀ ਰਹੀ। ਇਕ ਸਿੱਖ ਨੇ ਹਮਲਾਵਰਾਂ ਦਾ ਟਾਕਰਾ ਢਾਈ ਘੰਟੇ ਤਕ ਮਿਰਚਾਂ ਦਾ ਚੂਰਾ ਵਰਸਾ ਕੇ ਕੀਤਾ, ਪਰ ਅਖੀਰ ਉਸ ਨੂੰ ਵੀ ਸਾੜ ਸੁੱਟਿਆ ਗਿਆ। ਬਾਬੂ ਪੁਰਵਾ ਦੇਵ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਦੇ ਹੈਡਮਾਸਟਰ ਨੇ ਵੀ ਕਈ ਘੰਟੇ ਗੋਲੀ ਚਲਾ ਕੇ ਹਮਲਾਵਰਾਂ ਨੂੰ ਦੂਰ ਰੱਖਿਆ, ਪਰ ਅਖੀਰ ਉਸ ਨੂੰ ਵੀ ਮਾਰ ਦਿੱਤਾ ਗਿਆ। ਉਸ ਦੀ ਪਤਨੀ ਤੇ ਮਾਂ ਨੇ ਛੱਤ ਤੋਂ ਕੁੱਦ ਕੇ ਜਾਨ ਦੇ ਦਿੱਤੀ। ਵੀਹ ਸਾਲ ਦੀ ਕੁੜੀ ਨੇ ਆਪ ਹੀ ਅੱਗ ਵਿਚ ਛਾਲ ਮਾਰ ਦਿੱਤੀ। ਇਕ 18 ਮਹੀਨੇ ਦੀ ਬੱਚੀ ਨੂੰ ਅੱਗ ਵਿਚ ਸੁੱਟਿਆ ਗਿਆ। ਗੁਰਜਿੰਦਰ ਚਾਵਲਾ ਨੇ ਆਪਣੇ ਪਤੀ ਨੂੰ ਬਚਾਉਣ ਲਈ ਫਸਾਦੀਆਂ ਨੂੰ 40 ਹਜ਼ਾਰ ਰੁਪਏ ਦਿੱਤੇ। ਉਹ ਪੈਸੇ ਵੀ ਲੈ ਗਏ ਤੇ ਉਸ ਦੇ ਸਾਹਮਣੇ ਹੀ ਉਸਦਾ ਪਤੀ ਵੀ ਕਤਲ ਕਰ ਦਿੱਤਾ।

ਵਧੇਰੇ ਲੋਕਾਂ ਨੂੰ ਜਬਰੀ ਕੈਂਪ ਚੋਂ ਵਾਪਸ ਭੇਜ ਦਿੱਤਾ ਗਿਆ ਸੀ, ਪੰਜਾਹ-ਪੰਜਾਹ ਰੁਪਏ ਦੇ ਕੇ। ਉਹ ਵੀ ਅੱਧੇ ਲੋਕਾਂ ਦੇ ਹੱਥਾਂ ਚ ਨਹੀਂ ਪਹੁੰਚੇ। ਪੁਲਿਸ ਭੋਲੇ ਭਾਲੇ ਲੋਕਾਂ ਤੋਂ ਦਸਖਤ ਕਰਵਾ ਰਹੀ ਸੀ ਕਿ ਉਹ ਆਪਣੇ ਹਮਲਾਵਰਾਂ ਨੂੰ ਨਹੀਂ ਪਛਾਣਦੇ।" ਇਹ ਇਕ ਕੈਂਪ ਦੀ ਕਹਾਣੀ ਹੈ, ਅਨੁਮਾਨ ਲਾਉ ਕੈਂਪਾਂ ਦੇ ਦੁਖਾਂਤ ਦਾ।"

"ਕਾਨਪੁਰ ਵਿਚ 2 ਲੱਖ ਸਿੱਖ ਰਹਿੰਦੇ ਹਨ, ਪਰ ਇਸ ਘੱਲੂਘਾਰੇ ਵਿਚ ਕੋਈ ਵੀ ਹਾਦਸੇ ਤੋਂ ਅਛੂਤਾ ਨਹੀਂ ਰਿਹਾ। ਇਥੇ 200 ਮੌਤਾਂ ਹੋਈਆਂ ਹਨ। ਫੂਲਬਾਗ, ਚੌਂਕ, ਸਰਾਭਾ, ਪ੍ਰੇਮ ਨਗਰ, ਜਵਾਹਰ ਨਗਰ, ਗੋਵਿੰਦ ਨਗਰ, ਦਾਦਾ ਨਗਰ ਗੁਮਟੀ ਨੰ: 6, ਪੀ.ਰੋਡ, ਵਿਜੈ ਨਗਰ, ਬਾਰਾਂ ਦੇਵੀ, ਨਿਰਾਲਾ ਨਗਰ ਸਹਿਤ ਸਾਰਾ ਪੱਛਮੀ ਖੇਤਰ ਅੱਗ ਤੇ ਤੋੜ-ਫੋੜ ਦੀ ਲਪੇਟ ਵਿਚ ਸੀ। ਨਵੀਨ ਮਾਰਕੀਟ ਵਿਚ 29 ਦੁਕਾਨਾਂ ਸਾੜੀਆਂ ਗਈਆਂ। ਦੀਪ, ਨਿਖਾਰ ਪੈਲੇਸ, ਲਾਲ ਪੈਲੇਸ, ਗੁਰਦੇਵ ਪੈਲੇਸ ਤੇ ਸੰਗਮ ਸਿਨਮੇ ਨੂੰ ਸਾੜ ਸੁੱਟਿਆ ਗਿਆ। ਔਰਤਾਂ ਨਾਲ ਕੀ ਵਿਹਾਰ ਹੋਇਆ? ਨਾ ਅਸੀਂ ਪੁੱਛਿਆ, ਨਾ ਸਾਨੂੰ ਸ਼ਰਮ ਦੇ ਮਾਰਿਆਂ ਕਿਸੇ ਨੇ ਦੱਸਿਆ। ਕੇਵਲ ਖ਼ੂਬਸੂਰਤ ਚਿਹਰਿਆਂ ਤੇ ਜਲਦੀਆਂ ਅੱਖੀਆਂ ਹੀ ਸਾਨੂੰ ਨਜ਼ਰ ਆਈਆਂ, ਜੋ ਪੂਰੀ ਕਹਾਣੀ ਕਹਿ ਰਹੀਆਂ ਸਨ। ਫੌਜ ਨੇ 11 ਪੁਲਿਸੀਆਂ ਨੂੰ ਲੁਟਮਾਰ ਕਰਨ ਦੇ ਦੋਸ਼ ਵਿਚ ਬੰਦੀ ਬਣਾਇਆ ਹੈ। ਕਾਨਪੁਰ ਵਿਚ ਕੇਵਲ ਗੋਵਿੰਦ ਨਗਰ ਲੇਬਰ ਕਾਲੋਨੀ ਹੀ ਅਜਿਹੀ ਹੈ ਜਿਥੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਸਾਰੀ ਰਾਤ ਹਿੰਦੂ ਸਿੱਖ ਮਿਲ ਕੇ ਹਮਲਾਵਰਾਂ ਦਾ ਸਾਹਮਣਾ ਕਰਦੇ ਰਹੇ। ਸ਼ਰਨਾਰਥੀਆਂ ਦਾ ਕਹਿਣਾ ਹੈ ਕਿ ਕਾਂਗਰਸ ਦੇ ਨੇਤਾਵਾਂ ਨੇ ਹੀ ਉਨ੍ਹਾਂ ਨੂੰ ਲੁਟਵਾਇਆ।"

**ਬੋਕਾਰੋ**: "1 ਨਵੰਬਰ ਦੀ ਸਵੇਰ ਕੋਇਲੇ ਦੇ ਸਥਾਨਾਂ ਦੇ ਸਿੱਖਾਂ ਲਈ ਤਬਾਹੀ ਦਾ ਸੰਦੇਸ਼ ਲਿਆਈ। ਮਾਰ-ਕੁਟਾਈ ਦੀ ਪਹਿਲੀ ਘਟਨਾ ਝਰੀਆ ਤੋਂ ਸ਼ੁਰੂ ਹੋਈ। ਕੁਲਦੀਪ ਸਿੰਘ ਨਾਂ ਦੇ ਵਿਅਕਤੀ ਦੀ ਕਾਰ ਸਾੜ ਦਿੱਤੀ ਗਈ। ਦੁਕਾਨਾਂ ਦੀ ਲੁੱਟਮਾਰ ਸ਼ੁਰੂ ਹੋ ਗਈ। ਧਨਬਾਦ, ਸਿੰਦਰੀ ਤੇ ਬੋਕਾਰੋ ਵਿਚ ਵੀ ਉਦੋਂ ਹੀ ਲੁੱਟਮਾਰ, ਸਾੜ ਫੂਕ ਸ਼ੁਰੂ ਹੋ ਗਈ। ਚਾਸ ਬਾਜ਼ਾਰ ਵਿਚ ਧਨਬਾਦ ਦੇ ਜੋਰਾ ਫਾਟਕ ਰੋਡ ਅਤੇ ਮਨਈ ਟਾਂਡ ਵਾਂਗ ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨਾਂ ਨੂੰ ਚੁਣ ਚੁਣ ਕੇ ਸਾੜਿਆ ਤੇ ਲੁੱਟਿਆ ਗਿਆ। ਧਨਬਾਦ ਤੇ ਝਰੀਆ ਵਿਚ ਜਿਥੇ ਲੁੱਟਮਾਰ ਤੇ ਸਾੜਫੂਕ ਗੁੰਡਿਆਂ ਤੇ ਅਸਮਾਜਿਕ ਤੱਤਾਂ ਨੇ ਪੁਲਿਸ ਦੀ ਦੇਖ-ਰੇਖ ਵਿਚ ਕੀਤੀ, ਉਥੇ ਬੋਕਾਰੋ ਵਿਚ ਵਧੇਰੇ ਭੂਮਿਕਾ ਗੁਆਂਢੀਆਂ ਨੇ ਅਦਾ ਕੀਤੀ। ਲੋਕਾਂ ਨੂੰ ਜ਼ਿੰਦਾ ਜਲਾਇਆ ਗਿਆ, ਗੋਲੀਆਂ ਨਾਲ ਉਡਾਇਆ ਗਿਆ। ਉਪਕਾਰ ਸਿੰਘ, ਜਿਸ ਦੇ 5 ਟਰੱਕਾਂ ਤੇ ਮਕਾਨ ਨੂੰ ਵੀ ਅੱਗ ਲਗਾਈ ਗਈ, ਦੇ ਅਨੁਸਾਰ ਫਸਾਦੀਆਂ ਦੇ ਨਾਲ 2 ਸਫੈਦ ਕਾਰਾਂ, 5 ਮੋਟਰ ਸਾਈਕਲ ਚਲ ਰਹੇ ਸਨ, ਉਨ੍ਹਾਂ ਕੋਲ ਕੁਝ ਪੈਟਰੋਲ ਦੇ ਟੀਨ ਸਨ। ਰਿਪੋਰਟਾਂ ਵਿਚ ਇੰਕਾ ਨੇਤਾਵਾਂ ਦੇ ਨਾਂ ਸਾਹਮਣੇ ਆਏ ਹਨ। ਇਉਂ ਜੋ ਵੀ ਹਮਲਾਵਰ ਸਨ, ਉਹ ਪੂਰੀ ਤਿਆਰੀ ਨਾਲ ਆਏ। ਕੈਂਪਾਂ ਦੇ ਸਰਨਾਰਥੀ ਦੁਖ ਭਰੀਆਂ ਗੱਲਾਂ ਇਉਂ ਸੁਣਾਉਂਦੇ ਹਨ: "ਸੈਕਟਰ 9 ਵਿਚ ਪਹਿਲਾਂ ਹਮਲਾਵਰਾਂ ਨੇ ਜੋਗਿੰਦਰ ਸੰਘ ਤੇ ਉਸ ਦੀ ਪਤਨੀ ਦੀ ਹੱਤਿਆ ਕੀਤੀ, ਬਾਅਦ ਵਿਚ ਤਿੰਨ ਸਾਲਾਂ ਦੇ ਲੜਕੇ ਨੂੰ ਚਾਰ ਮੰਜ਼ਲਾਂ ਤੋਂ ਥਲੇ ਸੜਕ ਤੇ ਸੁੱਟ ਦਿੱਤਾ ਗਿਆ। ਸੈਕਟਰ 9 ਦੇ ਹੀ ਲਖਨ ਸਿੰਘ ਨੂੰ ਚੌਰਾਹੇ ਤੇ ਲਿਆ ਕੇ ਪੈਟਰੋਲ ਛਿੜਕ ਕੇ ਜ਼ਿੰਦਾ ਜਲਾਇਆ ਗਿਆ। ਸੀਤਲ ਸਿੰਘ ਦੇ ਸੀਨੇ ਅਤੇ ਪੁੜਪੁੜੀਆਂ ਚ ਚਾਰ ਗੋਲੀਆਂ ਮਾਰੀਆਂ ਗਈਆਂ। ਕੇਵਲ ਬੋਕਾਰੋ ਚ ਹੀ ਇਉਂ ਸੌ ਤੋਂ ਵੱਧ ਬੰਦੇ ਮਾਰੇ। ਹਜ਼ਾਰੀਬਾਗ ਤੇ ਰਾਂਚੀ ਵਿਚ ਵੀ ਦੰਗੇ ਉਸੇ ਸਮੇਂ ਹੀ ਭੜਕੇ ਤੇ ਇਸੇ ਰੂਪ ਵਿਚ ਹੀ ਹਾਦਸੇ ਉਥੇ ਸਾਹਮਣੇ ਆਏ।"

**ਪਟਨਾ**: "ਪਟਨੇ ਵਿਚ 1 ਨਵੰਬਰ ਨੂੰ ਕਰਫਿਊ ਲਗਾਇਆ, ਪਰ ਹਾਲਾਤ ਹੋਰ ਵੀ ਵਿਗੜ ਗਏ। ਗਾਇ ਘਾਟ ਮੁਹੱਲੇ ਦੇ ਗੁਰਦੁਆਰੇ ਨੂੰ ਅੱਗ ਲਾਉਣ ਦਾ ਯਤਨ ਕੀਤਾ ਗਿਆ ਸੀ। ਉਸ ਸਮੇਂ ਹੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਨਾਲ ਸਿੱਖਾਂ ਦੀਆਂ ਦੁਕਾਨਾਂ ਤੇ ਘਰਾਂ ਉਤੇ ਹਮਲੇ ਕੀਤੇ ਗਏ। ਇਹ ਘਟਨਾਵਾਂ 31 ਅਕਤੂਬਰ ਨੂੰ ਹੀ ਸ਼ੁਰੂ ਹੋ ਗਈਆਂ ਸਨ। ਕਰਫਿਊ ਤਾਂ 16 ਘੰਟੇ ਬਾਅਦ ਲਾਇਆ ਗਿਆ। 31 ਤਾਰੀਕ ਨੂੰ ਜੋ ਘਟਨਾਵਾਂ ਹੋਈਆਂ, ਉਨ੍ਹਾਂ ਦਾ ਸਬੰਧ ਲੁੱਟਮਾਰ ਨਾਲ ਵਧੇਰੇ ਸੀ। ਫਰੇਜ਼ਰ ਰੋਡ ਤੇ ਇਕ ਪੰਜਾਬੀ ਹੋਟਲ ਤੇ ਹਮਲਾ ਕੀਤਾ ਗਿਆ। ਮੁਰਗਿਆਂ ਦੀ ਇਕ ਦੁਕਾਨ ਨੂੰ ਅੱਗ ਲਾ ਦਿੱਤੀ ਗਈ। ਟਾਇਰਾਂ ਦੀ ਇਕ ਦੁਕਾਨ ਲੁੱਟੀ ਗਈ। ਚਿਰੀਆ ਟਾਂਡ ਪੁਲ ਅਤੇ ਪਟਨਾ ਜੰਕਸ਼ਨ ਵਿਚ ਕਈ ਦੁਕਾਨਾਂ ਤੇ ਹਮਲਾ ਕੀਤਾ ਗਿਆ। ਇਨ੍ਹਾਂ ਚੋਂ ਵਧੇਰੇ ਦੁਕਾਨਾਂ ਸਿੱਖਾਂ ਦੀਆਂ ਸਨ। ਪਰ ਕੁਝ ਅਮੀਰ ਹਿੰਦੂਆਂ ਤੇ ਬਿਹਾਰੀਆਂ ਦੀਆਂ ਦੁਕਾਨਾਂ ਵੀ ਲੁੱਟ ਲਈਆਂ ਗਈਆਂ। ਜਿਉਂ ਜਿਉਂ ਸ਼ਹਿਰ ਵਿਚ ਖ਼ਬਰ ਫੈਲੀ, ਉਪੱਧਰੀ ਵਧਦੇ ਗਏ। ਰਾਤ ਤਕ ਕੁੱਕੜ ਬਾਗ, ਕਦਮਕੂਆ, ਅਸ਼ੋਕ ਰਾਜਪਥ, ਪਟਨਾ ਸਿਟੀ ਆਬਾਦੀਆਂ ਵਿਚ ਸਿੱਖਾਂ ਦੀਆਂ ਦੁਕਾਨਾਂ ਲੁੱਟਣ ਤੋਂ ਬਿਨਾਂ ਘਰਾਂ ਉਤੇ ਹਮਲੇ ਵੀ ਹੋਏ ਤੇ ਮਾਰਕੁੱਟ ਅਤੇ ਕਤਲ ਦੀਆਂ ਘਟਨਾਵਾਂ ਸਾਹਮਣੇ ਆਈਆਂ। ਕੁਝ ਸਿੰਧੀਆਂ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ। ਸ਼ਰਾਬ ਦੀਆਂ ਦੁਕਾਨਾਂ ਵੀ ਲੁੱਟੀਆਂ ਗਈਆਂ। ਖਾਜੇਕਲਾ ਦੇ ਖ਼ਾਲਸਾ ਗਲਾਸ ਸਟੋਰ ਤੇ ਦਸ ਹਜ਼ਾਰ ਦੀ ਭੀੜ ਨੇ ਹਮਲਾ ਕੀਤਾ ਤੇ ਉਸ ਨੂੰ ਤਹਿਸ ਨਹਿਸ ਕਰ ਦਿੱਤਾ ਨਾਲ ਹੀ ਪੰਜ ਦੁਕਾਨਾਂ ਹੋਰ ਲੁੱਟੀਆਂ। ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਕੋਲ ਉਸ ਸਮੇਂ ਰੱਖਿਆ ਲਈ ਪੁਲਿਸ ਦਾ ਇਕ ਵੀ ਜਵਾਨ ਨਹੀਂ ਸੀ। ਉਥੇ ਪਹੁੰਚੇ ਕਈ ਸਿੱਖਾਂ ਦੇ ਚਿਹਰਿਆਂ ਉਤੇ ਜ਼ਖਮ ਤੇ ਪੱਟੀਆਂ ਸਨ। ਉਹ ਲੋਕ ਚੌਂਕ ਸ਼ਿਕਾਰਪੁਰ ਤੇ ਕਾਲੀਸਥਾਨ ਦੇ ਸਿੱਖਾਂ ਦੀ ਮਾਰਕੁੱਟਾਈ ਬਾਰੇ ਦੱਸ ਰਹੇ ਸਨ। ਗੁਰਦੁਆਰੇ ਦਾ ਫੋਨ ਕੱਟ ਦਿੱਤਾ ਗਿਆ ਸੀ। ਸਿੱਖ ਉਥੇ ਵੀ ਸਹਿਮੇ ਹੋਏ ਸਨ।"

**ਕਲਕੱਤਾ**: "ਜਗ੍ਹਾ ਜਗ੍ਹਾ ਟਰਾਮਾਂ, ਬੱਸਾਂ ਤੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਗਾਈ ਗਈ। ਜਿਥੇ ਕਿਧਰੇ ਭੀੜ ਦੇ ਵਸ ਪੈ ਗਏ ਉਹਨਾਂ ਦੀ ਜੰਮ ਕੇ ਪਿਟਾਈ ਕੀਤੀ ਗਈ। ਕਲਕੱਤੇ ਦੇ ਕਈ ਗੁਰਦੁਆਰਿਆਂ ਤੇ ਹਮਲਾ ਕੀਤਾ ਗਿਆ। ਦੱਖਣੀ ਕਲਕੱਤੇ ਦੇ ਰਾਸਬਿਹਾਰੀ ਸਥਿਤ ਗੁਰਦੁਆਰੇ ਤੇ 3000 ਤੋਂ ਵੱਧ ਦੀ ਭੀੜ ਨੇ ਹਮਲਾ ਕੀਤਾ ਉਤਰੀ ਕਲਕੱਤੇ ਦੇ ਬੜਾ ਬਾਜ਼ਾਰ ਗੁਰਦੁਆਰੇ ਤੇ ਵੀ ਇਕ ਵੱਡੀ ਭੀੜ ਨੇ ਹਮਲਾ ਕੀਤਾ ਅਤੇ ਉਸ ਦੇ ਆਸ-ਪਾਸ ਖੜੀਆਂ ਕਾਰਾਂ ਸਕੂਟਰਾਂ ਨੂੰ ਅੱਗ ਲਾ ਦਿੱਤੀ ਗਈ। ਫਾਇਰ ਬਰਗੇਡ ਦੀਆਂ ਗੱਡੀਆਂ ਅੱਗ ਬੁਝਾਉਣ ਪਹੁੰਚੀਆਂ, ਉਹਨਾਂ ਉਤੇ ਵੀ ਭੀੜ ਵਲੋਂ ਪਥਰਾਉ ਕੀਤਾ ਗਿਆ। ਕਈ ਕਰਮਚਾਰੀ ਜ਼ਖ਼ਮੀ ਹੋ ਗਏ। ਅਖੀਰ ਬੈਰਕਪੁਰ ਤੋਂ ਫੌਜ ਨੂੰ ਬੁਲਾਇਆ ਗਿਆ। ਉਹਨਾਂ ਨੇ 22 ਵਾਰ ਗੋਲੀ ਚਲਾਈ। ਹਰ ਗੁਰਦੁਆਰੇ ਦੇ ਆਲੇ ਦੁਆਲੇ ਫੌਜ ਤਾਇਨਾਤ ਕਰ ਦਿੱਤੀ ਗਈ। ਫਿਰ ਵੀ ਦੁਪਹਿਰ ਤੋਂ ਲੈ ਕੇ ਰਾਤ ਤਕ ਸੜਕਾਂ ਤੇ ਸੜਦੀਆਂ ਗੱਡੀਆਂ ਦੇਖੀਆਂ ਜਾ ਸਕਦੀਆਂ ਸਨ। ਸਿੱਖਾਂ ਦੇ ਦਰਜਨਾਂ ਹੋਟਲ ਦੁਕਾਨਾਂ ਇਸ ਲਪੇਟ ਵਿਚ ਆ ਗਏ। ਸਿੱਖਾਂ ਦੇ ਇਕ ਸਕੂਲ਼ ਦੀ ਬੱਸ ਟਾਲੀਗੰਜ ਰੋਡ ਤੇ ਸਾੜ ਦਿੱਤੀ ਗਈ। ਦੱਖਣੀ ਕਲਕੱਤੇ ਵਿਚ ਭਵਾਨੀਪੁਰ ਸਿੱਖਾਂ ਦੇ ਇਕ ਸਕੂਲ ਤੇ ਹਿੰਸਕ ਭੀੜ ਨੇ ਹਮਲਾ ਕੀਤਾ। ਇਕ ਪੂਰੇ ਪ੍ਰਵਾਰ ਨੂੰ ਘਰ ਚੋਂ ਕੱਢ ਕੇ ਕੁੱਟਿਆ ਗਿਆ। "ਕਿਤੇ ਕਿਤੇ ਤਾਂ ਲਾਸ਼ਾਂ ਢੋਣ ਦੇ ਲਈ ਬੁਲਾਏ ਗਏ ਪ੍ਰਸ਼ਾਸਨ ਦੇ ਟਰੱਕ ਲੁੱਟਮਾਰ ਦਾ ਮਾਲ ਢੋਅ ਰਹੇ ਸਨ।"

ਰੇਲਗੱਡੀਆਂ ਵਿਚ ਸਿੱਖਾਂ ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਕਲਕੱਤੇ ਵਿਚ ਕਈ ਥਾਂ (ਦੇਸ਼ਪ੍ਰਿਯ ਪਾਰਕ, ਹੇਅਰ ਸਟਰੀਟ, ਮਹਾਤਮਾ ਗਾਂਧੀ ਰੋਡ, ਸਿਆਲਦਾ) ਹਿੰਸਕ ਭੀੜ ਤੇ ਸਿੱਖਾਂ ਵਿਚ ਜੰਮ ਕੇ ਟਾਕਰਾ ਹੋਇਆ। 1 ਨਵੰਬਰ ਨੂੰ ਕਲਕੱਤੇ ਦੇ ਸਾਰੇ ਗੁਰਦੁਆਰੇ ਭੀੜ ਦੇ ਹਿੰਸਕ ਹਮਲਿਆਂ ਦਾ ਸ਼ਿਕਾਰ ਬਣੇ ਹੋਏ ਸਨ ਕਿਉਂਕਿ ਹਿੰਸਕ ਭੀੜ ਨੂੰ ਇਹ ਪਤਾ ਸੀ ਕਿ ਸਿੱਖ ਗੁਰਦੁਆਰਿਆਂ ਵਿਚ ਚਲੇ ਗਏ ਹਨ। ਅਮਹਸਰਟ ਸਟਰੀਟ ਵਿਚ ਇਕ ਸਿੱਖ ਦੇ ਹੋਟਲ ਤੇ ਬੰਬ ਸੁੱਟੇ ਗਏ। ਬੰਡੇਲ ਰੋਡ ਤੇ ਇਕ ਸਿੱਖ ਦੇ ਗੈਰਿਜ ਨੂੰ ਅੱਗ ਲਗਾਈ ਗਈ। ਥਾਂ-ਥਾਂ ਤੇ ਅਜਿਹੀਆਂ ਘਟਨਾਵਾਂ ਹੋਈਆਂ। ਲਾਲ ਬਾਜ਼ਾਰ ਪੁਲਿਸ ਸਟੇਸ਼ਨ ਵਿਚ 800 ਸਿੱਖਾਂ ਨੇ ਸ਼ਰਨ ਲਈ ਹੋਈ ਸੀ।" (ਰਵੀਵਾਰ, 11-17 ਨਵੰਬਰ 1984)

ਸਿੱਖਾਂ ਦੇ ਮਨ ਦੇ ਸ਼ੰਕੇ:"ਸਿੱਖਾਂ ਵਿਚ ਅਫਵਾਹ ਅਤੇ ਸ਼ੱਕ ਹੈ ਕਿ ਅਸਲ ਵਿਚ ਉਨ੍ਹਾਂ ਦੇ 5000 ਬੰਦੇ ਮਾਰੇ ਗਏ ਹਨ। ਫੌਜ ਵਿਚ ਸਿੱਖ ਰੈਜੀਮੈਂਟ ਨੂੰ ਤੋੜਿਆ ਜਾ ਰਿਹਾ ਹੈ। ਜਿਸ ਯੋਜਨਾ ਨਾਲ ਸਾਰੇ ਭਾਰਤ ਚ ਸਿੱਖਾਂ ਨੂੰ ਮਾਰਿਆ ਗਿਆ ਹੈ, ਇਹ ਯੋਜਨਾ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਪਹਿਲਾਂ ਹੀ ਬਣਾਈ ਗਈ ਸੀ। ਉਨ੍ਹਾਂ ਨੂੰ ਇਹ ਸ਼ੱਕ ਇਸ ਲਈ ਠੀਕ ਜਾਪਦਾ ਹੈ ਕਿਉਂਕਿ ਉਨ੍ਹਾਂ ਨੂੰ ਤਬਾਹ ਹੁੰਦਿਆਂ ਦੇਖ ਨਾ ਹੀ ਪੁਲਿਸ ਨੇ ਪ੍ਰਵਾਹ ਕੀਤੀ ਤੇ ਨਾ ਹੀ ਪ੍ਰਬੰਧਕਾਂ ਨੇ। ਸਗੋਂ ਕਈ ਪ੍ਰਬੰਧਕਾਂ ਨੇ ਗੁੰਡਿਆਂ ਨੂੰ ਸ਼ਹਿ ਦਿੱਤੀ। ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਸੇ ਲਈ ਕਈ ਅਫਸਰਾਂ ਨੂੰ ਝਟਪਟ ਬਦਲਿਆ ਸੀ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 2577 ਫੜੇ ਗਏ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਦਿੱਤੀ ਜਾਏਗੀ। ਸ੍ਰੀ ਜਗਦੀਸ਼ ਟਾਈਟਲਰ ਐਮ.ਪੀ. (ਕਾਂਗਰਸ) ਨੇ ਉਨ੍ਹਾਂ ਆਪਣੇ ਕੁਝ ਵਿਅਕਤੀਆਂ ਨੂੰ ਰਿਹਾਅ ਵੀ ਕਰਾਇਆ, ਜਿਨ੍ਹਾਂ ਲੁੱਟਮਾਰ ਦੀਆਂ ਘਟਨਾਵਾਂ ਚ ਹਿੱਸਾ ਲਿਆ।"

(ਨਿਊਜ਼ਵੀਕ, ਨਿਊਯਾਰਕ, 19 ਨਵੰਬਰ 1984)

ਸਿੱਖਾਂ ਨੂੰ ਯਹੂਦੀਆਂ ਵਾਂਗ ਕਤਲ ਕੀਤਾ ਗਿਆ

"ਹਿਟਲਰ ਦੇ ਨਾਜ਼ੀ ਜਰਮਨੀ ਤੋਂ ਲੈ ਕੇ 1984 ਦੇ ਭਾਰਤ ਤਕ ਇਕ ਲੰਮੀ ਵਿੱਥ ਹੈ ਪਰ ਦੋਨਾਂ ਵਿਚ ਕੁਝ ਸਮਾਨਤਾ ਹੈ। ਹਿਟਲਰ ਵੀ ਯਹੂਦੀਆਂ ਦੀ ਕਤਲਾਮ ਕਰ ਕੇ ਹੀ ਤਾਕਤ ਚ ਆਇਆ ਸੀ ਤੇ ਭਾਰਤ ਵਿਚ ਫਾਸਿਜ਼ਮ ਨੇ ਉਹੀ ਰੂਪ ਦਿਖਾਇਆ ਹੈ। ਖੱਦਰਧਾਰੀ ਹਿੰਦੂ ਕੱਟੜਵਾਦ ਨੇ ਗੁੰਡਆਂ ਨਾਲ ਮਿਲ ਕੇ ਉਸੇ ਹੀ ਕਿਸਮ ਦੀ ਕਤਲਾਮ ਕੀਤੀ ਹੈ। ਦਿੱਲੀ ਵਿਚ ਸਿੱਖ ਪੰਜਾਬੀਆਂ ਚ ਸਭ ਤੋਂ ਵੱਧ ਅਮੀਰ ਹਨ ਤੇ ਇਸ ਸਮੇਂ ਝੁੱਗੀ-ਝੌਂਪੜੀ ਵਾਲਿਆਂ ਨੂੰ ਉਨ੍ਹਾਂ ਵਿਰੁੱਧ ਭੜਕਾਉਣਾ ਕੋਈ ਮੁਸ਼ਕਲ ਨਹੀਂ ਸੀ। ਇਹ 'ਧਾੜਵੀ ਲੋਕ ਜਿਨ੍ਹਾਂ ਇਲਾਕਿਆਂ ਚੋਂ ਆਏ, ਇਹ ਇਲਾਕੇ ਕਾਂਗਰਸੀ ਐਮ.ਪੀਆਂ ਤੇ ਨੇਤਾਵਾਂ ਸ੍ਰੀ ਐਚ.ਕੇ.ਐਲ. ਭਗਤ, ਸਜਨ ਕੁਮਾਰ, ਧਰਮਵੀਰ ਸ਼ਾਸਤ੍ਰੀ ,ਕਮਲਨਾਥ ਤੇ ਅਰਜਨਦਾਸ ਦੇ ਹਨ।"

**ਸੰਡੇ ਅਬਜ਼ਰਵਰ, 11, ਨਵੰਬਰ 1984**

# ਇਨਸਾਫ਼ ਦੀ ਉਡੀਕ 'ਚ 40 ਸਾਲ,1984 ਦੇ ਕਤਲੇਆਮ ਦੀ ਸਰਕਾਰੀ ਕਹਾਣੀ ਝੂਠੀ

**ਖਾਸ ਰਿਪੋਰਟ**

31 ਅਕਤੂਬਰ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਣ ਵਾਲੇ ਸਿਖ ਕਤਲੇਆਮ ਦੀ ਬਰਸੀ ਸੀ।31 ਅਕਤੂਬਰ ਨੂੰ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਬਹੁਤ ਵਡਾ ਕਤਲੇਆਮ ਕੀਤਾ ਗਿਆ।ਸਰਕਾਰੀ ਅੰਕੜਿਆਂ ਮੁਤਾਬਕ 2,733 ਸਿਖ ਮਾਰੇ ਗਏ। ਸਰਕਾਰੀ ਝੂਠੀ ਕਹਾਣੀ ਇਹ ਵੀ ਘੜੀ ਗਈ ਕਿ ਜਵਾਬੀ ਹਿੰਸਾ ਸੁਭਾਵਕ ਹੀ ਆਪ ਮੁਹਾਰੇ ਹੋਈ ਸੀ ।ਇਹੀ ਪੈਟਰਨ ਗੁਜਰਾਤ ਵਿੱਚ 2002 ਵਿੱਚ ਵੀ ਦੁਹਰਾਇਆ ਗਿਆ। ਗੋਧਰਾ ਤੋਂ ਬਾਅਦ ਹੋਣ ਵਾਲੀ ਹਿੰਸਾ ਵਿੱਚ ਪਹਿਲਾ ਕਤਲੇਆਮ ਗੁਲਬਰਗ ਸੋਸਾਇਟੀ ਵਿਚ ਹੋਇਆ।ਨਾ ਸਿਰਫ਼ 1984 ਦੀ ਦਿੱਲੀ ਦੀ ਹਿੰਸਾ ਦਾ ਪੈਮਾਨਾ ਗੁਜਰਾਤ ਦੀ ਹਿੰਸਾ ਨਾਲੋਂ ਕਿਤੇ ਵੱਡਾ ਸੀ ਬਲਕਿ ਲੰਘੇ 33 ਸਾਲਾਂ ਦੌਰਾਨ ਇਨਸਾਫ਼ ਪ੍ਰਣਾਲੀ ਦੀ ਨਾਕਾਮਯਾਬੀ ਦਾ ਪੈਮਾਨਾ ਵੀ ਕਾਫ਼ੀ ਵੱਡਾ ਸੀ।ਗਵਾਹ ਚੁਪ ਕਰਵਾਏ ਗਏ ,ਪੀੜਤ ਡਰਾਏ ਗਏ।ਕਾਤਲ ਖੁਲੇ ਛਡੇ ਗਏ ਤਾਂ ਜੋ ਪੀੜਤਾਂ ਉਪਰ ਦਹਿਸ਼ਤ ਜਾਰੀ ਰਖੀ ਜਾ ਸਕੇ।

ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ।ਹਿੰਸਾ ਵਿੱਚੋਂ ਬਚੇ ਹੋਏ ਸਿਖਾਂ ਨੇ ਤਸਦੀਕ ਕੀਤੀ ਹੈ ਕਿ ਸੱਜਣ ਕੁਮਾਰ ਨੇ ਭੀੜ ਦੀ ਅਗਵਾਈ ਕੀਤੀ ਸੀ।ਇਸਦੇ ਉਲਟ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਕਮਲ ਨਾਥ ਅਤੇ ਮਰਹੂਮ ਐਚ ਕੇ ਐੱਲ ਭਗਤ ਤੇ ਸਿੱਖਾਂ ਖਿਲਾਫ਼ ਹਿੰਸਕ ਭੀੜਾਂ ਭੜਕਾਉਣ ਦੇ ਲੱਗੇ ਇਲਜ਼ਾਮਾਂ ਨੂੰ ਬੇਬੁਨਿਆਦ ਸਾਬਤ ਕਰਨ ਦੀ ਕੋਸ਼ਿਸ਼ ਲਗਾਤਾਰ ਹੋਈ।ਮਰਹੂਮ ਐਚ ਕੇ ਐੱਲ ਭਗਤ ਵੀ ਸਾਲ 2000 ਵਿੱਚ ਬਰੀ ਹੋ ਗਿਆ ਸੀ ਅਤੇ ਅਜਿਹੇ ਫ਼ੈਸਲੇ ਦਾ ਵੱਡਾ ਕਾਰਨ ਉਸਦੀ ਲੁਕਵੀਂ ਸ਼ਮੂਲੀਅਤ ਸੀ।ਜਾਂਚ ਦਲ ਵੱਲੋਂ ਪੜਤਾਲੇ ਗਏ 293 ਕੇਸਾਂ ਵਿੱਚੋਂ, ਇਸਦੇ ਆਪਣੇ ਬਿਆਨ ਮੁਤਬਕ ਸਿਰਫ਼ 59 ਕੇਸ ਦੁਬਾਰਾ ਖੁੱਲ੍ਹੇ ਹਨ।ਇਨ੍ਹਾਂ 59 ਕੇਸਾਂ ਵਿੱਚੋਂ ਜਾਂਚ ਦਲ ਨੇ ਫ਼ੇਰ 38 ਮਾਮਲੇ ਬੰਦ ਕਰ ਦਿੱਤੇ ਅਤੇ ਸਿਰਫ਼ 4 ਵਿੱਚ ਹੀ ਬਿਆਨ ਦਰਜ ਕੀਤੇ।

ਦਿੱਲੀ ਹਿੰਸਾ ਦੇ ਵਿਸ਼ਾਲ ਪ੍ਰਸੰਗ ਵਿੱਚ ਦਰਜਨ ਭਰ ਕਮੇਟੀਆਂ ਅਤੇ ਕਮਿਸ਼ਨਾਂ ਦੀਆਂ ਪੜਤਾਲਾਂ ਦੇ ਬਾਵਜੂਦ ਪੁਸ਼ਤਪਨਾਹੀ ਬੇਰੋਕ ਜਾਰੀ ਰਹੀ।ਇਨ੍ਹਾਂ ਵਿੱਚੋਂ ਹਾਲੀਆ ਕਮਿਸ਼ਨ ਮਹਿਜ਼ ਦੋ ਮਹੀਨੇ ਪਹਿਲਾਂ ਬਿਠਾਇਆ ਗਿਆ ਸੀ।ਇਸਦੇ ਸਨਮੁੱਖ, ਸੁਪਰੀਮ ਕੋਰਟ ਦਾ ਦਖ਼ਲ, 1984 ਦੇ ਪ੍ਰਸੰਗ ਵਿੱਚ ਇੱਕ ਚੰਗਾ ਸ਼ਗਨ ਹੋਵੇਗਾ। ਆਖ਼ਰਕਾਰ ਇਹ ਸੁਪਰੀਮ ਕੋਰਟ ਦਾ ਉਹੀ ਦਖ਼ਲ ਸੀ ਜਿਸ ਨਾਲ 2002 ਦੇ ਪ੍ਰਸੰਗ ਵਿੱਚ ਦੋਸ਼ੀਆਂ ਦੀ ਪੁਸ਼ਤਪਨਾਹੀ ਵਿੱਚ ਫ਼ਰਕ ਆਇਆ ਸੀ।ਪਰ ਫੇਰ ਇਹ ਬਹੁਤ ਦੇਰੀ ਨਾਲ ਦਿੱਤੇ ਬਹੁਤ ਥੋੜ੍ਹੇ ਇਨਸਾਫ਼ ਵਾਲੀ ਗੱਲ ਹੋ ਜਾਵੇਗੀ।

ਦੋ ਸੇਵਾ ਮੁਕਤ ਜੱਜਾਂ ਦੇ 16 ਅਗਸਤ ਨੂੰ ਬਣਾਏ ਇਸ ਨਿਗਰਾਨ ਪੈਨਲ ਨੇ ਤਿੰਨ ਮਹੀਨਿਆਂ ਵਿੱਚ ਰਿਪੋਰਟ ਦੇਣੀ ਹੈ।ਇਸ ਉੱਚ ਪੱਧਰੀ ਸਿਆਸੀ ਸਾਜ਼ਿਸ਼ ਨੂੰ ਤੋੜਨ ਵਾਲੀ ਉਮੀਦ ਦੀ ਇੱਕ ਛੋਟੀ ਜਿਹੀ ਵਜ੍ਹਾ ਦਿੱਲੀ ਹਾਈਕੋਰਟ ਦੀ ਗੰਭੀਰਤਾ ਹੈ।ਉਹੀ ਗੰਭੀਰਤਾ ਜਿਸ ਨਾਲ ਉਹ 1984 ਦੇ ਕਤਲੇਆਮ ਦੇ ਇੱਕ ਕੇਸ ਵਿੱਚੋਂ ਕਾਂਗਰਸ ਦੇ ਸਾਬਕਾ ਲੋਕਸਭਾ ਮੈਂਬਰ ਸੱਜਣ ਕੁਮਾਰ ਨੂੰ ਬਰੀ ਕਰਨ ਖਿਲਾਫ਼ ਇੱਕ ਅਪੀਲ ਦੀ ਸੁਣਵਾਈ ਕਰ ਰਹੀ ਹੈ।

ਦਿੱਲੀ ਕੈਂਟ ਵਿੱਚ ਭੀੜ ਵੱਲੋਂ ਕੀਤੀ ਹਿੰਸਾ ਦੇ ਇਸ ਕੇਸ ਵਿੱਚ ਸੱਜਣ ਕੁਮਾਰ ਦੀਆਂ ਨਿੱਜੀ ਮੌਜੂਦਗੀਆਂ ਨੂੰ ਦਰਸਾਉਂਦੀਆਂ, ਚਸ਼ਮਦੀਦਾਂ ਦੀ ਗਵਾਹੀਆਂ ਦੀ ਸ਼ਕਤੀ ਨੂੰ ਵੇਖਦਿਆਂ ਅਪੀਲ ਦੀਆਂ ਸੁਣਵਾਈਆਂ ਨੇ ਪੀੜ੍ਹਤਾਂ ਵਿੱਚ ਇੱਕ ਉਮੀਦ ਜਗਾਈ ਹੈ।ਇਸ ਕੇਸ ਵਿੱਚ ਸ਼ਾਮਲ ਹੋਣ ਲਈ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਪੰਜਾਬ ਵਿਧਾਨ ਸਭਾ ਵਿਚਲੇ ਆਪਣੇ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਨੂੰ ਤਿਆਗ ਦਿੱਤਾ ਸੀ।ਹਾਲਾਂਕਿ ਸੱਜਣ ਕੁਮਾਰ ਦਿੱਲੀ ਕੈਂਟ ਦੇ ਇਸ ਕੇਸ ਅਤੇ ਪੱਛਮੀ ਦਿੱਲੀ ਦੇ ਇੱਕ ਹੋਰ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਸੀ, ਉਸਦੇ ਖਿਲਾਫ਼ ਸਬੂਤ ਫਿਰਕੂ ਹਿੰਸਾ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹੋਰ ਸਿਆਸੀ ਆਗੂਆਂ ਦੇ ਮੁਕਾਬਲੇ ਜ਼ਿਆਦਾ ਹਨ।




ਅਜਿਹੀ ਹਿੱਸੇਦਾਰੀ ਦੇ ਬਹੁਤ ਘੱਟ ਸਬੂਤ ਸਨ। ਉਦਾਹਰਣ ਵਜੋਂ ਮਰਹੂਮ ਐੱਚ ਕੇ ਐੱਲ ਭਗਤ ਦੇ ਮਾਮਲੇ ਵਿੱਚ, ਭਾਵੇਂ ਕਿ ਪੂਰਬੀ ਦਿੱਲੀ ਵਿੱਚਲੇ ਉਸਦੇ ਹਲਕੇ ਵਿੱਚ ਇਸ ਤੋਂ ਕਿਤੇ ਵੱਡੇ ਪੱਧਰ ਦੀ ਹਿੰਸਾ ਹੋਈ ਸੀ।ਭਗਤ ਵੀ ਸਾਲ 2000 ਵਿੱਚ ਬਰੀ ਹੋ ਗਿਆ ਸੀ ਅਤੇ ਅਜਿਹੇ ਫ਼ੈਸਲੇ ਦਾ ਵੱਡਾ ਕਾਰਨ ਉਸਦੀ ਲੁਕਵੀਂ ਸ਼ਮੂਲੀਅਤ ਸੀ।ਹੋਰ ਕਾਂਗਰਸੀ ਆਗੂਆਂ ਵਾਂਗ ਭਗਤ ਨੂੰ ਵੀ ਰਾਜੀਵ ਗਾਂਧੀ ਸਰਕਾਰ ਵੱਲੋਂ 1984 ਦੇ ਕਤਲੇਆਮ ਦੀ ਜਾਂਚ ਲਈ ਬਿਠਾਏ ਗਏ ਰੰਗਾਨਾਥ ਮਿਸ਼ਰਾ ਕਮਿਸ਼ਨ ਨੇ ਦੋਸ਼ ਮੁਕਤ ਕਰ ਦਿੱਤਾ ਸੀ।ਰੰਗਾਨਾਥ ਕਮਿਸ਼ਨ ਵੱਲੋਂ ਭਗਤ ਨੂੰ ਬਰੀ ਕੀਤੇ ਜਾਣ ਦਾ ਮੁੱਖ ਆਧਾਰ ਸਿੱਖ ਆਗੂ ਬਲਵਿੰਦਰ ਸਿੰਘ ਦੀ ਉਸਦੇ ਹੱਕ ਵਿੱਚ ਗਵਾਹੀ ਸੀ।ਬਲਵਿੰਦਰ ਸਿੰਘ ਦਾ ਪੁੱਤਰ ਅਰਵਿੰਦਰ ਸਿੰਘ ਲਵਲੀ ਸ਼ੀਲਾ ਦੀਕਸ਼ਿਤ ਦੀ ਸਰਕਾਰ ਵਿੱਚ ਅੱਗੇ ਜਾ ਕੇ ਮੰਤਰੀ ਬਣਿਆ।ਲਵਲੀ, ਇਸੇ ਸਾਲ ਦੇ ਸ਼ੁਰੂ ਵਿੱਚ ਬੀਜੇਪੀ ਵਿੱਚ ਸ਼ਾਮਲ ਹੋ ਗਿਆ ਸੀ।

ਤਿਲਕ ਵਿਹਾਰ ਦੇ ਸੀ ਬਲਾਕ ਦੀ ਵਿਡੋ ਕਾਲੋਨੀ ਭਾਵ ਵਿਧਵਾਵਾਂ ਦੀ ਕਾਲੋਨੀ 'ਵਿਚ ਕੁਲਦੀਪ ਕੌਰ, ਅੱਤਰ ਕੌਰ, ਚਰਨਜੀਤ ਕੌਰ, ਨਰਿੰਦਰ ਕੌਰ, ਸੁਰਿੰਦਰ ਕੌਰ, ਲੱਛਮੀ ਕੌਰ, ਜਸਬੀਰ ਕੌਰ, ਪੱਪੀ ਕੌਰ ਸਿਖ ਕਤਲੇਆਮ ਪੀੜਤ ਬੀਬੀਆਂ ਨੂੰ ਨੌਕਰੀਆਂ ਮਿਲੀਆਂ ਸਨ, ਜ਼ਿਆਦਾ ਉਨ੍ਹਾਂ ਨੌਕਰੀਆਂ ਤੋਂ ਰਿਟਾਇਰ ਹੋ ਚੁੱਕੀਆਂ ਸਨ। ਪਰ ਇਹ ਅਜੇ ਵੀ ਪੇਸ਼ੀ ਦੀਆਂ ਤਾਰੀਖ਼ਾਂ ਭੁਗਤ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਨਸਾਫ਼ ਮਿਲ ਸਕੇ। 1985-86 'ਵਿਚ ਅਲਾਟ ਹੋਏ ਮਕਾਨ ਅਜੇ ਵੀ ਵਿਧਵਾਵਾਂ ਦੇ ਨਾਂਅ ਮਾਲਕਾਨਾ ਹੱਕ ਹੋਣ ਦੀ ਉਡੀਕ 'ਵਿਚ ਹਨ। ਇਨਸਾਫ਼ ਦੇ ਇੰਤਜ਼ਾਰ 'ਵਿਚ ਇਹਨਾਂ ਬੀਬੀਆਂ ਨੂੰ ਅਗਲੀ ਪੀੜ੍ਹੀ ਦੇ ਧੁੰਦਲੇ ਭਵਿੱਖ ਦੀ ਚਿੰਤਾ ਵੀ ਅੰਦਰੋ-ਅੰਦਰੀ ਖਾਈ ਜਾਂਦੀ ਹੈ। ਤਿੰਨ ਬੱਚਿਆਂ ਦੀ ਮਾਂ ਸੁਰਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਤਿੰਨੇ ਹੀ ਬੱਚੇ ਜਿਨ੍ਹਾਂ ਨੇ ਆਪਣੇ ਬਾਪ ਦਾ ਕਤਲ ਹੁੰਦਿਆਂ ਆਪਣੀ ਅੱਖੀਂ ਵੇਖਿਆ ਸੀ, ਪੜ੍ਹ ਨਹੀਂ ਸਕੇ। ਧੀ ਕਿਸੇ ਤਰ੍ਹਾਂ ਅੱਠਵੀਂ ਜਮਾਤ ਤੱਕ ਅਤੇ ਦੋਵੇਂ ਪੁੱਤ ਚੌਥੀ ਪੰਜਵੀਂ ਤੋਂ ਅੱਗੇ ਨਹੀਂ ਪੜ੍ਹ ਸਕੇ। ਹੁਣ ਦੋਵੇਂ ਪੁੱਤ ਆਟੋ ਚਲਾਉਂਦੇ ਹਨ ਅਤੇ ਉਹ ਅਜੇ ਵੀ ਕੇਸ ਲੜ ਰਹੀ ਹੈ। ਜਦੋਂ ਉਸ ਕੋਲੋਂ ਪੁੱਛਿਆ ਗਿਆ ਕਿ ਛੋਟੇ ਬੱਚਿਆਂ ਦੇ ਨਾਲ ਕਚਹਿਰੀਆਂ ਦੇ ਚੱਕਰ ਨਾਲ ਕਿਵੇਂ ਨਜਿੱਠਿਆ ਤਾਂ ਬੜੇ ਹੀ ਸਪਾਟ ਜਿਹੇ ਚਿਹਰੇ ਨਾਲ ਉਸ ਦਾ ਜਵਾਬ ਸੀ ਕਿ ਦੁੱਖ ਇਨਸਾਨ ਨੂੰ ਪੱਕਿਆਂ ਕਰ ਦਿੰਦਾ ਹੈ। ਉਹ ਬੱਚੇ ਵੀ ਸਮਝ ਗਏ ਸੀ ਕਿ ਹੁਣ ਅਸੀਂ ਇੰਝ ਹੀ ਅਤੇ ਅਜਿਹੀਆਂ ਹੋਰ ਚੁਣੌਤੀਆਂ ਦੇ ਨਾਲ ਵੱਡੇ ਹੋਣਾ ਹੈ।

ਗੁਰਦੁਆਰੇ 'ਵਿਚ ਹੀ ਸੇਵਾ ਕਰ ਰਹੇ ਵਜ਼ੀਰ ਸਿੰਘ ਖ਼ਾਲਸਾ, ਜਿਸ ਦੀ 1984 ਦੇ ਸਮੇਂ ਉਮਰ ਸਿਰਫ਼ 15 ਸਾਲ ਸੀ, ਉਸ ਦੇ ਦੁੱਖ ਦੀ ਨੁਹਾਰ ਵੱਖਰੀ ਹੀ ਸੀ। ਰਾਜਸਥਾਨ ਨਾਲ ਤਾਅੱਲੁਕ ਰੱਖਣ ਵਾਲੇ ਖ਼ਾਲਸਾ ਦੇ ਪਰਿਵਾਰ ਨੂੰ ਭਵਿੱਖ ਦੀ ਰਾਹ ਚੁਣਨ ਲਈ ਦੋ ਵਾਰ ਚੋਣ ਕਰਨੀ ਪਈ।

ਰਾਜਸਥਾਨ 'ਚ ਮਾਮੂਲੀ ਖੇਤੀ ਕਾਰਨ ਤੰਗਹਾਲੀ ਭੋਗ ਰਹੇ ਪਰਿਵਾਰ ਨੇ 1984 ਤੋਂ ਐਨ ਪਹਿਲਾਂ ਹੀ ਦਿੱਲੀ ਆਉਣ ਦਾ ਫ਼ੈਸਲਾ ਕੀਤਾ। ਆਸ-ਪਾਸ ਰਹਿਣ ਵਾਲੇ ਮੁਸਲਮਾਨ ਭਾਈਚਾਰੇ ਕਾਰਨ ਪਰਿਵਾਰ ਦਾ ਕਤਲੇਆਮ ਤੋਂ ਕੁਝ ਬਚਾਅ ਰਿਹਾ ਪਰ ਵਜ਼ੀਰ ਸਿੰਘ ਨੇ ਆਪਣੇ ਸਾਹਮਣੇ ਗੁਰਦੁਆਰੇ ਜਾ ਰਹੇ ਇਕ ਸਿੱਖ ਦਾ ਕਤਲ ਹੁੰਦਿਆਂ ਵੇਖਿਆ ਤਾਂ ਉਸ ਨੇ ਉਸ ਕੋਲ ਜਾਣ ਦੀ ਜ਼ਿੱਦ ਕੀਤੀ ਪਰ ਉਸ ਦੇ ਨਾਲ ਖੜ੍ਹੇ ਉਸ ਦੇ ਪਿਤਾ, ਜਿਸ ਨੇ ਇਕ ਹੱਥ ਉਸ ਦੇ ਮੂੰਹ 'ਤੇ ਰੱਖਿਆ ਸੀ ਤਾਂ ਜੋ ਉਸ ਦੇ ਮੂੰਹ 'ਵਿਚੋਂ ਚੀਕ ਨਾ ਨਿਕਲੇ, ਉਸ ਨੂੰ ਤਰਲੋ-ਮਿੰਨਤੀ ਕਰਦਿਆਂ ਲੁਕ-ਲੁਕਾ ਕੇ ਵਾਪਸ ਘਰ ਲੈ ਕੇ ਆਇਆ। ਉਹ 3 ਦਿਨ ਵਜ਼ੀਰ ਸਿੰਘ ਦੇ ਪਰਿਵਾਰ ਨੇ ਗੁਆਂਢੀਆਂ ਦੇ ਸਮਝਾਉਣ 'ਤੇ ਘਰ ਦੇ ਅੰਦਰ ਹੀ ਕੱਟੇ। ਹੱਟੇ-ਕੱਟੇ ਸਰੀਰ ਵਾਲੇ 55 ਸਾਲ ਦੇ ਵਜ਼ੀਰ ਸਿੰਘ ਨੇ ਜਿਵੇਂ ਉਸ ਵੇਲੇ ਦੇ ਰੋਕੇ ਹੰਝੂ ਜੋ ਪਤਾ ਨਹੀਂ ਪਹਿਲਾਂ ਵੀ ਕਿੰਨੀ ਵਾਰ ਬਾਹਰ ਆਏ ਹੋਣਗੇ, ਕੇਰਦਿਆਂ ਕਿਹਾ ਉਸ ਦੌਰ ਤੋਂ ਬਾਅਦ ਪਰਿਵਾਰ ਮੁੜ ਰਾਜਸਥਾਨ ਚਲਾ ਗਿਆ ਸੀ ਪਰ ਉਥੋਂ ਦੀ ਤੰਗਹਾਲੀ ਜਦੋਂ ਬਰਦਾਸ਼ਤ ਨਾ ਹੋਈ ਤਾਂ ਰੁਜ਼ਗਾਰ ਤਲਾਸ਼ਦੇ ਮੁੜ ਦਿੱਲੀ ਦਾ ਰਾਹ ਕੀਤਾ। ਸ਼ਾਇਦ ਵਜ਼ੀਰ ਸਿੰਘ ਦੇ ਪਰਿਵਾਰ ਨੂੰ ਸਭ ਨੂੰ ਆਪਣੇ ਅੰਦਰ ਸਮਝਾਉਣ ਵਾਲੀ ਦਿੱਲੀ ਦੀ ਕੁਵੱਤ ਦਾ ਪਤਾ ਸੀ।

ਧੀ ਦਾ ਮੂੰਹ ਵੀ ਨਹੀਂ ਵੇਖ ਸਕੇ ਉਹ

ਉਹ ਪੀਲੀ ਪੱਗ ਵਾਲੇ ਮੇਰੇ ਪਤੀ ਦੀ ਤਸਵੀਰ ਹੈ। ਕੁਲਦੀਪ ਕੌਰ ਨੇ ਕਾਫ਼ੀ ਦੇਰ ਬਾਅਦ ਬੋਲਣਾ ਸ਼ੁਰੂ ਕੀਤਾ, ਨਾਲ ਹੀ ਆਪਣੀ ਚੁੰਨੀ ਨਾਲ ਹੰਝੂ ਪੂੰਝਦਿਆਂ ਦੱਸਿਆ ਕਿ ਉਸ ਵੇਲੇ (ਨਵੰਬਰ 1984) 'ਵਿਚ ਉਹ ਚੜ੍ਹੇ ਦਿਨਾਂ 'ਤੇ ਸੀ। 26 ਸਾਲਾਂ ਦੀ ਕੁਲਦੀਪ ਕੌਰ ਉਸ ਵੇਲੇ ਸੱਤਵੇਂ ਮਹੀਨੇ ਦੀ ਗਰਭਵਤੀ ਸੀ। ਕੁਲਦੀਪ ਦੇ ਉਸ ਵੇਲੇ ਇਕ ਬੇਟਾ ਵੀ ਸੀ। ਜਨੂੰਨੀ ਭੀੜ ਦੇ ਹੱਥੋਂ ਉਸ ਦੇ ਪਤੀ ਦੇ ਕਤਲ ਤੋਂ ਬਾਅਦ ਗੁਆਂਢੀਆਂ ਨੇ ਬੇਟੇ ਦੀ ਜਾਨ ਬਚਾਉਣ ਲਈ ਉਸ ਦੇ ਕੇਸ ਕੱਟ ਦਿੱਤੇ, ਜਿਸ ਤੋਂ ਬਾਅਦ ਉਸ ਦੇ ਪਰਿਵਾਰ ਦੀਆਂ ਔਰਤਾਂ ਅਤੇ ਬੱਚੇ ਪਹਿਲਾਂ ਕਿਸੇ ਗੁਆਂਢੀ ਅਤੇ ਕੁਝ ਦਿਨਾਂ ਬਾਅਦ ਆਪਣੇ ਰਿਸ਼ਤੇਦਾਰਾਂ ਕੋਲ ਪਹੁੰਚ ਗਏ। 26 ਸਾਲਾਂ ਦੀ ਉਮਰ 'ਵਿਚ ਆਪਣਾ ਪਤੀ ਗੁਆਉਣ ਵਾਲੀ ਕੁਲਦੀਪ ਕੌਰ ਦੇ ਦੁੱਖਾਂ ਦੀ ਪੰਡ ਉਸ ਵੇਲੇ ਹੋਰ ਭਾਰੀ ਹੋ ਗਈ, ਜਦੋਂ ਕੁਝ ਸਾਲ ਪਹਿਲਾਂ ਹਾਰਟ ਅਟੈਕ ਨਾਲ ਉਸ ਦੇ ਪੁੱਤ ਦੀ ਮੌਤ ਹੋ ਗਈ। ਹੁਣ ਨੂੰਹ ਤੇ ਪੋਤੇ, ਪੋਤੀ ਦੀ ਜ਼ਿੰਮੇਵਾਰੀ ਵੀ ਉਸ ਦੇ ਸਿਰ ਹੈ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਹਰ ਸਾਲ ਸਜਾਏ ਜਾਂਦੇ ਨਗਰ ਕੀਰਤਨ 'ਚ ਇਹ ਪੰਜ ਪਿਆਰਿਆਂ 'ਚੋਂ ਇਕ ਬਨਦਾ ਸੀ। 'ਛੋਟਾ ਸੀ ਮੇਰੇ ਤੋਂ।' ਇਹ ਆਵਾਜ਼ ਅਤਰ ਕੌਰ ਦੀ ਸੀ। ਅਜਾਇਬ ਘਰ 'ਚ ਉਸ ਦੇ ਪਰਿਵਾਰ ਦੇ 11 ਜੀਆਂ ਦੀਆਂ ਤਸਵੀਰਾਂ ਸਨ। ਵੱਡੇ ਕਾਲਜੇ ਵਾਲੀ ਅਤਰ ਕੌਰ ਦਾ ਪਰਿਵਾਰ ਵੀ ਵੱਡਾ ਸੀ। 7 ਬੱਚਿਆਂ ਦੀ ਮਾਂ ਅਤਰ ਕੌਰ ਦੇ ਨਾਲ ਉਸ ਦੀ ਧੀ ਗੰਗਾ ਕੌਰ ਵੀ ਸੀ। ਉਸ ਵੇਲੇ ਦੀ 8 ਸਾਲ ਦੀ ਬੱਚੀ ਗੰਗਾ ਨੂੰ ਵੀ ਕੁਝ ਹਲਕੀਆਂ ਯਾਦਾਂ ਨਾਲ ਸੀ। ਅਤਰ ਕੌਰ ਲਈ ਜਿਵੇਂ ਸਭ ਕੁਝ ਕੱਲ੍ਹ ਦੀ ਗੱਲ ਹੋਵੇ। ਖ਼ੂਨ-ਖ਼ਰਾਬਾ, ਕੈਂਪਾਂ 'ਵਿਚ ਕੱਟਿਆ ਇਕ ਸਾਲ ਤੋਂ ਵੱਧ ਦਾ ਸਮਾਂ ਅਤੇ ਹੋਰ ਵੀ ਬਹੁਤ ਕੁਝ। ਸਿੱਖਾਂ ਦੇ ਛੋਟੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ। ਕਹਿੰਦੇ ਇਨ੍ਹਾਂ ਸਪੋਲੀਆਂ ਨੂੰ ਗਲਤੀ ਨਾਲ ਵੀ ਜ਼ਿੰਦਾ ਨਾ ਛੱਡ ਦੇਣਾ। ਅਤਰ ਕੌਰ ਨੇ ਅੱਗੇ ਬੋਲਦਿਆਂ ਕਿਹਾ ਕਿ ਉਸ ਦੀ ਨਨਾਣ ਦੇ ਬੇਟੇ ਨੂੰ ਜਦੋਂ ਭੀੜ ਕਤਲ ਕਰਨ ਲੱਗੀ ਤਾਂ 40-45 ਸਾਲ ਦੀ ਮਮਤਾ ਦੀ ਮਾਰੀ ਉਸ ਦੀ ਨਣਾਨ ਬੇਟੇ ਨੂੰ ਬਚਾਉਣ ਲਈ ਉਸ ਦੇ ਉੱਤੇ ਆ ਕੇ ਡਿੱਗ ਪਈ। ਉਹ ਲੋਕ ਉਸ ਦੀ ਨਣਾਨ ਨੂੰ ਅਲਫ਼ ਨੰਗਾ ਕਰਕੇ ਨਾਲ ਲੈ ਗਏ, ਨਾਲ ਹੀ ਉਸ ਦੇ ਪੁੱਤ ਨੂੰ ਇਹ ਕਹਿੰਦਿਆਂ ਮਾਰ ਗਏ ਇਹ ਹੀ ਵੱਡੇ ਹੋ ਕੇ ਸੱਪ ਬਣ ਜਾਣਗੇ।

ਨਵੰਬਰ 1984 ਵਿਚ ਵਾਪਰੇ ਸਿੱਖ ਕਤਲੇਆਮ ਦੌਰਾਨ ਹੋਏ ਸਮੂਹਿਕ ਕਤਲਾਂ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਖੋਜ ਟੀਮ (ਸਿਟ) ਨੇ ਇਕ ਮਾਮਲਾ ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ, ਵਿਚ ਪੰਜ ਹੋਰ ਨਾਮਜ਼ਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ।

ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ (ਡੀਆਈਜੀ) ਬਾਲੇਂਦੂ ਭੂਸ਼ਣ ਸਿੰਘ ਦੀ ਅਗਵਾਈ ਵਾਲੀ ਐਸਆਈਟੀ ਨੇ ਕਿਦਵਈ ਨਗਰ ਦੇ ਨਿਰਾਲਾ ਨਗਰ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਡੀਆਈਜੀ ਸਿੰਘ ਨੇ ਦਸਿਆ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ 27 ਮਈ 2019 ਨੂੰ ਬਣਾਈ ਗਈ ਐਸਆਈਟੀ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਅਤੇ ਸ਼ੱਕੀਆਂ ਨੂੰ ਫੜਨ ਲਈ ਯਤਨ ਜਾਰੀ ਹਨ।


ਉਨ੍ਹਾਂ ਕਿਹਾ ਕਿ ਐਸਆਈਟੀ ਨੇ 96 ਲੋਕਾਂ ਦੀ ਮੁੱਖ ਸ਼ੱਕੀ ਵਜੋਂ ਪਛਾਣ ਕੀਤੀ ਸੀ, ਜਿਨ੍ਹਾਂ ਵਿੱਚੋਂ 23 ਦੀ ਮੌਤ ਹੋ ਚੁੱਕੀ ਹੈ। ਅਧਿਕਾਰੀ ਨੇ ਕਿਹਾ ਕਿ ਤਿੰਨ ਦਰਜਨ ਤੋਂ ਵੱਧ ਸ਼ੱਕੀਆਂ ਦੇ ਵੇਰਵੇ ਇਕੱਠੇ ਕੀਤੇ ਗਏ ਹਨ ਅਤੇ ਇਸ ਨਾਲ ਐਸਆਈਟੀ ਨੂੰ ਹੁਣ ਤੱਕ 27 ਮੁਲਜ਼ਮਾਂ ਨੂੰ ਫੜਨ ਵਿੱਚ ਮਦਦ ਮਿਲੀ ਹੈ । ਡੀਆਈਜੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਪੰਜ ਮੁਲਜ਼ਮ 1984 ਵਿੱਚ ਗੁਰੂਦਿਆਲ ਸਿੰਘ ਦੇ ਘਰ ਨੂੰ ਅੱਗ ਲਾਉਣ ਲਈ ਦਰਜਨਾਂ ਹੋਰਾਂ ਨਾਲ ਨਿਰਾਲਾ ਨਗਰ ਪੁੱਜੇ ਸਨ। ਉਨ੍ਹਾਂ ਦੱਸਿਆ ਕਿ ਗੁਰੂਦਿਆਲ ਦੇ ਘਰ ਵਿੱਚ 12 ਪਰਿਵਾਰ ਕਿਰਾਏਦਾਰ ਵਜੋਂ ਰਹਿੰਦੇ ਸਨ ਅਤੇ ਹਮਲੇ ਦੌਰਾਨ ਤਿੰਨ ਵਿਅਕਤੀ ਜ਼ਿੰਦਾ ਸੜ ਗਏ ਸਨ। ਉਨ੍ਹਾਂ ਦੱਸਿਆ ਕਿ ਦੋਵਾਂ ਪਾਸਿਆਂ ਤੋਂ ਚੱਲੀਆਂ ਗੋਲੀਆਂ ਵਿੱਚ ਰਾਜੇਸ਼ ਗੁਪਤਾ ਵਜੋਂ ਇੱਕ ਦੰਗਾਕਾਰੀ ਦੀ ਵੀ ਮੌਤ ਹੋ ਗਈ ਸੀ।

ਉਨ੍ਹਾਂ ਦੱਸਿਆ ਕਿ ਅਸੀਂ ਦਿੱਲੀ, ਪੰਜਾਬ ਅਤੇ ਰਾਜਸਥਾਨ ਵਿੱਚ ਵਸੇ ਗਵਾਹਾਂ ਰਾਹੀਂ 96 ਮੁੱਖ ਸ਼ੱਕੀਆਂ ਦੀ ਪਛਾਣ ਕਰਕੇ 11 ਮਾਮਲਿਆਂ ਦੀ ਜਾਂਚ ਕਰ ਰਹੇ ਹਾਂ।

ਐਸਆਈਟੀ ਨੇ ਇਹ ਵੀ ਪਾਇਆ ਕਿ ਇਸ ਮਾਮਲੇ ਨਾਲ ਜੁੜੇ 23 ਵਿਅਕਤੀਆਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਧਿਆਨਦੇਣ ਯੋਗ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਮੁੜ ਜਾਂਚ ਕਰਨ ਲਈ ਐਸਆਈਟੀ ਦਾ ਗਠਨ ਕੀਤਾ ਗਿਆ ਸੀ, ਜਿਸ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਸ਼ਹਿਰਾਂ ਵਿੱਚੋਂ ਇੱਕ ਕਾਨਪੁਰ ਵਿੱਚ 127 ਲੋਕ ਮਾਰੇ ਗਏ ਸਨ। ਐਸਆਈਟੀ ਨੇ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਹੋਈ ਹਿੰਸਾ ਦੇ ਸਬੰਧ ਵਿੱਚ ਹੁਣ ਤੱਕ 27 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

# ਨਵੰਬਰ 1984 ਦੀ ਬੇਵਸੀ

ਲੇਖਕ : ਜਸਟਿਸ ਰਾਜਿੰਦਰ ਸੱਚਰ



ਜਦੋਂ 31 ਅਕਤੂਬਰ 1984 ਦੀ ਸ਼ਾਮ ਨੂੰ ਮੈਂ ਸ਼ਾਹਦਰਾ ਅਦਾਲਤਾਂ ਦਾ ਨਿਰੀਖਣ ਕਰ ਕੇ ਪਰਤ ਰਿਹਾ ਸਾਂ ਤਾਂ ਇੰਦਰਾ ਗਾਂਧੀ ਦੀ ਹੱਤਿਆ ਦੀ ਦੁਖਦਾਈ ਖ਼ਬਰ ਸੁਣੀ। ਇਹ ਹੱਤਿਆ ਸ੍ਰੀਮਤੀ ਗਾਂਧੀ ਦੀ ਰਿਹਾਇਸ਼ਗਾਹ ਉਤੇ ਨਿਯੁਕਤ ਉਨ੍ਹਾਂ ਦੇ ਹੀ ਦੋ ਅੰਗ-ਰੱਖਿਅਕਾਂ ਨੇ ਕੀਤੀ ਸੀ। ਅਦਾਲਤ ਨੇ ਵੇਖਿਆ ਕਿ ਸ੍ਰੀਮਤੀ ਗਾਂਧੀ ਦੇ ਕਤਲ ਪਿੱਛੇ ਸਿਰਫ ਤਿੰਨ ਵਿਅਕਤੀਆਂ ਦਾ ਹੱਥ ਸੀ। ਇਸ ਸਾਜ਼ਿਸ਼ ਵਿਚ ਹੋਰ ਕੋਈ ਵੀ ਬਾਹਰਲਾ ਵਿਅਕਤੀ ਸ਼ਾਮਲ ਨਹੀਂ ਪਾਇਆ ਗਿਆ ਪਰ ਉਸ ਤੋਂ ਬਾਅਦ ਜਿਹੋ-ਜਿਹੀਆਂ ਹੌਲਨਾਕ ਘਟਨਾਵਾਂ ਵਾਪਰੀਆਂ, ਉਹ ਰਾਸ਼ਟਰ ਨੂੰ ਸਦਾ ਸਤਾਉਂਦੀਆਂ ਰਹਿਣਗੀਆਂ। ਉਦੋਂ ਸੱਤਾਧਾਰੀ ਕਾਂਗਰਸ ਪਾਰਟੀ ਵਲੋਂ ਗਿਣੀ-ਮਿੱਥੀ ਸਾਜ਼ਿਸ਼ ਅਧੀਨ ਵੱਡੇ ਪੱਧਰ 'ਤੇ ਕਤਲ ਕਰਨ ਦੀ ਯੋਜਨਾ ਉਲੀਕੀ ਗਈ ਸੀ; ਜਿਸ ਦਾ ਨਤੀਜਾ 3,000 ਸਿੱਖਾਂ ਦੇ ਵਹਿਸ਼ੀਆਨਾ ਕਤਲਾਂ 'ਚ ਨਿਕਲਿਆ। ਇਹ ਕਿਸੇ ਸਿਆਸੀ ਪਾਰਟੀ ਵੱਲੋਂ ਕੀਤਾ ਗਿਆ ਨਾਕਾਬਿਲੇ-ਮੁਆਫੀ ਅਪਰਾਧ ਹੈ। ਇਹ ਸਦਾ ਉਨ੍ਹਾਂ ਵਿਅਕਤੀਆਂ ਦੇ ਮੱਥੇ 'ਤੇ ਬਦਨੁਮਾ ਦਾਗ ਬਣਿਆ ਰਹੇਗਾ ਜਿਹੜੇ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਸਨ ਤੇ ਜਿਨ੍ਹਾਂ ਨੇ ਅਜਿਹਾ ਕੁਝ ਕਰਨ ਦੀ ਹੱਲਾਸ਼ੇਰੀ ਸ਼ਰਾਰਤੀ ਅਨਸਰਾਂ ਨੂੰ ਦਿੱਤੀ ਸੀ।

ਉਦੋਂ ਮੈਂ ਦਿੱਲੀ ਹਾਈ ਕੋਰਟ ਵਿਚ ਜੱਜ ਸਾਂ। ਬਾਹਰ ਹਾਲਾਤ ਬਹੁਤ ਭਿਆਨਕ ਸਨ ਕਿਉਂਕਿ ਸਮੁੱਚੇ ਦਿੱਲੀ ਸ਼ਹਿਰ ਵਿਚ ਵੱਡੀਆਂ ਭੀੜਾਂ ਸਿੱਖਾਂ ਨੂੰ ਲੱਭ-ਲੱਭ ਕੇ ਨਿਸ਼ਾਨਾ ਬਣਾਉਂਦੀਆਂ ਘੁੰਮ ਰਹੀਆਂ ਸਨ, ਉਦੋਂ ਕਿਤੇ ਕਾਨੂੰਨ-ਵਿਵਸਥਾ ਵਿਖਾਈ ਨਹੀਂ ਸੀ ਦਿੰਦੀ। ਅਰਾਜਕਤਾ ਇਸ ਹੱਦ ਤਕ ਫੈਲੀ ਹੋਈ ਸੀ ਕਿ ਦਿੱਲੀ ਹਾਈ ਕੋਰਟ ਵਿਚ ਮੇਰੇ ਨਾਲ ਕੰਮ ਕਰਦੇ ਇੱਕ ਸਿੱਖ ਜੱਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਾਈ ਕੋਰਟ ਦੇ ਇੱਕ ਕਮਰੇ 'ਚ ਆ ਕੇ ਪਨਾਹ ਲੈਣੀ ਪਈ ਸੀ ਕਿਉਂਕਿ ਅਸੀਂ ਉਨ੍ਹਾਂ ਦੇ ਘਰ ਵਿਚ ਉਨ੍ਹਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕਦੇ ਸਾਂ। ਉਨ੍ਹਾਂ ਦਾ ਘਰ ਹਾਈ ਕੋਰਟ ਤੋਂ ਸਿਰਫ਼ ਇੱਕ ਕਿਲੋਮੀਟਰ ਦੂਰ ਸੀ। ਉਹ ਬੇਵੱਸੀ ਵਾਲੀ ਸ਼ਰਮਨਾਕ ਸਥਿਤੀ ਮੈਨੂੰ ਹਾਲੇ ਵੀ ਡਰਾ ਕੇ ਰੱਖ ਦਿੰਦੀ ਹੈ। ਪੁਲਿਸ ਕੋਈ ਐਫ਼.ਆਈ.ਆਰ. ਵੀ ਦਰਜ ਨਹੀਂ ਕਰ ਰਹੀ ਸੀ ਤੇ ਇਸ ਜ਼ੁਲਮ ਵਿਰੁਧ ਆਵਾਜ਼ ਉਠਾਉਣ ਵਾਲਿਆਂ ਨੂੰ ਕਿਵੇਂ ਨਾ ਕਿਵੇਂ ਵਰਜਿਆ ਜਾ ਰਿਹਾ ਸੀ। ਇਸ ਬਾਰੇ ਇੱਕ ਸ਼ਿਕਾਇਤ ਮੇਰੇ ਕੋਲ਼ ਵੀ ਆਈ ਸੀ। ਆਮ ਤੌਰ ਉਤੇ ਐਫ਼.ਆਈ.ਆਰ. ਕਿਸੇ ਵੀ ਸਬੰਧਿਤ ਇਲਾਕੇ ਦੇ ਥਾਣੇ 'ਚ ਦਰਜ ਹੁੰਦੀ ਹੈ ਪਰ ਉਦੋਂ ਭਿਆਨਕ ਹਾਲਾਤ ਕਾਰਨ ਸਿੱਖਾਂ ਲਈ ਵੱਖੋ-ਵੱਖਰੇ ਇਲਾਕਿਆਂ ਤੋਂ ਥਾਣਿਆਂ 'ਚ ਜਾ ਕੇ ਐਫ਼.ਆਈ.ਆਰ. ਦਰਜ ਕਰਵਾਉਣਾ ਸੰਭਵ ਨਹੀਂ ਸੀ। ਇਸ ਲਈ ਮੈਂ ਨੋਟਿਸ ਜਾਰੀ ਕਰ ਕੇ ਸਰਕਾਰੀ ਵਕੀਲ ਨੂੰ ਕਿਹਾ: ਮੈਂ ਹੁਕਮ ਜਾਰੀ ਕਰ ਰਿਹਾ ਹਾਂ ਕਿ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ) ਵੱਲੋਂ ਸਮੁੱਚੇ ਦਿੱਲੀ ਸ਼ਹਿਰ 'ਚੋਂ ਇਕੱਠੀਆਂ ਕੀਤੀਆਂ ਗਈਆਂ ਸ਼ਿਕਾਇਤਾਂ ਦੀਆਂ ਐਫ਼.ਆਈ.ਆਰਜ਼ ਕਿਸੇ ਵੀ ਇੱਕ ਥਾਣੇ 'ਚ ਦਰਜ ਕੀਤੀਆਂ ਜਾਣ ਜੋ ਸਰਕਾਰ ਵੱਲੋਂ ਮਨੋਨੀਤ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਇਹ ਐਫ਼.ਆਈ.ਆਰਜ਼ ਸਬੰਧਿਤ ਥਾਣਿਆਂ ਤਕ ਪਹੁੰਚਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗਾ। ਸੱਚ ਪੁੱਛੋ ਤਾਂ ਮੈਨੂੰ ਪਤਾ ਸੀ ਕਿ ਮੇਰਾ ਹੁਕਮ ਕਾਨੂੰਨੀ ਆਧਾਰ 'ਤੇ ਸ਼ਾਇਦ ਪੂਰੀ ਤਰ੍ਹਾਂ ਖਰਾ ਨਹੀਂ ਉਤਰਨਾ। ਇਹ ਵੀ ਸੱਚਾਈ ਸੀ ਕਿ ਉਨ੍ਹਾਂ ਅਸਾਧਾਰਨ ਹਾਲਾਤ ਵਿਚ ਅਜਿਹੀ ਕਾਰਵਾਈ ਨਾ ਕੀਤੇ ਜਾਣ ਦੀ ਸੂਰਤ ਵਿਚ ਹਾਲਾਤ ਬਦ ਤੋਂ ਬਦਤਰ ਵੀ ਹੋ ਸਕਦੇ ਸਨ। ਇਸ ਦਾ ਅਦਾਲਤਾਂ ਦੀ ਮਜ਼ਬੂਤੀ 'ਤੇ ਵੀ ਨਾਂਹ-ਪੱਖੀ ਪ੍ਰਭਾਵ ਪੈ ਸਕਦਾ ਸੀ ਜਿਨ੍ਹਾਂ ਤੋਂ ਹਰ ਸਮੇਂ ਦੱਬੇ ਕੁਚਲੇ ਜਾ ਰਹੇ ਲੋਕਾਂ ਦੀ ਮਦਦ ਕਰਨ ਦੀ ਆਸ ਕੀਤੀ ਜਾਂਦੀ ਹੈ। ਫਿਰ 1984 ਦੇ ਕਤਲੇਆਮ ਦੀ ਜਾਂਚ ਲਈ ਕਮਿਸ਼ਨ ਕਾਇਮ ਕਰਨ ਦੀ ਮੰਗ ਉੱਠਣ ਲੱਗੀ। ਇਸ ਲਈ ਦਾਇਰ ਕੀਤੀ ਗਈ ਪਟੀਸ਼ਨ ਮੇਰੇ ਡਿਵੀਜ਼ਨ ਬੈਂਚ ਸਾਹਵੇਂ ਸੁਣਵਾਈ ਲਈ ਪੁੱਜੀ। ਕੇਂਦਰ ਸਰਕਾਰ ਦੀ ਤਰਫ਼ੋਂ ਪੇਸ਼ ਹੋਏ ਤਤਕਾਲੀ ਅਟਾਰਨੀ ਜਨਰਲ ਨੇ ਉਸ ਪਟੀਸ਼ਨ ਦੇ ਵਿਰੋਧ ਵਿਚ ਦਲੀਲਾਂ ਦਿੱਤੀਆਂ। ਮੈਂ ਮਹਿਸੂਸ ਕੀਤਾ ਕਿ ਇਹ ਮਹੱਤਵਪੂਰਨ ਮਾਮਲਾ ਹੈ ਤੇ ਇਸ ਦੀ ਸੁਣਵਾਈ ਨਿਯਮਤ ਰੂਪ ਵਿਚ ਹੋਣੀ ਚਾਹੀਦੀ ਹੈ ਤਾਂ ਜੋ ਚੰਗੀ ਤਰ੍ਹਾਂ ਘੋਖ ਕੀਤੀ ਜਾ ਸਕੇ। ਮੇਰੇ ਸਹਿਯੋਗੀ ਜੱਜ ਵੈਡ ਜੇ. ਦਾ ਵੀ ਇਹੋ ਵਿਚਾਰ ਸੀ। ਇਸ ਲਈ ਅਸੀਂ ਹਾਈ ਕੋਰਟ ਦੀਆਂ ਛੁੱਟੀਆਂ ਤੋਂ ਬਾਅਦ ਉਸ ਮਾਮਲੇ ਦੀ ਨਿਯਮਤ ਸੁਣਵਾਈ ਤੈਅ ਕਰ ਦਿੱਤੀ। ਉਦੋਂ ਸਰਕਾਰੀ ਹਲਕਿਆਂ ਵਿਚ ਸਹਿਮ ਦਾ ਮਾਹੌਲ ਇਸ ਕਦਰ ਸੀ ਕਿ ਹਾਈ ਕੋਰਟ ਦੇ ਚੀਫ਼ ਜਸਟਿਸ ਉਤੇ ਬੇਲੋੜਾ ਦਬਾਅ ਪੈਣ ਲੱਗਾ। ਉਸ ਦਾ ਨਤੀਜਾ ਇਹ ਨਿਕਲਿਆ ਕਿ ਛੁੱਟੀਆਂ ਤੋਂ ਬਾਅਦ ਹਾਈ ਕੋਰਟ ਮੁੜ ਖੁੱਲ੍ਹੀ ਤਾਂ ਮੁਕੱਦਮਿਆਂ ਦੇ ਨਾਂਵਾਂ ਦੀ ਮੇਰੀ ਸੂਚੀ ਬਦਲ ਦਿੱਤੀ ਗਈ ਸੀ, ਮੈਨੂੰ ਅਪਰਾਧਕ ਧਿਰ ਵਾਲੇ ਪਾਸੇ ਰੱਖ ਦਿੱਤਾ ਗਿਆ ਸੀ। ਨਤੀਜਾ ਸਪਸ਼ਟ ਸੀ, ਮੈਂ ਉਸ ਮਾਮਲੇ ਦੀ ਸੁਣਵਾਈ ਨਹੀਂ ਕਰ ਸਕਦਾ ਸਾਂ। ਫਿਰ ਮਾਮਲੇ ਦੀ ਸੁਣਵਾਈ ਕਿਸੇ ਹੋਰ ਬੈਂਚ ਨੇ ਕੀਤੀ ਅਤੇ ਪਟੀਸ਼ਨ ਖ਼ਾਰਜ ਕਰ ਦਿੱਤੀ ਗਈ। ਇਸ ਮਾਮਲੇ 'ਚ ਆਮ ਜਨਤਾ ਦਾ ਦਬਾਅ ਇੰਨਾ ਜ਼ਿਆਦਾ ਸੀ ਕਿ ਸਰਕਾਰ ਨੇ ਆਪ ਹੀ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਕਾਇਮ ਕਰ ਦਿੱਤਾ ਪਰ ਉਸ ਦੀ ਰਿਪੋਰਟ ਨੂੰ ਵੇਖ ਕੇ ਹਰ ਨਿਰਪੱਖ ਵਿਅਕਤੀ ਨੂੰ ਝਟਕਾ ਹੀ ਲੱਗਾ।

ਸੱਚਾਈ ਇਹੋ ਹੈ ਕਿ ਕੇਂਦਰ ਸਰਕਾਰ ਦਾ ਰਵੱਈਆ ਇਸ ਮਾਮਲੇ 'ਚ ਸ਼ੁਰੂ ਤੋਂ ਹੀ ਬੇਭਰੋਸਗੀ ਵਾਲਾ ਹੀ ਬਣਿਆ ਰਿਹਾ। ਉਧਰ ਪੀ.ਯੂ.ਸੀ.ਐਲ਼ ਨੇ ਇਸ ਮਾਮਲੇ ਦੀ ਘੋਖ-ਪੜਤਾਲ਼ ਲਈ ਉਘੇ ਨਾਗਰਿਕਾਂ ਦੀ ਇੱਕ ਕਮੇਟੀ ਕਾਇਮ ਕਰ ਦਿੱਤੀ ਸੀ। ਇਸ ਦੇ ਮੈਂਬਰਾਂ ਵਿਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਐਸ਼ ਐਮ. ਸੀਕਰੀ ਅਤੇ ਭਾਰਤ ਦੇ ਸਾਬਕਾ ਗ੍ਰਹਿ ਸਕੱਤਰ ਗੋਵਿੰਦ ਨਾਰਾਇਣ ਜਿਹੀਆਂ ਹਸਤੀਆਂ ਸ਼ਾਮਲ ਸਨ। ਇਸ ਕਮੇਟੀ ਨੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਚਿੱਠੀ ਲਿਖ ਕੇ ਮੀਟਿੰਗ ਰੱਖਣ ਦੀ ਮੰਗ ਕੀਤੀ ਤਾਂ ਜੋ ਮਹੱਤਵਪੂਰਨ ਨੁਕਤਿਆਂ ਉਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ ਤੇ ਇਹ ਪਰਖ ਕੀਤੀ ਜਾ ਸਕੇ ਕਿ ਕੀ ਜਾਂਚ ਕਮਿਸ਼ਨ ਨੇ ਕਾਨੂੰਨ ਦੇ ਘੇਰੇ 'ਚ ਰਹਿ ਕੇ ਆਪਣੀ ਜਾਂਚ ਰਿਪੋਰਟ ਮੁਕੰਮਲ ਕੀਤੀ ਸੀ ਜਾਂ ਨਹੀਂ। ਆਮ ਜਨਤਾ ਦਾ ਵਿਸ਼ਵਾਸ ਬਹਾਲ ਕਰਨ ਲਈ ਇਹ ਕਰਨਾ ਜ਼ਰੂਰੀ ਵੀ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਰਾਜੀਵ ਗਾਂਧੀ ਨੇ ਉਸ ਅਹਿਮ ਕਮੇਟੀ ਦੇ ਸੁਆਲਾਂ ਦਾ ਜੁਆਬ ਦੇਣਾ ਤਾਂ ਦੂਰ ਦੀ ਗੱਲ, ਉਸ ਦੀ ਚਿੱਠੀ ਦਾ ਜੁਆਬ ਤਕ ਨਹੀਂ ਦਿੱਤਾ। ਤੁਸੀਂ ਇਸ ਤੋਂ ਸਰਕਾਰੀ ਪੱਖਪਾਤ ਦੀ ਹੱਦ ਦਾ ਅੰਦਾਜ਼ਾ ਲਾ ਸਕਦੇ ਹੋ ਅਤੇ ਫਿਰ ਅਜਿਹੇ ਹਾਲਾਤ ਵਿਚ ਉਸ ਕਮੇਟੀ ਨੇ ਅਸਤੀਫ਼ਾ ਦੇ ਦਿੱਤਾ। ਰੰਗਨਾਥ ਮਿਸ਼ਰਾ ਰਿਪੋਰਟ ਦੇ ਥੋਪੇ ਜਾਣ ਨੇ ਸਾਡੇ ਮਨਾਂ ਵਿਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਨਿਭਾਈ ਜਾ ਰਹੀ ਪੱਖਪਾਤੀ ਭੂਮਿਕਾ ਦਾ ਤੌਖ਼ਲਾ ਹੋਰ ਵੀ ਵਧਾ ਦਿੱਤਾ ਸੀ।

ਪੀ.ਯੂ.ਸੀ.ਐਲ਼ ਵੱਲੋਂ 1984 ਦੀ ਆਪਣੀ ਰਿਪੋਰਟ ਵਿਚ ਉਠਾਏ ਗਏ ਪ੍ਰਸ਼ਨਾਂ ਦੇ ਉਤਰ ਹਾਲੇ ਤਕ ਵੀ ਨਹੀਂ ਮਿਲ ਸਕੇ। ਉਦੋਂ 31 ਅਕਤੂਬਰ ਤੋਂ ਲੈ ਕੇ 4 ਨਵੰਬਰ ਤਕ ਉਚ ਪ੍ਰਸ਼ਾਸਨਕ ਅਧਿਕਾਰੀਆਂ ਅਤੇ ਸੱਤਾਧਾਰੀ ਪਾਰਟੀ ਨੇ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਨਹੀਂ ਪ੍ਰਗਟਾਈ ਅਤੇ ਡਿਊਟੀ ਤੇ ਜ਼ਿੰਮੇਵਾਰੀ ਪ੍ਰਤੀ ਜਾਣਬੁੱਝ ਕੇ ਕੋਤਾਹੀ ਵਰਤੀ ਗਈ। ਉਦੋਂ ਨਵੇਂ ਬਣੇ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 31 ਅਕਤੂਬਰ ਦੀ ਸ਼ਾਮ ਨੂੰ ਭਾਰਤੀ ਜਨਤਾ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਭਰੋਸਾ ਦਿਵਾਇਆ ਸੀ ਕਿ 'ਕੁਝ ਘੰਟਿਆਂ ਦੇ ਅੰਦਰ ਹੀ ਸਥਿਤੀ ਉਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਵੇਗਾ।' ਪਰ ਪੀ.ਯੂ.ਸੀ.ਐਲ਼ ਨੇ ਇਸ ਮਾਮਲੇ ਵਿਚ ਕਾਫ਼ੀ ਸਖ਼ਤ ਟਿੱਪਣੀ ਕੀਤੀ ਹੈ: "ਸਾਨੂੰ ਭਰੋਸੇਯੋਗ ਸੂਤਰ ਤੋਂ ਪਤਾ ਲੱਗਾ ਕਿ 31 ਅਕਤੂਬਰ ਨੂੰ ਕਤਲ ਤੋਂ ਛੇਤੀ ਬਾਅਦ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 1 ਸਫ਼ਦਰਜੰਗ ਰੋਡ ਵਿਖੇ ਕੀਤੀ ਗਈ ਮੀਟਿੰਗ ਵਿਚ ਹੋਰਨਾਂ ਦੇ ਨਾਲ-ਨਾਲ ਤਤਕਾਲੀ ਲੈਫ਼ਟੀਨੈਂਟ ਗਵਰਨਰ ਪੀ.ਜੀ. ਗਵਈ, ਕਾਂਗਰਸ (ਆਈ) ਦੇ ਆਗੂ ਐਮ.ਐਲ਼ ਫ਼ੋਤਦਾਰ ਅਤੇ ਪੁਲਿਸ ਕਮਿਸ਼ਨਰ ਵੀ ਸ਼ਾਮਲ ਸਨ। ਉਸ ਮੀਟਿੰਗ ਵਿਚ ਮੌਜੂਦ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਸੀ ਕਿ ਫ਼ੌਜ ਨੂੰ ਸੱਦ ਲੈਣਾ ਚਾਹੀਦਾ ਹੈ, ਨਹੀਂ ਤਾਂ ਇੱਥੇ ਬਹੁਤ ਵੱਡੇ ਪੱਧਰ 'ਤੇ ਖ਼ੂਨ-ਖ਼ਰਾਬਾ ਹੋ ਜਾਵੇਗਾ। ਇਸ ਵਿਚਾਰ ਉਤੇ ਕਿਸੇ ਨੇ ਧਿਆਨ ਨਾ ਦਿੱਤਾ।"

ਇਸ ਰਿਪੋਰਟ ਵਿਚ ਇਹ ਵੀ ਲਿਖਿਆ ਹੈ, "ਜਿਵੇਂ ਪਹਿਲਾਂ ਵਰਣਨ ਕੀਤਾ ਜਾ ਚੁੱਕਾ ਹੈ, ਦੇਰ ਰਾਤ ਤਕ ਨਾ ਤਾਂ ਕਿਤੇ ਕਰਫ਼ਿਊ ਲਾਇਆ ਗਿਆ ਅਤੇ ਨਾ ਹੀ ਫ਼ੌਜ ਸੱਦੀ ਗਈ। ਪੁਲਿਸ ਦੇ ਸਾਹਮਣੇ ਸ਼ਰਾਰਤੀ ਅਨਸਰ ਆਪਣੀਆਂ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਸਨ। ਮਹਾਂਨਗਰ ਦੇ ਦਿਲ ਸਮਝੇ ਜਾਂਦੇ ਕਨਾਟ ਸਰਕਸ 'ਚ ਭਾਰੀ ਗਿਣਤੀ ਵਿਚ ਨੀਮ ਫ਼ੌਜੀ ਦਸਤਿਆਂ ਅਤੇ ਪੁਲਿਸ ਬਲਾਂ ਦੀ ਮੌਜੂਦਗੀ ਦੇ ਬਾਵਜੂਦ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ ਜਾ ਰਹੀ ਸੀ। ਸਾਨੂੰ ਬਾਅਦ ਵਿਚ ਪਤਾ ਲੱਗਾ ਸੀ ਕਿ ਫ਼ਰੀਦਾਬਾਦ ਦੇ ਡਿਪਟੀ ਕਮਿਸ਼ਨਰ ਨੇ ਪਹਿਲੀ ਨਵੰਬਰ ਨੂੰ ਫ਼ੌਜ ਭੇਜਣ ਲਈ ਆਖਿਆ ਸੀ ਪਰ ਫ਼ੌਜ 3 ਨਵੰਬਰ ਨੂੰ ਆਈ ਸੀ।" ਇਨ੍ਹਾਂ 'ਚੋਂ ਕਿਸੇ ਪ੍ਰਸ਼ਨ ਦਾ ਉਤਰ ਹਾਲੇ ਤਕ ਨਹੀਂ ਮਿਲਿਆ। ਇੰਜ ਜਦੋਂ ਨਾਨਾਵਤੀ ਕਮਿਸ਼ਨ ਕਾਇਮ ਕੀਤਾ ਗਿਆ ਸੀ ਤਾਂ ਮੈਂ ਇਹੋ ਆਸ ਕੀਤੀ ਸੀ ਕਿ ਇਹ ਕਮਿਸ਼ਨ ਦੱਖਣੀ ਅਫ਼ਰੀਕਾ 'ਚ ਨੈਲਸਨ ਮੰਡੇਲਾ ਵੱਲੋਂ ਕਾਇਮ ਕੀਤੇ 'ਟਰੁੱਥ ਐਂਡ ਕਨਸਿਲੀਏਸ਼ਨ ਕਮਿਸ਼ਨ' (ਸੱਚਾਈ ਅਤੇ ਸਦਾਚਾਰ ਕਮਿਸ਼ਨ) ਦੀਆਂ ਲੀਹਾਂ 'ਤੇ ਹੀ ਚੱਲੇਗਾ। ਮੈਂ ਹਾਲੇ ਵੀ ਮੰਨਦਾ ਹਾਂ ਕਿ ਕੇਂਦਰ ਸਰਕਾਰ ਨੂੰ ਇਸ ਪਾਸੇ ਅੱਗੇ ਵਧਣਾ ਚਾਹੀਦਾ ਹੈ ਕਿਉਂਕਿ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੇ ਜਾਣ ਦੇ ਨਾਲ਼-ਨਾਲ਼ ਉਸ ਸੱਚ ਦਾ ਪਤਾ ਲਾਉਣਾ ਵੀ ਅਹਿਮ ਹੈ, ਜਿਹੜਾ ਹਾਲੇ ਤਕ ਸਰਕਾਰੀ ਫ਼ਾਈਲਾਂ 'ਚ ਦਫ਼ਨ ਹੈ- ਪੀੜਤ ਪਰਿਵਾਰਾਂ ਦੇ ਮਨੁੱਖੀ ਅਧਿਕਾਰ ਸਿਧਾਂਤ ਤੇ ਨਿਆਂ ਇਸ ਗੱਲ ਦੀ ਮੰਗ ਕਰਦੇ ਹਨ।

# ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਸੰਕਟ ਖਤਮ ਨਹੀਂ ਹੋ ਸਕਦਾ

**ਪ੍ਰੋ. ਬਲਵਿੰਦਰ ਪਾਲ ਸਿੰਘ**

ਪਾਗਲ ਤੇ ਮਨੂਵਾਦੀ ਹਵਾਵਾਂ ਵਿਰੁਧ ਜੂਝਣ ਵਾਲੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਬਾਬਾ ਕਾਂਸ਼ੀ ਰਾਮ ਨੂੰ ਮੈਂ ਨੇੜਿਉਂ ਤੱਕਿਆ ਹੈ। ਉਹਨਾਂ ਦੇ ਹਕ ਵਿਚ ਰੋਜਾਨਾ ਅਖਬਾਰਾਂ, ਵਿਦੇਸ਼ੀ ਵੀਕਲੀ ਅਖਬਾਰਾਂ, ਆਪਣੇ ਮੈਗਜੀਨ ਵਿਚ ਲਿਖਿਆ ਹੈ। ਉਹ ਭਾਰਤੀ ਸਿਆਸਤ ਵਿਚ ਮਹਾਂ ਰੂਹ ਸੀ, ਜਿਸਨੇ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਪਨਾ ਕੇ ਦਬੇ ਕੁਚਲੇ ਭਾਈਚਾਰੇ ਨੂੰ ਜਗਾਇਆ, ਸੱਤਾ ਦੀ ਇਛਾ ਜਗਾਈ। ਬਾਬਾ ਕਾਂਸ਼ੀ ਰਾਮ ਭਾਰਤੀ ਸਿਆਸਤ ਦਾਨਾਂ ਵਰਗਾ ਲੀਡਰ ਨਹੀਂ ਸੀ ਜੋ ਆਪਣੇ ਲੋਕਾਂ ਨੂੰ ਟਿਚ ਜਾਣਦੇ ਤੇ ਫਿਰਕਾਪ੍ਰਸਤੀ ਦੀ ਖੇਡ ਖੇਡਦੇ ਹਨ। ਉਸ ਵਿਚ ਗਰੀਬਾਂ, ਅਣਹੋਇਆਂ ਲਈ ਦਰਦ ਸੀ। ਆਪਣੇ ਭਾਈਚਾਰੇ ਦੀ ਬੁਰੀ ਹਾਲਤ ਲਈ ਕਈ ਵਾਰ ਉਹਨਾਂ ਦੀਆਂ ਅੱਖਾਂ ਨਮ ਹੁੰਦੀਆਂ ਮੈਂ ਦੇਖੀਆਂ ਹਨ। ਇਕ ਵਾਰ ਤਾਂ ਕਹਿਣ ਲਗੇ ਕਿ ਦੁਆਬੇ ਦੇ ਦਲਿਤ ਲੀਡਰ ਤੇ ਚਮਾਰ ਸਰਮਾਏਦਾਰੀ ਧੋਖੇਬਾਜ਼ ਹੈ। ਇਹ ਮਨੂਵਾਦੀ ਸਿਆਸੀ ਪਾਰਟੀਆਂ ਦੀ ਪਿਛਲਗ ਹੈ। ਜੇ ਇਹ ਮੇਰਾ ਸਾਥ ਦਿੰਦੇ ਮੈਂ ਰਾਜਨੀਤਕ ਤਬਦੀਲੀ ਕਰਕੇ ਦਿਖਾਉਂਦਾ। ਸ਼ੂਗਰ ਦੇ ਮਰੀਜ਼ ਹੋਣ ਦੇ ਬਾਵਜੂਦ ਉਹ ਬਹੁਜਨ ਨੂੰ ਸੱਤਾ ਵਲ ਲਿਜਾਣ ਲਈ ਮਿਹਨਤ ਕਰਦੇ ਰਹੇ। ਆਪਣੀ ਸਿਹਤ ਵੀ ਆਪਣੇ ਮਿਸ਼ਨ ਲਈ ਕੁਰਬਾਨ ਕਰ ਦਿਤੀ। ਉਹਨਾਂ ਨੇ ਭਾਜਪਾ, ਕਾਂਗਰਸ ਦਾ ਬਹੁਤਾ ਉਭਾਰ ਨਹੀਂ ਹੋਣ ਦਿਤਾ। ਬਸਪਾ ਨੂੰ ਥੋੜੇ ਪਲਾਂ ਵਿਚ ਭਾਰਤ ਦੀ ਤੀਜੀ ਪਾਰਟੀ ਸਿਰਜ ਦਿਤਾ। ਇਕ ਦਿਨ ਸਰਦਾਰ ਗੁਰਬਚਨ ਸਿੰਘ ਦੇਸ ਪੰਜਾਬ ਦਾ ਫੋਨ ਆਇਆ ਕਿ ਬੀਬੀ ਮਾਇਆਵਤੀ ਪਹਿਲੀ ਵਾਰ ਯੂਪੀ ਦੀ ਮੁਖ ਮੰਤਰੀ ਬਣੀ ਹੈ। ਯੂਪੀ ਭਵਨ ਦਿਲੀ ਵਿਖੇ ਸਮਾਗਮ ਹੈ ਜਿਸ ਵਿਚ ਰਿਟਾਇਰਡ ਅਫਸਰ ਸ਼ਾਹੀ, ਲੇਖਕ, ਪਤਰਕਾਰ, ਪ੍ਰੋਫੈਸਰ ਪਹੁੰਚਣੇ ਹਨ। ਤੁਹਾਨੂੰ ਕਾਂਸ਼ੀ ਰਾਮ ਜੀ ਵਲੋਂ ਵਿਸ਼ੇਸ਼ ਸਦਾ ਦਿਤਾ ਗਿਆ ਹੈ, ਇਸ ਸਮਾਗਮ ਵਿਚ। ਅਗਲੇ ਦਿਨ ਮੈਂ ਸਰਦਾਰ ਗੁਰਬਚਨ ਸਿੰਘ ਨਾਲ ਸ਼ਤਾਬਦੀ ਟਰੇਨ ਰਾਹੀਂ ਦਿਲੀ ਚਲੇ ਗਿਆ। ਸਟੇਸ਼ਨ ਉਪਰ ਕਾਂਸ਼ੀ ਰਾਮ ਜੀ ਦਾ ਡਰਾਈਵਰ ਤੇ ਬਾਡੀਗਾਰਡ ਸਾਨੂੰ ਲੈਣ ਆਏ ਹੋਏ ਸਨ। ਬਾਡੀਗਾਰਡ ਵਾਇਰਲੈਸ ਰਾਹੀਂ ਬਾਬਾ ਕਾਂਸ਼ੀ ਰਾਮ ਨਾਲ ਜੁੜਿਆ ਹੋਇਆ ਸੀ। ਯੂਪੀ ਭਵਨ ਵਿਚ ਪਹੁੰਚੇ ਬਾਬਾ ਕਾਂਸ਼ੀ ਬਨੈਣ ਧੋਤੀ ਵਿਚ ਸਵਾਗਤ ਕਰਨ ਲਈ ਅਗੇ ਖਲੌਤੇ ਸਨ। ਮੈਂ ਗੁਰਬਚਨ ਸਿੰਘ ਹੁਣਾਂ ਨੂੰ ਕਹਿਣ ਲਗਾ ਕਿ ਕਿੰਨੀ ਸਾਧਾਰਨ ਉਚ ਸਖਸੀਅਤ ਹੈ। ਗਰੀਬਾਂ ਦੇ ਲੀਡਰ ਸਰਮਾਏਦਾਰ ਨਹੀਂ ਅਜਿਹੇ ਮਹਾਨ ਵਿਚਾਰਾਂ ਤੇ ਸਾਦਗੀ ਭਰੀ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ। ਪੰਜਾਬ ਵਿਚੋਂ ਸਿਰਫ ਮੈਨੂੰ ਤੇ ਗੁਰਬਚਨ ਸਿੰਘ ਦੋਹਾਂ ਨੂੰ ਸੱਦਿਆ ਗਿਆ ਸੀ। ਇਹ ਮੇਰੇ ਲਈ ਮਾਣ ਵਾਲੀ ਗਲ ਸੀ। ਕਾਂਸ਼ੀ ਰਾਮ ਜੀ ਨੇ ਸਾਨੂੰ ਘੁਟ ਕੇ ਗਲਵਕੜੀ ਪਾਈ, ਫਤਹਿ ਬੁਲਾਕੇ ਸਾਨੂੰ ਅੰਦਰ ਲੈ ਗਏ। ਕਿਹਾ ਜਲ ਪਾਣੀ ਛਕੋ, ਥੋੜਾ ਅਰਾਮ ਕਰੋ। ਫਿਰ ਮਿਸ਼ਨ ਬਾਰੇ ਤੁਹਾਡੇ ਨਾਲ ਦੋ ਘੰਟੇ ਗਲਾਂ ਕਰਨੀਆਂ ਹਨ।

ਮੈਂ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜੇ ਸਿਖ ਤੇ ਪੰਜਾਬ ਦੇ ਭਵਿੱਖ ਲਈ ਸਿਆਸਤ ਦੀ ਰਚਨਾ ਕਰਨੀ ਹੈ ਤੇ ਆਪਣੇ ਪੰਜਾਬ ਦੇ ਭਵਿੱਖ ਨੂੰ ਕਾਇਮ ਕਰਨਾ ਹੈ ਤਾਂ ਬਾਬਾ ਕਾਂਸ਼ੀ ਰਾਮ ਵਰਗਾ ਲੀਡਰ ਪੈਦਾ ਕਰੋ। ਜੋ ਸਿਖਾਂ ਦੀ ਸਿਆਸੀ ਲੀਡਰਸ਼ਿਪ ਹੈ, ਉਹ ਮਨੂਵਾਦੀ ਸਿਆਸਤ ਦੀ ਪਿਛਲਗੂ ਤੇ ਡਾਵਾਂਡੋਲ ਹੈ। ਸੱਤਾ ਦੀ ਭੁਖ ਉਸਨੂੰ ਕੌਮ ਵਿਰੋਧੀ ਬਣਾ ਦਿੰਦੀ ਹੈ। ਸਾਡੇ ਗੁਰੂ ਗਰੰਥ ਸਾਹਿਬ ਅਣਹੋਇਆਂ, ਦਬੇ ਕੁਚਲਿਆਂ ਕਿਰਤੀਆਂ ਲਈ ਸਮਾਜ ਤੇ ਰਾਜਨੀਤੀ ਦੀ ਰਚਨਾ ਕਰਦੇ ਹਨ ਤੇ ਜੀਵਨ ਮੁਕਤ ਦਾ ਸਿਧਾਂਤ ਪੇਸ਼ ਕਰਦੇ ਹਨ। ਇਹੀ ਗੁਰੂ ਸਾਹਿਬ ਦਾ ਮਿਸ਼ਨ ਬਾਬੇ ਕਾਂਸ਼ੀ ਰਾਮ ਨੇ ਚੁਕਿਆ ਤੇ ਭਾਰਤ ਦੀ ਸਿਆਸਤ ਉਪਰ ਲਾਗੂ ਕੀਤਾ। ਪਰ ਅਕਾਲੀ ਲੀਡਰਸ਼ਿਪ ਇਹ ਮਹਾਨ ਕਰਮ ਨਹੀਂ ਨਿਭਾ ਸਕੀ।

ਜਦ ਕਿ ਬਹੁਜਨ ਸਮਾਜ ਪਾਰਟੀ ਦੇ ਜਨਮਦਾਤਾ ਬਾਬਾ ਕਾਂਸ਼ੀ ਰਾਮ ਨੇ ਗੁਰੂ ਗਰੰਥ ਸਾਹਿਬ ਨੂੰ ਆਪਣੇ ਸਿਆਸੀ ਅੰਦੋਲਨ ਦਾ ਆਧਾਰ ਬਣਾ ਕੇ ਗਰੀਬਾਂ, ਦਬੇ ਕੁਚਲਿਆਂ ਦੀ ਅਜ਼ਾਦੀ ਤੇ ਮਨੁੱਖੀ ਹੱਕਾਂ ਤੇ ਗਰੀਬਾਂ ਵਿਚ ਸੱਤਾ ਦਾ ਸੁਪਨਾ ਜਗਾਉਣ ਲਈ ਬਸਪਾ ਨੂੰ ਭਾਰਤ ਦੀ ਤੀਜੀ ਵੱਡੀ ਸਿਆਸੀ ਪਾਰਟੀ ਬਣਾਇਆ। ਬਹੁਜਨ ਦੀ ਆਤਮਾ ਨੂੰ ਸਵੈ-ਮਾਣ, ਸਵੈ-ਆਦਰ ਅਤੇ ਮਨੁੱਖੀ ਸ਼ਾਨ ਨਾਲ ਜੋੜਿਆ ਜੋ ਕਿ ਬਹੁਤ ਅਸੰਭਵ ਕਾਰਜ ਸੀ, ਜਿਸਨੂੰ ਬਾਬਾ ਕਾਂਸ਼ੀ ਰਾਮ ਨੇ ਆਪਣੀ ਮਿਹਨਤ ਤੇ ਉਦਮ ਸਦਕਾ ਸਿਰੇ ਚੜ੍ਹਾਇਆ ਤੇ ਯੂਪੀ ਵਿਚ ਮਨੂਵਾਦੀ ਪਾਰਟੀਆਂ ਕਾਂਗਰਸ ਤੇ ਭਾਜਪਾ ਨੂੰ ਧੋਬੀ ਪਟਕੇ ਮਾਰ ਕੇ ਯੂਪੀ ਵਿਚ ਵਿਸ਼ਾਲ ਸੱਤਾ ਸਿਰਜੀ। ਅਜਿਹਾ ਉਦਾਹਰਣ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਜ਼ਾਦ ਹੋਏ ਦੇਸਾਂ ਵਿਚ ਘਟ ਹੀ ਮਿਲਦਾ ਹੈ। ਇਥੇ ਜ਼ਿਕਰਯੋਗ ਹੈ ਕਿ ਅਜ਼ਾਦ ਦੇਸ 1970 ਦੇ ਦਹਾਕੇ ਤਕ ਪਹੁੰਚਦੇ ਪਹੁੰਚਦੇ ਰਾਜਨੀਤਕ ਅਰਾਜਕਤਾ ਤੇ ਅਸਥਿਰਤਾ ਦਾ ਸ਼ਿਕਾਰ ਹੋ ਚੁਕੇ ਸਨ।

ਐਮਰਜੈਂਸੀ ਨੂੰ ਛੱਡ ਕੇ ਭਾਰਤ ਦੇ ਲੋਕ ਇਸ ਤਰ੍ਹਾਂ ਦੇ ਰਾਜ ਪਲਟਣ ਤੋਂ ਦੂਰ ਰਹੇ ਹਨ। ਐਮਰਜੈਂਸੀ ਦੌਰਾਨ ਜੋ ਕਾਂਗਰਸ ਵਿਰੋਧੀ ਲੀਡਰਸ਼ਿਪ ਪੈਦਾ ਹੋਈ ਉਹ ਵੀ ਰਾਜਨੀਤਕ ਤਬਦੀਲੀ ਨਹੀਂ ਲਿਆ ਸਕੀ ਤੇ ਭਿਸ਼ਟਾਚਾਰ ਵਿਚ ਗਰਕ ਹੋ ਗਈ। ਇੱਥੋਂ ਤਕ ਕਿ ਇਥੇ ਹਥਿਆਰਬੰਦ ਨਕਸਲਵਾੜੀ ਅਤੇ ਮਾਓਵਾਦੀ ਲਹਿਰ ਸ਼ੁਰੂ ਹੋ ਗਈ ਸੀ। ਇਸ ਦੌਰਾਨ ਮਨੂਵਾਦ ਧਾਰਮਿਕ ਕੱਟੜਵਾਦ ਵੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚ ਸ਼ਾਮਲ ਹੋ ਕੇ ਲੋਕਾਂ ਵਿਚ ਆਪਣੀ ਪਹੁੰਚ ਵਧਾਉਣ ਲਗ ਪਿਆ ਤਾਂ ਜੋ ਭਾਜਪਾ ਨੂੰ ਕਾਂਗਰਸ ਦੀ ਥਾਂ ਸਥਾਪਤ ਕੀਤਾ ਜਾ ਸਕੇ। ਪੰਜਾਬ ਦੀ ਖੁਦਮੁਖਤਿਆਰੀ ਲਈ ਸਿਖਾਂ ਵਲੋਂ ਧਰਮ ਯੁਧ ਮੋਰਚਾ ਪਹਿਲਾਂ ਹੀ ਸ਼ੁਰੂ ਹੋ ਚੁਕਾ ਸੀ। ਪਰ ਅਕਾਲੀ ਲੀਡਰਸ਼ਿੱਪ ਦੀ ਸੱਤਾ ਭੁੱਖ ਕਾਰਣ ਸਿਖ ਇਹ ਮੋਰਚਾ ਹਾਰੇ। ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ। ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ। ਦਿਲੀ ਸਿੱਖ ਕਤਲੇਆਮ ਹੋਇਆ। ਪਰ ਅਕਾਲੀ ਲੀਡਰਸ਼ਿਪ ਫਲਾਪ ਸਿਧ ਹੋਈ। ਇਸ ਸਭ ਦੇ ਬਾਵਜੂਦ ਭਾਰਤ ਵਿਚ ਬਾਬਾ ਕਾਂਸ਼ੀ ਰਾਮ ਦੀ ਅਗਵਾਈ ਵਿਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੇ ਆਪਣੀ ਸਮੱਸਿਆ ਦੇ ਹੱਲ ਲਈ ਬੁਲੇਟ ਦੀ ਬਜਾਏ ਬੈਲੇਟ ਦਾ ਰਾਹ ਚੁਣਿਆ, ਜੋ ਕਿ ਬਹੁਜਨ ਅੰਦੋਲਨ ਤੇ ਲੋਕਤੰਤਰ ਦੀ ਸਫਲਤਾ ਪਿੱਛੇ ਇਕ ਵੱਡਾ ਕਾਰਨ ਰਿਹਾ ਹੈ। ਹਾਲਾਂਕਿ ਬਾਬਾ ਕਾਂਸ਼ੀ ਰਾਮ ਕਹਿੰਦੇ ਸਨ ਕਿ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਵੀ ਬੇਇਨਸਾਫੀ ਨਾਲ ਨਜਿੱਠਣ ਲਈ ਗੋਲੀ ਵੀ ਤਿਆਰ ਰੱਖਣੀ ਚਾਹੀਦੀ ਹੈ।

ਕਾਂਸ਼ੀ ਰਾਮ ਜੀ ਨੂੰ ਸਾਡੇ ਤੋਂ ਸਦੀਵੀ ਤੌਰ ਤੇ ਵਿਛੜਿਆਂ 14 ਸਾਲਾਂ ਹੋ ਚੁਕੇ ਹਨ। ਪਰ ਭਾਰਤ ਵਿੱਚ ਦਲਿਤਾਂ, ਔਰਤਾਂ ਅਤੇ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰ ਵਧੇ ਹਨ। ਪਰ ਸੁਆਲ ਇਹ ਹੈ ਕਿ ਅਜੇ ਵੀ ਦਲਿਤਾਂ ਅਤੇ ਵਾਂਝੇ ਲੋਕਾਂ ਨੂੰ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਨ ਲਈ ਕਿਵੇਂ ਕਾਮਯਾਬ ਕੀਤਾ ਜਾ ਸਕਦਾ ਹੈ। ਇਹ ਸਾਰੇ ਉਪਾਅ ਅੱਜ ਦੇ ਬਹੁਜਨ ਅੰਦੋਲਨ ਲਈ ਬਹੁਤ ਮਹੱਤਵਪੂਰਨ ਸਿੱਧ ਹੋ ਸਕਦੇ ਹਨ।

ਕਾਂਸ਼ੀਰਾਮ ਦਾ ਸਭ ਤੋਂ ਵਡਾ ਨੁਕਤਾ ਸੀ ਕਿ ਮਨੂਵਾਦੀ ਮੀਡੀਆ ਉਪਰ ਵਿਸ਼ਵਾਸ ਨਾ ਕਰੋ ਤੇ ਨਾ ਹੀ ਇਸ ਦੀ ਸ਼ਰਨ ਵਿਚ ਆਪਣਾ ਅੰਦੋਲਨ ਖੜਾ ਕਰੋ। ਤੁਹਾਡਾ ਮੀਡੀਆ ਵੰਚਿਤ ਤੇ ਦਬੇ ਕੁਚਲੇ ਲੋਕ ਹਨ। ਆਪਣੀ ਅਖਬਾਰ ਤੇ ਮੀਡੀਆ ਨੂੰ ਉਸਾਰੋ। ਦੱਬੇ-ਕੁਚਲੇ ਵਰਗਾਂ ਨੂੰ ਆਪਣੀ ਸਮੱਸਿਆ ਦੇ ਹੱਲ ਲਈ ਆਪਣੀਆਂ ਮੀਡੀਆ ਸੇਵਾਵਾਂ ਦੀ ਜ਼ਰੂਰਤ ਹੈ। ਉਨ੍ਹਾਂ ਦੇ ਅਨੁਸਾਰ ਮੁੱਖ ਧਾਰਾ ਦਾ ਮਨੂਵਾਦੀ ਮੀਡੀਆ ਦਲਿਤਾਂ, ਔਰਤਾਂ ਅਤੇ ਦੱਬੇ-ਕੁਚਲੇ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਥੋੜ੍ਹੀ ਜਿਹੀ ਜਗ੍ਹਾ ਦਿੰਦਾ ਹੈ। ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਦੇ ਜਵਾਬ ਵਿੱਚ ਬਹੁਜਨ ਵਰਗ ਦੇ ਬੋਧਿਕ ਲੋਕਾਂ ਨੂੰ ਆਪਣਾ ਪੱਖ ਰੱਖਣ ਲਈ ਲੋੜੀਂਦੀ ਜਗ੍ਹਾ ਨਹੀਂ ਦਿੰਦਾ। ਬਹੁਜਨ ਲੋਕਾਂ ਦੁਆਰਾ ਚੁੱਕੇ ਗਏ ਉਸਾਰੂ ਕਦਮਾਂ ਦੀ ਸ਼ਲਾਘਾ ਨਹੀਂ ਕਰਦਾ। ਅਰਥਾਤ ਸਰਕਾਰ ਦੁਆਰਾ ਕੀਤੇ ਝੂਠੇ ਵਾਅਦੇ / ਖੋਖਲੇ ਨਾਅਰਿਆਂ ਦਾ ਪਰਦਾਫਾਸ਼ ਨਹੀਂ ਕਰਦਾ ਅਤੇ ਬਹੁਜਨ ਦੇ ਵਿਰੋਧ ਵਿਚ ਭੁਗਤਦਾ ਹੈ।

ਅੱਜ ਦੇ ਮਾਹੌਲ ਵਿਚ ਮੁੱਖ ਧਾਰਾ ਮੀਡੀਆ, ਖ਼ਾਸਕਰ ਇਲੈਕਟ੍ਰਾਨਿਕ ਮੀਡੀਆ ਨੈਤਿਕਤਾ ਨੂੰ ਤਿਆਗ ਕੇ ਗੋਦੀ ਮੀਡੀਆ ਬਣ ਚੁਕਾ ਹੈ। ਉਹ ਸਰਕਾਰੀ ਦਬਾਅ, ਇਸ਼ਤਿਹਾਰਬਾਜ਼ੀ ਦੀ ਲਾਲਸਾ ਕਾਰਣ, ਆਪਣੇ ਸਮਾਜਿਕ ਢਾਂਚੇ ਕਾਰਣ ਕਰ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਜੇ ਪਛੜੇ ਵਰਗਾਂ ਅਤੇ ਵਿਰੋਧੀ ਧਿਰਾਂ ਨੂੰ ਲੋਕਾਂ ਵਿੱਚ ਆਪਣੀ ਗੱਲ ਕਹਿਣੀ ਪਵੇ ਤਾਂ ਉਸਨੂੰ ਆਪਣੀ ਨਿਊਜ਼ ਸਰਵਿਸ ਸਥਾਪਤ ਕਰਨੀ ਪਵੇਗੀ। ਕਾਂਸ਼ੀ ਰਾਮ ਦੇ ਅਨੁਸਾਰ, ਲੋਕਾਂ ਦਾ ਮੀਡੀਆ ਸਰਕਾਰੀ ਕੁਰਪਟ ਨੀਤੀਆਂ ਅਤੇ ਯੋਜਨਾਵਾਂ 'ਤੇ ਬੋਲਣ ਦਾ ਮੌਕਾ ਪ੍ਰਦਾਨ ਕਰਦਾ ਹੈ ਤੇ ਬਾਹਰੀ ਦੇਸ਼ਾਂ ਨੂੰ ਆਪਣੀ ਸਥਿਤੀ ਤੋਂ ਜਾਣੂ ਕਰਾਉਂਦਾ ਹੈ। ਕਾਂਸ਼ੀ ਰਾਮ ਦੱਬੇ-ਕੁਚਲੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਆਪਣੀ ਸੰਸਥਾ ਸਥਾਪਤ ਕਰਨ ਦਾ ਜ਼ੋਰ ਦਿੰਦੇ ਹਨ, ਕਿਉਂਕਿ ਸੰਗਠਨ ਆਤਮ-ਵਿਸ਼ਵਾਸ ਪੈਦਾ ਕਰਦਾ ਹੈ ਅਤੇ ਮੁੱਦਿਆਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ। ਇਸ ਵਿਚਾਰਧਾਰਾ ਦੇ ਕਾਰਨ, ਕਾਂਸ਼ੀ ਰਾਮ ਨੇ ਆਪਣੇ ਜੀਵਨ ਵਿੱਚ ਖੁਦ ਬਾਮਸੇਫ, ਡੀਐਸ 4 ਅਤੇ ਬਸਪਾ ਦਾ ਗਠਨ ਕੀਤਾ। ਕਾਂਸ਼ੀ ਰਾਮ ਦੇ ਅਨੁਸਾਰ, ਸੰਗਠਨ ਵਿੱਚ ਗਤੀਸ਼ੀਲਤਾ ਹੋਣੀ ਚਾਹੀਦੀ ਹੈ, ਅਜਿਹਾ ਕਰਨ ਲਈ, ਸਮੇਂ ਸਮੇਂ ਤੇ, ਨਵੇਂ ਨੇਤਾਵਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਲੋੜੀਂਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਕਾਂਸ਼ੀ ਰਾਮ ਜੀ ਨੇ ਲੋਕਾਂ ਦੀਆਂ ਭਖਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨ ਲਈ ਜਨ ਸੰਸਦ ਦੇ ਸੰਕਲਪ 'ਤੇ ਜ਼ੋਰ ਦਿੱਤਾ ਸੀ ਅਤੇ ਸਾਰੀ ਜਨ ਸੰਸਦ ਦਾ ਆਯੋਜਨ ਵੀ ਕੀਤਾ ਸੀ। ਹਾਲਾਂਕਿ ਜਨ ਸੰਸਦ ਬਿਨਾਂ ਕਿਸੇ ਸਤਾ ਸ਼ਕਤੀ ਦੇ ਹੈ, ਪਰ ਇਹ ਸ਼ਾਸਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਂਦਾ ਹੈ ਤਾਂ ਜੋ ਉਹ ਆਪਣੇ ਚੋਣ ਮੈਨੀਫੈਸਟੋ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ। ਜਨ ਸੰਸਦ ਉਨ੍ਹਾਂ ਦਬੇ ਕੁਚਲੇ ਤੇ ਬੇਇਨਸਾਫ਼ੀ ਦੇ ਸ਼ਿਕਾਰ ਭਾਈਚਾਰਿਆਂ ਦੀ ਆਵਾਜ਼ ਨੂੰ ਬਣਾਉਣ ਵਿਚ ਵੀ ਸਹਾਇਤਾ ਕਰਦਾ ਹੈ ਜਿਨ੍ਹਾਂ ਦੀ ਸੰਸਦ ਪ੍ਰਤੀਨਿਧਤਾ ਕਰਦੀ ਹੈ। ਉਦਾਹਰਣ ਵਜੋਂ, ਅੱਜ ਵੀ, ਭਾਰਤ ਦੀ ਸੰਸਦ ਵਿਚ ਔਰਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਪ੍ਰਤੀਨਿਧਤਾ ਘੱਟ ਹੈ। ਪਾਰਟੀ ਦੇ ਵ੍ਹਿਪ ਕਾਰਨ, ਕੁਝ ਸੰਸਦ ਮੈਂਬਰ ਵੀ ਚਾਹੁੰਦੇ ਹੋਏ ਵੀ ਸਾਰੇ ਮੁੱਦੇ ਚੁੱਕਣ ਵਿੱਚ ਅਸਮਰੱਥ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ, ਜਨ ਸੰਸਦ ਦੀ ਧਾਰਨਾ ਅੱਜ ਵੀ ਬਹੁਤ ਪ੍ਰਸੰਗਿਕ ਹੈ। ਕਾਂਸ਼ੀ ਰਾਮ ਜੀ ਦੀ ਰਣਨੀਤੀ ਦਾ ਅਹਿਮ ਹਿਸਾ ਸੀ, ਅਨਿਆਂ ਮੁਕਤ ਖੇਤਰ ਦੀ ਸਥਾਪਨਾ ਕਰਨਾ। ਇਸ ਤਹਿਤ ਕਾਂਸ਼ੀ ਰਾਮ ਬਹੁਜਨ ਸਮਾਜ ਨੂੰ ਆਪਣੀ ਵਲੰਟੀਅਰ ਸੈਨਾ ਤਹਿਤ ਹਰੇਕ ਤਰ੍ਹਾਂ ਦੀ ਸਹਾਇਤਾ, ਕਨੂੰਨੀ ਸਹਾਇਤਾ ਉਪਲਬਧ ਕਰਾਉਂਦੇ ਸਨ। ਇਸ ਤਹਿਤ ਅੱਜ ਵੀ ਕਾਂਸ਼ੀ ਰਾਮ ਦੀ ਰਣਨੀਤੀ ਬਹੁਤ ਕਾਰਗਰ ਹੈ ਜਦੋਂ ਕਿ ਦਲਿਤਾਂ ਉਪਰ ਜ਼ੁਲਮ ਹੋ ਰਹੇ ਹਨ।

ਕਾਂਸ਼ੀ ਰਾਮ ਦਾ ਮੰਨਣਾ ਹੈ ਕਿ ਭਾਰਤ ਵਿਚ ਬੇਇਨਸਾਫੀ ਤੇ ਜ਼ੁਲਮ ਦੀ ਜੜ੍ਹ ਨੂੰ ਪਛਾਣਨਾ ਬਹੁਤ ਜਰੂਰੀ ਹੈ। ਇਸ ਨੂੰ ਉਖਾੜਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਦਾ ਮੰਨਣਾ ਸੀ ਬਾਹਮਣਵਾਦ ਹੀ ਅਸਮਾਨਤਾ, ਬਹੁਜਨ ਦੀ ਤਬਾਹੀ ਤੇ ਬੇਇਨਸਾਫ਼ੀ ਦੀ ਜੜ੍ਹ ਹੈ। ਕਾਂਸ਼ੀ ਰਾਮ ਅਨੁਸਾਰ ਬ੍ਰਾਹਮਣਵਾਦ ਸਿਰਫ ਮਨੁੱਖਤਾ ਵਿਚ ਭੇਦ ਤੇ ਵੰਡੀਆਂ ਨਹੀਂ ਪਾਉਂਦਾ, ਸਗੋਂ ਕੁਦਰਤ ਤੇ ਪਸ਼ੂਆਂ ਨੂੰ ਵੀ ਮਨੁਵਾਦੀ ਵਰਤਾਰੇ ਅਨੁਸਾਰ ਦੇਖਦਾ ਹੈ। ਕਾਂਸ਼ੀ ਰਾਮ ਅਨੁਸਾਰ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਪਨਾਏ ਬਿਨਾਂ ਬਹੁਜਨ ਦਾ ਸੰਕਟ ਖਤਮ ਨਹੀਂ ਹੋ ਸਕਦਾ।

---

# ਕੀ ਸਿੱਟੇ ਨਿਕਲਦੇ ਹਨ ਜੰਗਾਂ ਯੁੱਧਾਂ ਦੇ ?



ਇਸ ਦੁਨੀਆਂ ਦੀ ਸਿਰਜਣਾ ਕੁਦਰਤ ਨੇ ਬੜੀ ਹੀ ਸ਼ਿੱਦਤ ਨਾਲ ਕੀਤੀ ਹੈ, ਇਸ ਦੁਨੀਆਂ ਦੇ ਨਜਾਰਿਆ ਨੂੰ ਦੇਖ ਮਨ ਅਸ਼ ਅਸ਼ ਕਰ ਉੱਠਦਾ ਹੈ। ਆਦਿ ਮਾਨਵ ਦੀਆਂ ਸਿਰਫ ਦੋ ਤਿੰਨ ਹੀ ਮੁੱਖ ਲੋੜਾਂ ਸਨ, ਰੋਟੀ, ਤਨ ਢੱਕਣ ਲਈ ਕੱਪੜਾ ਅਤੇ ਰਹਿਣ ਲਈ ਛੱਤ, ਉਸ ਵਿੱਚ ਕੋਈ ਈਰਖਾ, ਕੋਈ ਵੈਰ ਵਿਰੋਧ ਨਹੀਂ, ਬਸ ਨਿੱਜੀ ਲੋੜਾਂ ਨੂੰ ਪੂਰਿਆਂ ਕਰਦਿਆਂ ਉਹ ਲੋਕ ਆਪਣਾ ਜੀਵਨ ਜੀਅ ਲੈਂਦੇ ਸਨ। ਪਰ ਜਿਉਂ ਜਿਉਂ ਆਦਿ ਮਾਨਵ ਤੋਂ ਮਨੁੱਖੀ ਵਿਕਾਸ ਦਾ ਸਫ਼ਰ ਸ਼ੁਰੂ ਹੋਇਆ ਤਾਂ ਲੋੜਾਂ ਵੱਧਦੀਆਂ ਗਈਆਂ, ਦੂਰੀਆਂ ਬਣਦੀਆਂ ਗਈਆਂ ਅਤੇ ਇਸ ਵਿਕਾਸ ਨੇ ਅਜਿਹੇ ਰੂਪ ਅਖਤਿਆਰ ਕੀਤੇ ਕਿ ਸਿੱਟਾ ਜੰਗਾਂ, ਯੁੱਧਾਂ ਤੱਕ ਪਹੁੰਚ ਗਏ। ਅੱਜ ਤੱਕ ਇਸ ਦੁਨੀਆਂ ਵਿੱਚ ਦੋ ਵਿਸ਼ਵ ਯੁੱਧ ਹੋ ਚੁੱਕੇ ਹਨ ਅਤੇ ਤੀਸਰੇ ਦੀ ਸ਼ਾਇਦ ਤਿਆਰੀ ਚੱਲ ਰਹੀ ਹੈ। ਪਹਿਲਾਂ ਵਿਸ਼ਵ ਯੁੱਧ 1914 ਤੋਂ 1918 ਵਿੱਚ ਹੋਇਆ, ਜੋ ਕਿ ਜਰਮਨੀ, ਹੰਗਰੀ ਅਤੇ ਬ੍ਰਿਟਸ਼, ਰਸ਼ੀਆ ਤੇ ਫਰਾਸ਼ ਰਾਜ ਵਿਚਕਾਰ ਹੋਇਆ। ਆਪਣੀ ਕੂਟਨੀਤਕ ਸੋਚ ਤੇ ਪਹਿਰਾ ਦਿੰਦੇ ਹੋਏ ਏਨਾ ਦੇਸ਼ਾਂ ਦੇ ਪ੍ਰਤੀਨਿਧਾ ਨੇ ਇੱਕ ਕਰੋੜ ਤੋਂ ਵੱਧ ਨਿਰਦੋਸ਼ ਅਮਰੀਕਨਾਂ ਦੀਆਂ ਜਾਨਾਂ ਲਈਆਂ। ਦੂਸਰਾ ਵਿਸ਼ਵ ਯੁੱਧ 1939 ਤੋਂ 1945 ਦੌਰਾਨ ਚੱਲਿਆ। ਨਾਗਾਸਾਕੀ ਵਿੱਚ ਫੈਲੀ ਦਹਿਸ਼ਤ ਕਿਸਨੂੰ ਭੁੱਲ ਸਕਦੀ ਹੈ। 2,50,000 ਤੋਂ ਵੱਧ ਲੋਕ ਮੌਤ ਦੇ ਖੂਹ ਵਿੱਚ ਡਿੱਗੇ ਅਤੇ ਇਸੇ ਦੌਰਾਨ ਅਮਰੀਕਾ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਬਣ ਕੇ ਸਾਹਮਣੇ ਆਇਆ। ਜੇਕਰ ਮੌਜੂਦਾ ਹਾਲਾਤਾਂ ਦੀ ਗੱਲ ਕੀਤੀ ਜਾਵੇ ਤਾਂ ਅਰਮੀਨੀਆ ਅਤੇ ਅਜ਼ਰਬੈਜਾਨ ਵਿਚਕਾਰ ਜਬਰਦਸਤ ਜੰਗ ਛਿੜੀ ਹੋਈ ਹੈ। ਸਥਿਤੀ ਏਨੀ ਗੰਭੀਰ ਹੋਈ ਪਈ ਹੈ ਕਿ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਇੱਕ ਦੂਸਰੇ ਦੇ ਰਿਹਾਇਸ਼ੀ ਇਲਾਕਿਆਂ ਉੱਤੇ ਹਮਲੇ ਕਰ ਰਹੀਆਂ ਹਨ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਹ ਕਿਧਰੇ ਤੀਸਰੇ ਵਿਸ਼ਵ ਯੁੱਧ ਦੇ ਸੰਕੇਤ ਤਾਂ ਨਹੀ? ਇਸ ਸਾਰੇ ਖੇਡ ਵਿੱਚ ਤੁਰਕੀ ਨੇ ਅਜਰਬੈਜਾਨ ਅਤੇ ਰੂਸ, ਫ਼ਰਾਸ ਨੇ ਅਰਮੀਨੀਆ ਦਾ ਸਮਰਥਨ ਕੀਤਾ ਹੈ। ਇਹਨਾਂ ਦੋਨਾਂ ਦੇਸ਼ਾਂ ਵਿੱਚ ਜਿੱਧਰ ਵੀ ਨਜ਼ਰ ਪੈਂਦੀ ਹੈ, ਉਧਰ ਹੀ ਬਾਰੂਦ ਦਾ ਧੂੰਆਂ, ਰੋਂਦੇ ਕਰਲਾਉਂਦੇ ਤੇ ਵਿਲਕਦੇ ਲੋਕ, ਲਹੂ ਲੁਹਾਨ ਇਨਸਾਨੀਅਤ ਨਜ਼ਰੀ ਪੈ ਰਹੀ ਹੈ। ਨੋਗਰਨੋਕਾਰਾਬਾਖ ਉੱਪਰ ਕਬਜ਼ੇ ਨੂੰ ਲੈ ਕੇ ਸ਼ੁਰੂ ਹੋਈ ਇਹ ਜੰਗ ਹੁਣ ਰਿਹਾਇਸ਼ੀ ਇਲਾਕਿਆਂ ਤੱਕ ਪਹੁੰਚ ਚੁੱਕੀ ਹੈ। ਦੋਨਾਂ ਮੁਲਕਾਂ ਦੀ ਸੈਨਾ ਦੇ ਸਿਰ ਤੇ ਸਵਾਰ ਹੋਏ ਖੂਨ ਵਿੱਚ ਲੋਕ ਬੇਵਕਤੀ ਮੌਤ ਮਾਰੇ ਜਾ ਰਹੇ ਹਨ। ਜਮੀਨ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ ਲੈਕੇ ਹੋ ਰਹੇ ਇਸ ਯੁੱਧ ਦਾ ਆਖਰਕਾਰ ਕੀ ਸਿੱਟੇ ਨਿਕਲਣਗੇ...... ਕੇਵਲ ਤੇ ਕੇਵਲ ਇਨਸਾਨੀਅਤ ਦਾ ਪਤਨ। ਅੱਜ ਤੱਕ ਜੰਗਾਂ ਯੁੱਧਾਂ ਦੇ ਨਤੀਜੇ ਕਦੇ ਵੀ ਸੁਖਾਵੇਂ ਨਹੀਂ ਨਿਕਲੇ। ਮੈਂ ਹਮੇਸ਼ਾ ਇਹ ਸਭ ਦੇਖ ਕੇ ਹੈਰਾਨ ਹੁੰਦੀ ਹਾਂ ਕਿ ਅਤੇ ਸੋਚਦੀ ਹਾਂ ਕਿ ਅਸੀਂ ਇਹ ਸਰਕਾਰਾਂ ਕਿਉਂ ਬਣਾਉਂਦੇ ਹਾਂ? ਤਾਂ ਜੋ ਸਾਡੀਆਂ ਸਰਕਾਰਾਂ ਸਾਨੂੰ ਸੁਵਿਧਾਵਾਂ ਦੇ ਸਕਣ, ਹਰ ਦੇਸ਼ ਦੇ ਨਾਗਰਿਕ ਇੱਕ ਸੁਰੱਖਿਅਤ ਜੀਵਨ ਜੀਅ ਸਕਣ। ਪਰ ਹਾਲਾਤ ਬਿਲਕੁਲ ਹੀ ਉੱਲਟ ਹਨ, ਜਿਸ ਵੀ ਦੇਸ਼ ਵੱਲ ਨਜ਼ਰ ਮਾਰ ਲਵੋ, ਹਰ ਜ.ਗ੍ਹਾ ਆਮ ਨਾਗਰਿਕ ਜੁਲਮ ਦਾ ਸ਼ਿਕਾਰ ਹੋ ਰਿਹਾ ਹੈ। ਸਰਕਾਰਾਂ ਦੀਆਂ ਅੜੀਆਂ ਅੱਗੇ ਲੋਕ ਵਿਲਕਦੇ ਹਨ ਅਤੇ ਖਮਿਆਜਾ ਭੁਗਤ ਰਹੇ ਹਨ। ਇੱਕ ਗੱਲ ਸੋਚਣ ਵਾਲੀ ਹੈ ਕਿ ਇਹਨਾਂ ਜੰਗਾਂ ਦਾ ਹਮੇਸ਼ਾ ਮਕਸਦ ਜਮੀਨਾਂ ਹੀ ਰਹੀਆਂ ਹਨ, ਕਿਉਂਕਿ ਕਿਤੇ ਨਾ ਕਿਤੇ ਇਹ ਸਭ ਦੇਸ਼ ਦੀ ਅਰਥ ਵਿਵਸਥਾ ਨੂੰ ਮਜਬੂਤ ਕਰਨ ਦੇ ਸਾਧਨਾਂ ਵਿਚੋਂ ਇੱਕ ਹੈ, ਪਰ ਅਚੰਭੇ ਵਾਲੀ ਗੱਲ ਇਹ ਵੀ ਹੈ ਕਿ ਇਹਨਾਂ ਜੰਗਾਂ ਦੌਰਾਨ ਹੋਣ ਵਾਲੇ ਜਾਨੀ ਮਾਲੀ ਨੁਕਸਾਨ , ਅਰਥ ਵਿਵਸਥਾ ਨੂੰ ਪੁੰਹਚਣ ਵਾਲੇ ਝਟਕੇ ਬਾਰੇ ਸਰਕਾਰਾਂ ਕਿਉਂ ਨਹੀਂ ਸੋਚਦੀਆਂ? ਅਜਿਹੇ ਮਸਲਿਆਂ ਨਾਲ ਨਜਿੱਠਣ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੀਆਂ ਨੀਤੀਆਂ ਬਣਾਈਆਂ ਜਾਣ ਤਾਂ ਜੋ ਭਾਵੇਂ ਕਿੰਨਾ ਵੀ ਗੁੰਝਲਦਾਰ ਮਸਲਾ ਹੋਵੇ, ਉਸਦਾ ਹੱਲ ਸ਼ਾਂਤੀ ਨਾਲ ਕੀਤਾ ਜਾਵੇ। ਸਰਕਾਰਾਂ ਲੋਕਾਂ ਦੀ ਹਿਫ਼ਾਜ਼ਤ ਲਈ ਬਣਾਈਆਂ ਜਾਂਦੀਆਂ ਹਨ, ਇਹਨਾਂ ਦਾ ਮੰਤਵ ਵਿਸ਼ਵ ਸ਼ਾਂਤੀ ਹੋਣਾ ਚਾਹੀਦਾ ਹੈ ਨਾ ਕਿ ਹਿੰਸਾ, ਜੰਗ ਅਤੇ ਯੁੱਧ। ਹਰ ਦੇਸ਼ ਨੂੰ ਇਹ ਸਮਝਣਾਂ ਚਾਹੀਦਾ ਹੈ ਕਿ ਜੇਕਰ ਵਿਗਿਆਨ ਦੀਆਂ ਕਾਢਾ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਅਸੀਂ ਦੂਸਰਿਆਂ ਦੇ ਨਾਲ ਨਾਲ ਆਪਣੇ ਆਪ ਲਈ ਵੀ ਕਬਰ ਪੁੱਟ ਰਹੇ ਹਾਂ। ਸੋ ਕਿਸੇ ਵੀ ਮਸਲੇ ਨੂੰ ਸੁਲਝਾਉਣ ਲਈ ਜੰਗ ਕੋਈ ਵਾਜਿਬ ਹੱਲ ਨਹੀਂ ਹੈ, ਜਰੂਰਤ ਹੈ ਵਿਸ਼ਵ ਸ਼ਾਂਤੀ ਦੇ ਨਾਅਰੇ ਨੂੰ ਬੁਲੰਦ ਕਰਨ ਦੀ। ਕਿਉਂਕਿ ਲੋਕ ਅਮਨ, ਸ਼ਾਂਤੀ ਚਹੁੰਦੇ ਹਨ... ਜੰਗ, ਯੁੱਧ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀ ਹੁੰਦੇ।



**ਹਰਕੀਰਤ ਕੌਰ ਸਭਰਾ**
9779118066

ਲਿਖਤ : ਗਿ. ਸੋਹਣ ਸਿੰਘ ਸੀਤਲ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ - 44



ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

☛ ਬਾਕੀ ਅਗਲੇ ਅੰਕ ਵਿੱਚ

ਬੇਨਤੀ ਕੀਤੀ ਹੈ, ਜੋ 'ਮਹਾਰਾਜੇ ਤੇ ਸ਼ਹਿਰ ਦੀ ਉਦੋਂ ਤਕ ਰੱਖਿਆ ਕਰੇ, ਜਦੋਂ ਤਕ ਉਹ ਆਪਣੀ ਫ਼ੌਜ ਨੂੰ ਸੁਲ੍ਹਾ ਦੀ ਛੇਵੀਂ ਸ਼ਰਤ ਮੁਤਾਬਕ ਠੀਕ ਨਹੀਂ ਕਰ ਲੈਂਦੇ। ਸੌ ਗਵਰਨਰ ਜੈਨਰਲ ਚੰਦ ਸ਼ਰਤਾਂ ਉੱਤੇ ਰਾਜ਼ੀ ਹੋ ਗਿਆ ਹੈ, ਜੋ ਨਿੱਜੀ ਤੇ ਚੌਥੀ ਸ਼ਰਤ ਨੂੰ ਪੂਰਾ ਕਰਨ ਬਦਲੇ ਜ਼ਰੂਰੀ ਹੈ। ਇਸ ਵਾਸਤੇ, ਇਕ ਅੱਠ ਸ਼ਰਤਾਂ ਵਾਲਾ ਅਹਿਦਨਾਮਾ ਪਾਸ ਕੀਤਾ ਜਾਂਦਾ ਹੈ :

1. ਅੰਗਰੇਜ਼ੀ ਸਰਕਾਰ 1846 ਈ। ਦੇ ਅਖ਼ੀਰ ਤਕ, ਜਦ ਤਕ ਨਵੀਂ ਸਿੱਖ ਫ਼ੌਜ ਛੇਵੀਂ ਸ਼ਰਤ ਦੇ ਮੁਤਾਬਕ ਠੀਕ ਨਹੀਂ ਹੋ ਜਾਂਦੀ, ਓਨੀ ਅੰਗਰੇਜ਼ੀ ਫ਼ੌਜ ਲਾਹੌਰ ਰੱਖੇਗੀ, ਜਿੰਨੀ ਗਵਰਨਰ-ਜੈਨਰਲ ਮਹਾਰਾਜੇ ਤੇ ਲਾਹੌਰ ਵਾਸੀਆਂ ਦੀ ਰੱਖਿਆ ਵਾਸਤੇ ਠੀਕ ਸਮਝੇਗਾ। ਇਹ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਜਿਸ ਵੇਲੇ ਲਾਹੌਰ ਦਰਬਾਰ ਚਾਹਵੇ, ਹਟਾ ਲਈ ਜਾਵੇਗੀ। ਅੰਗਰੇਜ਼ੀ ਫ਼ੌਜ ਸਾਲ ਮੁਕਣ ਤੋਂ ਪਿਛੋਂ ਲਾਹੌਰ ਨਹੀਂ ਰਹੇਗੀ।
2. ਲਾਹੌਰ ਸਰਕਾਰ ਏਸ ਗੱਲ ਨਾਲ ਸਹਿਮਤ ਹੈ, ਕਿ ਅੰਗਰੇਜ਼ੀ ਫ਼ੌਜ, ਜੋ ਉੱਪਰ ਦੱਸੇ ਕੰਮ ਵਾਸਤੇ ਲਾਹੌਰ ਰਹੇਗੀ, ਉਸਨੂੰ ਲਾਹੌਰ ਸ਼ਹਿਰ ਤੇ ਕਿਲ੍ਹੇ ਦਾ ਕਬਜ਼ਾ ਦਿੱਤਾ ਜਾਵੇਗਾ ਤੇ ਲਾਹੌਰ ਦੀ ਫ਼ੌਜ ਸ਼ਹਿਰੋਂ ਬਾਹਰ ਕੱਢ ਦਿੱਤੀ ਜਾਵੇਗੀ। ਲਾਹੌਰ ਸਰਕਾਰ ਅੰਗਰੇਜ਼ੀ ਫ਼ੌਜ ਦੇ ਸਿਪਾਹੀਆਂ ਤੇ ਅਫ਼ਸਰਾਂ ਦੇ ਰਹਿਣ ਵਾਸਤੇ ਮਕਾਨ ਦੇਵੇਗੀ ਤੇ ਸਾਰੇ ਵਾਧੂ ਖ਼ਰਚ-ਜੋ ਅੰਗਰੇਜ਼ੀ ਫ਼ੌਜ ਨੂੰ ਆਪਣੀਆਂ ਛਾਉਣੀਆਂ ਤੋਂ ਬਾਹਰ ਬਿਗਾਨੇ ਇਲਾਕੇ ਵਿਚ ਰਹਿਣ ਕਰਕੇ ਝੱਲਣੇ ਪੈਣਗੇ-ਅੰਗਰੇਜ਼ਾਂ ਨੂੰ ਦੇਵੇਗੀ।
3. ਲਾਹੌਰ ਸਰਕਾਰ ਛੇਤੀ ਤੇ ਉੱਦਮ ਨਾਲ ਆਪਣੀ ਨਵੀਂ ਫ਼ੌਜ ਨੂੰ ਪੱਕੀਆਂ ਹੋਈਆਂ ਸ਼ਰਤਾਂ ਅਨੁਸਾਰ-ਜਥੇਬੰਦ ਕਰਨਾ ਆਰੰਭ ਦੇਵੇਗੀ ਤੇ ਲਾਹੌਰ ਰਹਿਣ ਵਾਲੇ ਅੰਗਰੇਜ਼ੀ ਅਫ਼ਸਰਾਂ ਦੀ ਸਲਾਹ ਨਾਲ ਨਵੀਂ ਫ਼ੌਜ ਰੱਖੀ ਜਾਵੇਗੀ।
4. ਜੋ ਲਾਹੌਰ ਸਰਕਾਰ ਪਹਿਲਾਂ ਲਿਖੀ ਸ਼ਰਤ ਨੂੰ ਪੂਰਾ ਕਰਨ ਵਿਚ ਅਸਫਲ ਰਹੀ, ਤਾਂ ਸਰਕਾਰ ਅੰਗਰੇਜ਼ੀ ਨੂੰ ਹੱਕ ਹੋਵੇਗਾ, ਕਿ ਉਹ ਆਪਣੀ ਫ਼ੌਜ ਸਾਲ ਮੁੱਕਣ ਤੋਂ ਪਹਿਲਾਂ ਹੀ ਲਾਹੌਰੋਂ ਵਾਪਸ ਬੁਲਾ ਲਵੇ।
5. ਸਰਕਾਰ ਅੰਗਰੇਜ਼ੀ ਉਹਨਾਂ ਸਾਰੇ ਜਾਗੀਰਦਾਰਾਂ ਦੇ ਹੱਕ ਦਾ ਸਤਿਕਾਰ ਕਰੇਗੀ, ਜੋ ਲਾਹੌਰ ਦੀ ਪਹਿਲੀ ਸੁਲ੍ਹਾ ਦੀ ਸ਼ਰਤ ਨੰ: ।-੪ ਅਨੁਸਾਰ ਇਲਾਕਿਆਂ ਦੇ ਮਾਲਕ ਹਨ ਤੇ ਜਿੰਨ੍ਹਾਂ ਦਾ ਸੰਬੰਧ ਮ. ਰਣਜੀਤ ਸਿੰਘ, ਮ, ਖੜਕ ਸਿੰਘ ਤੇ ਮ। ਸ਼ੇਰ ਸਿੰਘ ਦੇ ਖ਼ਾਨਦਾਨ ਨਾਲ ਹੈ। ਸਰਕਾਰ ਅੰਗਰੇਜ਼ੀ, ਉਹਨਾਂ ਜਾਗੀਰਦਾਰਾਂ ਦੀ ਉਮਰ ਤਕ, ਉਹਨਾਂ ਦਾ ਕਬਜ਼ਾ ਉਹਨਾਂ ਦੀਆਂ ਜਾਗੀਰਾਂ ਉੱਤੇ ਬਹਾਲ ਰਖੇਗੀ।
6. ਉਹਨਾਂ ਕਾਰਦਾਰਾਂ ਤੇ ਮੈਨੇਜਰਾਂ ਪਾਸੋਂ-ਜੇ ਲਾਹੌਰ ਸੁਲ੍ਹਾ ਦੀ ਸ਼ਰਤ ਨੰ: 3-4 ਅਨੁਸਾਰ ਹਨ- ਮਾਮਲਾ ਉਗਰਾਹੁਣ ਵਿਚ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੀ ਮਦਦ ਕਰੇਗੀ।
7. ਲਾਹੌਰ ਸਰਕਾਰ ਨੂੰ, ਉਹਨਾਂ ਸਾਰੇ ਕਿਲ੍ਹਿਆਂ ਤੇ ਇਲਾਕਿਆਂ ਵਿਚੋਂ ਜਿੰਨ੍ਹਾਂ ਦਾ ਜ਼ਿਕਰ ਪਹਿਲੀਆਂ ਸ਼ਰਤਾਂ ਵਿਚ ਹੈ ਖ਼ਜ਼ਾਨਾ ਤੇ ਹੋਰ ਸਰਕਾਰੀ ਜਾਇਦਾਦ ਲੈ ਜਾਣ ਦੀ- ਬਿਨਾਂ ਤੋਪਾਂ ਦੇ-ਖੁੱਲ੍ਹ ਹੋਵੇਗੀ। ਸਰਕਾਰ ਅੰਗਰੇਜ਼ੀ ਉਹਨਾਂ ਵਿਚੋਂ ਕੋਈ ਚੀਜ਼ ਰੱਖਣੀ ਚਾਹੇ, ਤਾਂ ਪੂਰੀ ਕੀਮਤ ਦੇ ਕੇ ਰੱਖ ਸਕੇਗੀ। ਸਰਕਾਰ ਅੰਗਰੇਜ਼ੀ ਅਜਿਹੀਆਂ ਚੀਜ਼ਾਂ ਲੈ ਜਾਣ ਵਿਚ ਮਦਦ ਕਰੇਗੀ।
8. ਦੋਵੇਂ ਸਰਕਾਰਾਂ ਆਪਣੇ ਕਮਿਸ਼ਨਰ ਪੱਕੇ ਕਰਨਗੀਆਂ, ਜੋ ਦੋਹਾਂ ਸਰਕਾਰਾਂ ਦੀ ਵਿਚਲੀ ਹੱਦ ਪੱਕੀ ਕਰਨਗੇ, ਜੋ ਲਾਹੌਰ ਦੀ ਸੁਲ੍ਹਾ 9 ਮਾਰਚ, 1846 ਈ: ਅਨੁਸਾਰ ਹੋਵੇਗੀ।"

ਖ਼ਜ਼ਾਨੇ ਵਿਚ 12 ਕਰੋੜ ਰੁਪਿਆ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਸੁਰਗਵਾਸ ਹੋਇਆ ਸੀ, ਪਰ ਹੁਣ ਡੂਢ ਕਰੋੜ ਵੀ ਨਾ ਨਿਕਲੇ। ਇਕ ਕਰੋੜ ਬਦਲੇ ਤਾਂ ਜੰਮੂ ਤੇ ਕਸ਼ਮੀਰ ਦਾ ਪਹਾੜੀ ਇਲਾਕਾ ਸਿੱਖਾਂ ਨੇ ਅੰਗੇਰਜ਼ਾਂ ਕੋਲ ਵੇਚਿਆ ਤੇ ਬਾਕੀ 50 ਲੱਖ, ਕੁਛ ਖ਼ਜ਼ਾਨੇ ਵਿਚੋਂ ਤੇ ਕੁਛ ਕਈਆਂ ਸਿੱਖ ਸਰਦਾਰਾਂ (ਖਾਸ ਕਰ ਚਤਰ ਸਿੰਘ ਅਟਾਰੀ) ਕੋਲੋਂ ਲੈ ਕੇ ਪੂਰਾ ਕੀਤਾ ਗਿਆ।

16 ਮਾਰਚ, 1846 ਈ: ਨੂੰ ਅੰਮ੍ਰਿਤਸਰ ਵਿਚ ਗੁਲਾਬ ਸਿੰਘ ਨਾਲ ਹਾਰਡਿੰਗ ਨੇ ਬੁਲਾ ਪੱਕੀ ਕੀਤੀ। 75 ਲੱਖ ਰੁਪਿਆ (ਇਸ ਵਿਚੋਂ ਸੁਚੇਤ ਸਿੰਘ ਦਾ 18 ਲੱਖ ਕੱਟਕੇ) ਲੈਕੇ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ (ਦਰਿਆ ਰਾਵੀ ਤੇ ਅਟਕ ਵਿਚਲਾ ਪਹਾੜੀ ਇਲਾਕਾ) ਦਾ ਸੁਤੰਤਰ 'ਮਹਾਰਾਜਾ! ਬਣਾ ਦਿੱਤਾ। ਏਸ ਤਰ੍ਹਾਂ ਸਾਰਾ ਪ੍ਰਬੰਧ ਕਰਕੇ ਲੋੜੀਂਦੀ ਫ਼ੌਜ ਲਾਹੌਰ ਛੱਡ ਕੇ ਬਾਕੀ ਅੰਗਰੇਜ਼ੀ ਫ਼ੌਜ 23 ਮਾਰਚ ਨੂੰ ਲਾਹੌਰੋਂ ਤੁਰੀ ਤੇ 26 ਮਾਰਚ ਨੂੰ ਸਤਲੁਜੋਂ ਪਾਰ ਹੋ ਗਈ।

## ਪੰਜਾਬ ਕਿਉਂ ਨਾ ਜ਼ਬਤ ਕੀਤਾ

ਲਾਰਡ ਹਾਰਡਿੰਗ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਨਹੀਂ ਮਿਲਾਇਆ। ਏਸ ਗੱਲ ਤੋਂ ਕਈ ਅੰਗਰੇਜ਼ ਅਫ਼ਸਰ ਉਸਦੇ ਵਿਰੁਧ ਸਨ। ਪਰ ਉਸਨੇ ਪੰਜਾਬ ਕਿਉਂ ਆਪਣੇ ਰਾਜ ਵਿਚ ਨਹੀਂ ਮਿਲਾਇਆ। ਕੇਵਲ ਇਸ ਬਦਲੇ, ਕਿ ਉਹ ਨਹੀਂ ਸੀ ਮਿਲਾ ਸਕਦਾ। ਨਿਰਾ ਜ਼ਬਾਨੀ ਕਹਿ ਦੇਣ ਨਾਲ, ਜਾਂ ਐਲਾਨ ਕਰ ਦੇਣ ਨਾਲ ਹੀ ਇਹ ਕੰਮ ਨਹੀਂ ਸੀ ਮੁੱਕ ਚੱਲਿਆ, ਸਗੋਂ ਸਾਰੇ ਪੰਜਾਬ 'ਤੇ ਕਬਜ਼ਾ ਕਰਨ ਤੇ ਖ਼ਾਲਸਾ ਫ਼ੌਜਾਂ ਨੂੰ ਦਬਾ ਕੇ, ਉਸ ਵਿਚ ਅਮਨ ਰਖਣਾ ਪੈਣਾ ਸੀ।

- ਚਲਦਾ





# ਧਰਮਾਂ ਦੀਆਂ ਵਲਗਣਾਂ ਦੇ ਪਾਰ

**ਲੇਖਕ : ਰਾਮਚੰਦਰ ਗੁਹਾ**
**ਈਮੇਲ : ramachandraguha@yahoo.in**

ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ’ਚੋਂ ਇੱਕ ਇਹ ਹੈ ਕਿ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿੱਚ ਮਿਲ-ਜੁਲ ਕੇ ਸ਼ਾਂਤੀ ਨਾਲ ਕਿਵੇਂ ਰਹਿਣ। ਮੱਧ ਪੂਰਬ ਅਤੇ ਦੱਖਣੀ ਏਸ਼ੀਆ ਵਿੱਚ ਧਾਰਮਿਕ ਬਹੁਗਿਣਤੀਵਾਦ ਦੇ ਸਿਧਾਂਤ ’ਤੇ ਰਾਸ਼ਟਰੀ ਰਾਜ ਦੇ ਗਠਨ ਅਤੇ ਗ਼ੈਰ-ਇਸਾਈ ਆਬਾਦੀ ਦੇ ਯੂਰੋਪ ਅਤੇ ਉੱਤਰੀ ਅਮਰੀਕਾ ਦੇ ਦੇਸ਼ਾਂ ਵੱਲ ਪਰਵਾਸ ਨਾਲ ਵੈਰਭਾਵੀ ਅਤੇ ਧਰਮ ਦੇ ਆਧਾਰ ’ਤੇ ਹਿੰਸਕ ਟਕਰਾਅ ਪੈਦਾ ਹੋਏ। ਹੰਕਾਰ ਅਤੇ ਸਰਬਸ੍ਰੇਸ਼ਠਤਾ ਦੀ ਭਾਵਨਾ ਅਕਸਰ ਸਹਿਣਸ਼ੀਲਤਾ ਅਤੇ ਆਪਸੀ ਸਮਝ-ਬੂਝ ਉੱਪਰ ਹਾਵੀ ਹੋ ਜਾਂਦੀ ਹੈ।

ਅਮਰੀਕੀ ਵਿਦਵਾਨ ਥਾਮਸ ਅਲਬਰਟ ਹਾਵਰਡ ਨੇ ਆਪਣੀ ਕਿਤਾਬ ‘ਦਿ ਫੇਥਸ ਆਫ ਅਦਰਜ਼: ਏ ਹਿਸਟਰੀ ਆਫ ਇੰਟਰਰਿਲੀਜੀਅਸ ਡਾਇਲਾਗ (ਂਈਾ ਓਵਏਨ:ੈ ਓਲਏੂ ਨਿਵਏਰਸਿਟੇ ਫਰਏਸਸ, 2021)’ ਵਿੱਚ ਵਡੇਰੀ ਅੰਤਰ-ਧਰਮੀ ਸਮਝ-ਬੂਝ ਬਾਰੇ ਕਾਫ਼ੀ ਸ਼ਿੱਦਤ ਨਾਲ ਲਿਖਿਆ ਹੈ। ਹਾਵਰਡ ਦੀ ਕਿਤਾਬ ਦਾ ਵੱਡਾ ਹਿੱਸਾ ਇਸਾਈਅਤ ’ਤੇ ਆਧਾਰਿਤ ਹੈ ਜਿਸ ਨਾਲ ਉਸ ਦੀ ਬਹੁਤੀ ਜਾਣ-ਪਛਾਣ ਸੀ। ਇਸਾਈ ਧਰਮ ਸ਼ਾਸਤਰੀ ਕਿਸੇ ਸਮੇਂ ਇਸ ਗੱਲ ਦੇ ਬਹੁਤ ਜ਼ਿਆਦਾ ਕਾਇਲ ਸਨ ਕਿ ਉਨ੍ਹਾਂ ਦਾ ਧਰਮ ਹੀ ਸੱਚਾ ਧਰਮ ਹੈ। ਵੀਹਵੀਂ ਸਦੀ ਵਿੱਚ ਇਹ ਧਾਰਨਾ ਬਦਲਣੀ ਸ਼ੁਰੂ ਹੋਈ। ਕਿਸੇ ਵੇਲੇ ਆਪਣੇ ਅਧਿਆਤਮਿਕ ਗੁਮਾਨ ਲਈ ਜਾਣੇ ਜਾਂਦੇ ਕੈਥੋਲਿਕ ਚਰਚ ਨੇ 1960 ਵਿੱਚ ਦੂਜੇ ਧਰਮਾਂ ਨੂੰ ਮਾਨਤਾ ਦੇਣ ਦੀ ਸਹਿਜ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਅਗਸਤ 1964 ਦੇ ਇੱਕ ਬਿਆਨ ਵਿੱਚ ਪੋਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਚਰਚ ਵੱਖ-ਵੱਖ ‘ਗ਼ੈਰ-ਇਸਾਈ ਧਰਮਾਂ ਦੀਆਂ ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਮਾਨਤਾ ਤੇ ਸਤਿਕਾਰ ਦੇਵੇਗਾ...।’ ਪੱਚੀ ਸਾਲਾਂ ਬਾਅਦ ਇੱਕ ਹੋਰ ਪੋਪ ਨੇ ਅਗਾਂਹ ਆਖਿਆ ਕਿ ‘ਸੰਵਾਦ ਪੈਂਤੜੇਵਾਦੀ ਸਰੋਕਾਰਾਂ ਅਤੇ ਸਵੈ ਹਿੱਤ ’ਚੋਂ ਨਹੀਂ ਉਪਜਦਾ ਸਗੋਂ ਇਹ ਇੱਕ ਅਜਿਹੀ ਸਰਗਰਮੀ ਹੈ ਜਿਸ ਦੇ ਰਾਹ ਦਰਸਾਊ ਸਿਧਾਂਤ, ਲੋੜਾਂ ਅਤੇ ਆਤਮ-ਸਨਮਾਨ ਹੁੰਦਾ ਹੈ।’

ਹਾਵਰਡ ਦੇ ਅਧਿਐਨ ਵਿੱਚ ਅੰਤਰ-ਧਰਮੀ ਸੰਵਾਦ ਦੇ ਦੋ ਭਾਰਤੀ ਪੈਰਵੀਕਾਰਾਂ ਦਾ ਵੀ ਜ਼ਿਕਰ ਆਉਂਦਾ ਹੈ। ਇਨ੍ਹਾਂ ’ਚੋਂ ਇੱਕ ਹੈ ਮੁਗ਼ਲ ਸਮਰਾਟ ਅਕਬਰ ਜਿਸਦੇ ਮੁਤੱਲਕ ਉਸ ਨੇ ਬਹੁਤੀ ਸੇਧ 1952 ਵਿੱਚ ਮੱਖਣ ਲਾਲ ਰਾਏਚੌਧਰੀ ਦੀ ਲਿਖੀ ਕਿਤਾਬ ‘ਦੀਨ-ਏ-ਇਲਾਹੀ’ ’ਚੋਂ ਲਈ ਸੀ। ਖ਼ਾਸ ਤੌਰ ’ਤੇ ਮੇਰੀ ਨਜ਼ਰ ਇੱਕ ਖ਼ਤ ਉੱਪਰ ਅਟਕ ਗਈ ਜੋ ਬਾਦਸ਼ਾਹ ਅਕਬਰ ਨੇ ਆਪਣੇ ਸਮਕਾਲੀ ਸਪੇਨ ਦੇ ਬਾਦਸ਼ਾਹ ਕਿੰਗ ਫਿਲਿਪ ਦੋਇਮ ਨੂੰ ਲਿਖਿਆ ਸੀ। ਯਹੂਦੀਆਂ ਅਤੇ ਮੁਸਲਮਾਨਾਂ ਦੇ ਦੇਸ਼ ਨਿਕਾਲੇ ਤੋਂ ਬਾਅਦ ਸਪੇਨ ਦੇ ਕੈਥੋਲਿਕ ਧਰਮ ਵਿੱਚ ਕੱਟੜਪੁਣਾ ਵਧਦਾ ਜਾ ਰਿਹਾ ਸੀ। ਅਕਬਰ ਨੇ ਆਪਣੇ ਹਮਰੁਤਬਾ ਬਾਦਸ਼ਾਹ ਨੂੰ ਹਿੰਦੋਸਤਾਨ ਤੋਂ ਸਬਕ ਲੈਣ ਲਈ ਕਿਹਾ, ਜਿੱਥੇ ‘ਹਰ ਕੋਈ ਆਪਣੀਆਂ ਦਲੀਲਾਂ ਅਤੇ ਕਾਰਨਾਂ ਦੀ ਤਸਦੀਕ ਕਰਵਾਏ ਬਿਨਾਂ, ਆਪਣੇ ਧਰਮ ਦੀ ਪਾਲਣਾ ਕਰਦਾ ਰਹਿੰਦਾ ਹੈ ਜਿਸ ਵਿੱਚ ਉਹ ਪੈਦਾ ਹੋ ਕੇ ਅਤੇ ਪੜ੍ਹ ਲਿਖ ਕੇ ਵੱਡਾ ਹੋਇਆ ਸੀ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਸਚਾਈ ਦਾ ਪਤਾ ਲਗਾਉਣ ਦੀ ਸੰਭਾਵਨਾ ਤੋਂ ਬਾਹਰ ਰੱਖਦਾ ਹੈ ਜੋ ਕਿ ਮਨੁੱਖੀ ਲਿਆਕਤ ਦਾ ਸਭ ਤੋਂ ਉੱਤਮ ਉਦੇਸ਼ ਹੈ। ਇਸ ਤਰ੍ਹਾਂ ਅਸੀਂ (ਹਿੰਦੋਸਤਾਨ ਵਿੱਚ) ਸੁਵਿਧਾਜਨਕ ਰੁੱਤਾਂ ਵਿੱਚ ਸਾਰੇ ਧਰਮਾਂ ਦੇ ਸਾਰੇ ਵਿਦਵਾਨਾਂ ਦੀ ਸੰਗਤ ਕਰਦੇ ਹਾਂ, ਇਸ ਤਰ੍ਹਾਂ ਉਨ੍ਹਾਂ ਦੇ ਸ਼ਾਨਦਾਰ ਪ੍ਰਵਚਨਾਂ ਅਤੇ ਉੱਚੀਆਂ ਸ਼ੁਭ ਕਾਮਨਾਵਾਂ ਤੋਂ ਲਾਭ ਪ੍ਰਾਪਤ ਕਰਦੇ ਹਾਂ’।

ਭਾਰਤ ਦੀ ਦੂਜੀ ਮਿਸਾਲ ਜਿਸ ਨੂੰ ਹਾਵਰਡ ਕੁਝ ਹੱਦ ਤੱਕ ਤਵੱਜੋ ਦਿੰਦਾ ਹੈ, ਉਹ ਸੀ ਸਵਾਮੀ ਵਿਵੇਕਾਨੰਦ ਜੋ ਅਕਬਰ ਤੋਂ ਕਈ ਸਦੀਆਂ ਬਾਅਦ ਹੋਇਆ। ਹੋਰਨਾਂ ਟਿੱਪਣੀਕਾਰਾਂ ਵਾਂਗ ਹੀ ਉਸ ਨੇ 1893 ਵਿੱਚ ਸ਼ਿਕਾਗੋ ਵਿੱਚ ਹੋਈ ਵਿਸ਼ਵ ਧਰਮ ਸੰਸਦ ਮੌਕੇ ਵਿਵੇਕਾਨੰਦ ਦੇ ਭਾਸ਼ਣ ਨੂੰ ਦਰਸਾਇਆ ਹੈ। ਉਨ੍ਹਾਂ ਪਹਿਲੀ ਵਾਰ ਸਾਨੂੰ ਇਸ ਸੰਸਦ ਦੇ ਆਦਰਸ਼ਾਂ ਤੋਂ ਜਾਣੂ ਕਰਾਇਆ ਹੈ ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਦੋਸਤਾਨਾ ਇਕੱਤਰਤਾਵਾਂ ਅਤੇ ਆਪਸੀ ਸਮਝ-ਬੂਝ ਪੈਦਾ ਕਰ ਕੇ ਵੱਖ-ਵੱਖ ਧਰਮਾਂ ਦੇ ਲੋਕਾਂ ਦਰਮਿਆਨ ਮਾਨਵੀ ਭਾਈਚਾਰੇ ਦੀ ਭਾਵਨਾ ਨੂੰ ਹੱਲਾਸ਼ੇਰੀ ਦੇਣਾ ਅਤੇ ਗਹਿਰਾ ਕਰਨਾ; ਅਤੇ ਸਥਾਈ ਕੌਮਾਂਤਰੀ

ਸ਼ਾਂਤੀ ਸਥਾਪਿਤ ਕਰਨ ਦੀ ਆਸ ਨਾਲ ਦੁਨੀਆ ਦੇ ਦੇਸ਼ਾਂ ਦਰਮਿਆਨ ਦੋਸਤਾਨਾ ਸਾਂਝ ਪੈਦਾ ਕਰਨਾ ਸ਼ਾਮਿਲ ਹਨ।’

ਹਾਵਰਡ ਫਿਰ ਸ਼ਿਕਾਗੋ ਵਿੱਚ ਸਵਾਮੀ ਵਿਵੇਕਾਨੰਦ ਦੇ ਭਾਸ਼ਣ ਦੇ ਕੁਝ ਅੰਸ਼ਾਂ ਦਾ ਜ਼ਿਕਰ ਕਰਦਾ ਹੈ। ਇਨ੍ਹਾਂ ’ਚੋਂ ਇੱਕ ਵਿੱਚ ਸਵਾਮੀ ਦੀ ਇਹ ਨਿਸ਼ਚਾ ਦਰਜ ਸੀ ਕਿ ‘ਉਸ ਨੂੰ ਫਖ਼ਰ ਹੈ ਕਿ ਉਹ ਇੱਕ ਅਜਿਹੇ ਧਰਮ ਨਾਲ ਸਬੰਧ ਰੱਖਦਾ ਹੈ ਜਿਸ ਨੇ ਦੁਨੀਆ ਨੂੰ ਸਹਿਣਸ਼ੀਲਤਾ ਅਤੇ ਸਰਬਵਿਆਪੀ ਪ੍ਰਵਾਨਗੀ ਦਾ ਪਾਠ ਪੜ੍ਹਾਇਆ ਹੈ; ਅਤੇ ਨਾਲ ਹੀ ਉਸ ਨੂੰ ਇਹ ਵੀ ਮਾਣ ਹੈ ਕਿ ਉਹ ਇੱਕ ਅਜਿਹੇ ਦੇਸ਼ ਨਾਲ ਸਬੰਧ ਰੱਖਦਾ ਹੈ ਜੋ ਦੁਨੀਆ ਦੇ ਸਾਰੇ ਧਰਮਾਂ ਅਤੇ ਸਾਰੇ ਦੇਸ਼ਾਂ ਦੇ ਸਤਾਏ ਹੋਏ ਅਤੇ ਸ਼ਰਨਾਰਥੀ ਲੋਕਾਂ ਨੂੰ ਪਨਾਹ ਦਿੰਦਾ ਹੈ।’ ਵਿਵੇਕਾਨੰਦ ਦਾ ਦੂਜਾ ਕਥਨ ਸ਼ਾਇਦ ਹੋਰ ਵੀ ਢੁਕਵਾਂ ਹੈ ਜੋ ਇਉਂ ਹੈ: ‘ਤੰਗਨਜ਼ਰੀ, ਕੱਟੜਪੁਣਾ ਅਤੇ ਇਸ ਦੇ ਖ਼ੌਫ਼ਨਾਕ ਵੰਸ਼ਜ ਮੂਲਵਾਦ ਨੇ ਲੰਮੇ ਅਰਸੇ ਤੋਂ ਇਸ ਖ਼ੂਬਸੂਰਤ ਧਰਤੀ ’ਤੇ ਜੱਫਾ ਮਾਰਿਆ ਹੋਇਆ ਹੈ... ਪਰ ਇਸ ਦਾ ਅੰਤ ਆ ਗਿਆ ਹੈ ਅਤੇ ਮੈਨੂੰ ਪੁਰਜ਼ੋਰ ਆਸ ਹੈ ਕਿ ਇਹ ਸਵੇਰ ਘੰਟੀ (ਸੰਸਦ ਦੀ ਸ਼ੁਰੂਆਤ ਵੇਲੇ) ਵੱਜਣ ਸਾਰ ਹਰ ਤਰ੍ਹਾਂ ਦੇ ਕੱਟੜਪੁਣੇ ਦਾ ਖਾਤਮਾ ਹੋ ਜਾਵੇਗਾ।’

ਹਾਵਰਡ ਨੇ ਗਾਂਧੀ ਦਾ ਜ਼ਿਕਰ ਕੁਝ ਹੋਰ ਪ੍ਰਸੰਗਾਂ ਵਿੱਚ ਕੀਤਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਧਾਰਮਿਕ ਸੋਚ ਬਾਰੇ ਗਹਿਰਾਈ ਨਾਲ ਵਿਚਾਰ ਨਹੀਂ ਕੀਤਾ। ਦਰਅਸਲ, ਗਾਂਧੀ ਗਹਿਨਤਾ ਅਤੇ ਸ਼ਿੱਦਤ ਦੇ ਲਿਹਾਜ਼ ਤੋਂ ਅਕਬਰ ਅਤੇ ਵਿਵੇਕਾਨੰਦ ਨਾਲੋਂ ਵੀ ਵੱਡਾ ਧਾਰਮਿਕ ਬਹੁਲਤਾਵਾਦੀ ਸੀ। ਉਸ ਨੇ ਅੰਤਰ-ਧਰਮੀ ਸੰਵਾਦ ਦੀ ਪੈਰਵੀ ਕੀਤੀ ਅਤੇ ਇਸ ਨੂੰ ਅੰਤਰ-ਧਰਮੀ ਸਮਾਜਿਕ ਕਾਰਜ ਦੇ ਤੌਰ ’ਤੇ ਅਮਲ ਵਿੱਚ ਵੀ ਲਿਆਂਦਾ। ਦੱਖਣੀ ਅਫ਼ਰੀਕਾ ਹੋਵੇ ਜਾਂ ਹਿੰਦੋਸਤਾਨ, ਉਨ੍ਹਾਂ ਦੇ ਸਤਿਆਗ੍ਰਹਿ ਦੁਨੀਆ ਦੇ ਸਾਰੇ ਧਰਮਾਂ ਦੇ ਲੋਕਾਂ ਨੂੰ ਕਲਾਵੇ ਵਿੱਚ ਲੈਣ ਦੀ ਤਲਬ ਰੱਖਦੇ ਸਨ। ਉਨ੍ਹਾਂ ਦੇ ਆਸ਼ਰਮਾਂ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਸਨ ਜਿਸ ਸਦਕਾ ਉਨ੍ਹਾਂ ਦਰਮਿਆਨ ਆਪਸੀ ਸਤਿਕਾਰ ਅਤੇ ਸਮਝ-ਬੂਝ ਪੈਦਾ ਹੁੰਦੀ ਸੀ। ਉਨ੍ਹਾਂ ਦੀਆਂ ਅੰਤਰ-ਧਰਮੀ ਪ੍ਰਾਰਥਨਾਵਾਂ ਵਿੱਚ ਵੱਖ-ਵੱਖ ਧਰਮਾਂ ਦੇ ਵਚਨ ਅਤੇ ਸ਼ਬਦ ਗਾਏ ਜਾਂਦੇ ਸਨ ਅਤੇ ਇਹ ਸਾਡੇ ਸੰਤਾਪੇ ਸਮਿਆਂ ਦੀ ਇੱਕ ਯਾਦ ਰੱਖਣ ਲਾਇਕ ਬੇਮਿਸਾਲ ਕਾਢ ਸੀ।

ਨਾਸਤਿਕਾਂ ਦੇ ਉਲਟ ਗਾਂਧੀ ਇਹ ਸਵੀਕਾਰ ਕਰਨ ਲਈ ਤਿਆਰ ਸਨ ਕਿ ਕੋਈ ਅਜਿਹੀ ਸ਼ਕਤੀ ਜਾਂ ਆਤਮਾ ਹੈ ਜੋ ਮਨੁੱਖੀ ਗਿਆਨ ਤੋਂ ਪਰ੍ਹੇ ਹੈ। ਆਸਤਿਕਾਂ ਤੋਂ ਉਲਟ ਉਹ ਇਹ ਵਿਸ਼ਵਾਸ ਨਹੀਂ ਕਰਦੇ ਸਨ ਕਿ ਉਨ੍ਹਾਂ ਦਾ ਧਰਮ ਰੱਬ ਤੱਕ ਅੱਪੜਨ ਦਾ ਕੋਈ ਖ਼ਾਸ ਅਤੇ ਉੱਤਮ ਰਾਹ ਮੁਹੱਈਆ ਕਰਾਉਂਦਾ ਹੈ। ਸਤੰਬਰ 1924 ਵਿੱਚ ਉਨ੍ਹਾਂ ਇੱਕ ਲੇਖ ‘ਗੌਡ ਇਜ਼ ਵਨ’ (ਪਰਮਾਤਮਾ ਇੱਕ ਹੈ) ਲਿਖਿਆ ਜਿਸ ਵਿੱਚ ਉਨ੍ਹਾਂ ਕਿਹਾ: ‘ਹਿੰਦੋਸਤਾਨ ’ਚੋਂ ਇਸਲਾਮ, ਇਸਾਈਅਤ ਜਾਂ ਯਹੂਦੀਅਤ ਨਿਕਲ ਜਾਣ ਦੀ ਖ਼ਾਹਿਸ਼ ਉਵੇਂ ਦਾ ਹੀ ਫਜ਼ੂਲ ਸੁਪਨਾ ਹੈ ਜਿਵੇਂ ਮੁਸਲਮਾਨਾਂ ਦੀ ਕਲਪਨਾ ਹੈ ਕਿ ਦੁਨੀਆ ’ਚ ਸਿਰਫ਼ ਇਸਲਾਮ ਦਾ ਰਾਜ ਹੋਵੇਗਾ... ਸੱਚ ਕਿਸੇ ਇੱਕ ਧਰਮ ਪੁਸਤਕ ਦੀ ਸੰਪਤੀ ਨਹੀਂ ਹੈ।’

ਇਸ ਤਰ੍ਹਾਂ ਦੇ ਤਸਦੀਕੀਕਰਨ ਨੂੰ ਰੱਦ ਕਰ ਕੇ ਗਾਂਧੀ ਧਰਮ ਪਰਿਵਰਤਨ ਦੇ ਕਾਰਜਾਂ ਦੇ ਆਲੋਚਕ ਬਣ ਗਏ ਸਨ ਜੋ ਭਾਵੇਂ ਹਿੰਦੂ ਕਰਨ ਜਾਂ ਫਿਰ ਮੁਸਲਮਾਨਾਂ ਜਾਂ ਇਸਾਈਆਂ ਵੱਲੋਂ ਕੀਤੇ ਜਾਂਦੇ ਹੋਣ। ਇੱਕ ਵਾਰ ਉਨ੍ਹਾਂ ਲਿਖਿਆ ਸੀ: ‘ਮਿਸ਼ਨਰੀ ਕਾਰਜਾਂ ਦੀ ਜੜ੍ਹ ਵਿੱਚ ਇਹ ਧਾਰਨਾ ਵੀ ਪਈ ਹੁੰਦੀ ਹੈ ਕਿ ਕਿਸੇ ਵਿਅਕਤੀ ਦਾ ਆਪਣਾ ਵਿਸ਼ਵਾਸ ਨਾ ਕੇਵਲ ਉਸ ਲਈ ਸੱਚ ਹੁੰਦਾ ਹੈ ਸਗੋਂ ਸਮੁੱਚੇ ਜਗਤ ਲਈ ਵੀ ਸੱਚ ਹੁੰਦਾ ਹੈ; ਜਦੋਂਕਿ ਸਚਾਈ ਇਹ ਹੈ ਕਿ ਰੱਬ ਲੱਖਾਂ ਰੂਪਾਂ ਵਿੱਚ ਸਾਡੇ ਤੱਕ ਅੱਪੜਦਾ ਹੈ ਜਿਨ੍ਹਾਂ ਦੀ ਸਾਨੂੰ ਕੋਈ ਸਮਝ ਨਹੀਂ ਹੁੰਦੀ’। ਆਪਣੀ ਗੱਲ ਕਰਦਿਆਂ ਗਾਂਧੀ ਨੇ ਕਿਹਾ ਕਿ ‘ਮੇਰੀ ਅਜਿਹੀ ਕੋਈ ਭਾਵਨਾ ਨਹੀਂ ਹੈ ਕਿ ਅਧਿਆਤਮਿਕ ਤੌਰ ’ਤੇ ਮੈਂ ਕਿਸੇ ਕਥਿਤ ਵਹਿਸ਼ੀ ਨਾਲੋਂ ਲਾਜ਼ਮੀ ਤੌਰ ’ਤੇ ਜ਼ਿਆਦਾ ਸ਼੍ਰੇਸ਼ਠ ਹਾਂ ਤੇ ਅਧਿਆਤਮਿਕ ਸ਼੍ਰੇਸ਼ਠਤਾ ਇੱਕ ਖ਼ਤਰਨਾਕ ਅਹਿਸਾਸ ਹੁੰਦੀ ਹੈ।’

ਆਪਣੇ ਤੋਂ ਇਲਾਵਾ ਹੋਰਨਾਂ ਧਰਮਾਂ ਪ੍ਰਤੀ ਸਤਿਕਾਰ ਦੂਜੇ ਧਰਮਾਂ ਦੇ ਲੋਕਾਂ ਨਾਲ ਮੇਲ-ਮਿਲਾਪ ਦੀ ਚਾਹਤ ਪੈਦਾ ਕਰਦਾ ਹੈ, ਪਰ ਗਾਂਧੀ ਲਈ ਇਹ ਮਾਮਲਾ ਕੋਈ ਨਿੱਜੀ ਚੋਣ ਮਾਤਰ ਨਹੀਂ ਸੀ ਸਗੋਂ ਇੱਕ ਸਿਆਸੀ ਕਰਮ ਵੀ ਸੀ। 1941 ਵਿੱਚ ਗਾਂਧੀ ਨੇ ਤੀਹ ਪੰਨਿਆਂ ਦਾ ਇੱਕ ਕਿਤਾਬਚਾ ਛਾਪਿਆ ਜਿਸ ਵਿੱਚ ਇੱਕ ‘ਉਸਾਰੂ ਪ੍ਰੋਗਰਾਮ’ ਦਾ ਵਰਣਨ ਕੀਤਾ ਗਿਆ ਸੀ ਜਿਸ ਨੂੰ ਕਾਂਗਰਸ ਪਾਰਟੀ ਦੇ ਹਰੇਕ ਮੈਂਬਰ ਲਈ ਅਪਣਾਉਣਾ ਜ਼ਰੂਰੀ ਸੀ। ਇਸ ਵਿੱਚ ਜੋ ਵਿਸ਼ੇ ਦਰਜ ਕੀਤੇ ਗਏ ਸਨ ਉਨ੍ਹਾਂ ਵਿੱਚ ਛੂਆਛਾਤ ਦਾ ਖਾਤਮਾ, ਖਾਦੀ ਨੂੰ ਹੱਲਾਸ਼ੇਰੀ, ਔਰਤਾਂ ਦਾ ਉਥਾਨ ਅਤੇ ਆਰਥਿਕ ਸਮਾਨਤਾ ਦੀ ਪੈਰਵੀ ਸ਼ਾਮਿਲ ਸਨ।

ਅਹਿਮ ਗੱਲ ਇਹ ਸੀ ਕਿ ਪ੍ਰੋਗਰਾਮ ਦਾ ਪਹਿਲਾ ਤੱਤ ਫ਼ਿਰਕੂ ਸਦਭਾਵਨਾ ਸੀ। ਗਾਂਧੀ ਨੇ ਲਿਖਿਆ ਕਿ ‘ਫ਼ਿਰਕੂ ਏਕਤਾ ਹਾਸਿਲ ਕਰਨ ਲਈ ਪਹਿਲੀ ਜ਼ਰੂਰੀ ਚੀਜ਼ ਇਹ ਹੈ ਕਿ ਹਰੇਕ ਕਾਂਗਰਸੀ ਭਾਵੇਂ ਉਸ ਦਾ ਕੋਈ ਵੀ ਧਰਮ ਹੋਵੇ ਉਹ ਨਿੱਜੀ ਤੌਰ ’ਤੇ ਹਿੰਦੂ, ਮੁਸਲਿਮ, ਇਸਾਈ, ਪਾਰਸੀ, ਯਹੂਦੀ ਆਦਿ ਸੰਖੇਪ ਵਿੱਚ ਹਰੇਕ ਹਿੰਦੂ ਤੇ ਗ਼ੈਰ-ਹਿੰਦੂ ਦੀ ਨੁਮਾਇੰਦਗੀ ਕਰੇ। ਉਸ ਨੂੰ ਹਿੰਦੋਸਤਾਨ ਦੇ ਕਰੋੜਾਂ ਲੋਕਾਂ ’ਚੋਂ ਹਰੇਕ ਨਾਲ ਇਕਮਿਕ ਹੋਣ ਦਾ ਅਹਿਸਾਸ ਹੋਣਾ ਜ਼ਰੂਰੀ ਹੈ। ਇਹ ਅਹਿਸਾਸ ਜਗਾਉਣ ਲਈ ਹਰੇਕ ਕਾਂਗਰਸੀ ਨੂੰ ਆਪਣੇ ਧਰਮ ਤੋਂ ਜੁਦਾ ਹੋਰਨਾਂ ਧਰਮਾਂ ਦੇ ਲੋਕਾਂ ਨਾਲ ਨਿੱਜੀ ਦੋਸਤੀਆਂ ਪਾਉਣ ਦੀ ਲੋੜ ਹੋਵੇਗੀ। ਉਸ ਨੂੰ ਹੋਰਨਾਂ ਧਰਮਾਂ ਪ੍ਰਤੀ ਉਹੋ ਜਿਹਾ ਭਾਵ ਰੱਖਣਾ ਪਵੇਗਾ ਜੋ ਆਪਣੇ ਧਰਮ ਲਈ ਰੱਖਦਾ ਹੈ।’

ਇਹ ਅਸੂਲ ਗਾਂਧੀ ਨੇ ਖ਼ੁਦ ਘੜਿਆ ਸੀ। ਗਾਂਧੀ ਦੇ ਗ਼ੈਰ-ਹਿੰਦੂ ਕਰੀਬੀ ਦੋਸਤਾਂ ਅਤੇ ਸਾਥੀਆਂ ਦੀ ਇੱਕ ਬਹੁਤ ਹੀ ਅੰਸ਼ਕ ਜਿਹੀ ਸੂਚੀ ਇਸ ਪ੍ਰਕਾਰ ਹੈ:

ਮੁਸਲਿਮ ਅਬਦੁਲ ਕਾਦਿਰ ਬਾਵਾਜ਼ੀਰ, ਏ.ਐਮ. ਕਚਾਲੀਆ, ਅਬੁਲ ਕਲਾਮ ਆਜ਼ਾਦ, ਜ਼ਾਕਿਰ ਹੁਸੈਨ, ਆਸਫ਼ ਅਲੀ ਅਤੇ ਰਾਇਹਾਨਾ ਤਈਅਬਜੀ; ਇਸਾਈ ਜੋਸੀਆ ਓਲਡਫੀਲਡ, ਜੋਸਫ ਡੋਕ, ਸੀ.ਐਫ. ਐਂਡ੍ਰਿਊਜ਼, ਜੇ.ਸੀ. ਕੁਮਾਰੱਪਾ, ਮੁਰੀਅਲ ਲੈਸਟਰ ਅਤੇ ਰਾਜਕੁਮਾਰੀ ਅੰਮ੍ਰਿਤ ਕੌਰ; ਪਾਰਸੀ ਦਾਦਾਭਾਈ ਨਾਰੋਜੀ, ਜੀਵਨਜੀ ਗੋਰਕੂਦੂ ਰੁਸਤਮਜੀ ਅਤੇ ਖੁਰਸ਼ੀਦ ਨਾਰੋਜੀ; ਯਹੂਦੀ ਹਰਮਨ ਕੈਲਨਬਾਖ, ਸੋਨੀਆ ਸਲੈਸਿਨ, ਹੈਨਰੀ ਪੋਲਕ ਅਤੇ ਐਲ ਡਬਲਯੂ ਰਿਚ; ਜੈਨ ਪ੍ਰਾਨਜੀਵਨ ਮਹਿਤਾ ਅਤੇ ਰਾਇਚੰਦ; ਨਾਸਤਿਕ ਜੀ ਰਾਮਚੰਦਰ ਰਾਓ (ਗੋਰਾ)।

ਇਸ ਲੰਮੀ-ਚੌੜੀ ਸੂਚੀ ਵਿੱਚ ਇੱਕ ਘਾਟ ਹੈ। ਸੰਭਵ ਹੈ ਕਿ ਪੰਜਾਬ ਨਾਲ ਉਨ੍ਹਾਂ ਦੇ ਸਰੋਕਾਰ ਘੱਟ ਸਨ, ਗਾਂਧੀ ਦਾ ਕੋਈ ਕਰੀਬੀ ਸਿੱਖ ਦੋਸਤ ਨਹੀਂ ਸੀ (ਭਾਵੇਂ ਅੰਮ੍ਰਿਤ ਕੌਰ ਦਾ ਪਰਿਵਾਰ ਮੂਲ ਰੂਪ ’ਚ ਸਿੱਖ ਸੀ)। ਫੇਰ ਵੀ ਇਹ ਇੱਕ ਨਿਗੂਣਾ ਜਿਹਾ ਔਗੁਣ ਸੀ, ਖ਼ਾਸ ਤੌਰ ’ਤੇ ਜਦੋਂ ਗਾਂਧੀ ਨੂੰ ਉਨ੍ਹਾਂ ਦੇ ਮਹਾਨ ਪੱਛਮੀ ਸਮਕਾਲੀਆਂ ਨਾਲ ਮਿਲਾ ਕੇ ਦੇਖਿਆ ਜਾਵੇ – ਚਰਚਿਲ,

ਰੂਜ਼ਵੈਲਟ, ਡੀ ਗਾੱਲ ਆਦਿ, ਜਿਨ੍ਹਾਂ ਦੇ ਮਿੱਤਰ ਜੇਕਰ ਸਾਰੇ ਨਹੀਂ ਤਾਂ ਬਹੁਤੇ ਉਨ੍ਹਾਂ ਦੇ ਆਪਣੇ ਇਸਾਈ ਮਤ ਵਿੱਚੋਂ ਹੀ ਸਨ।

ਪਹਿਲੀ ਨਜ਼ਰੇ ਜਾਪਦਾ ਹੈ ਕਿ ਗਾਂਧੀ ਧਾਰਮਿਕ ਬਹੁਵਾਦ ਦੇ ਆਪਣੇ ਟੀਚੇ ਦੀ ਪੂਰਤੀ ਵਿੱਚ ਨਾਕਾਮ ਹੋ ਗਏ। ਇਸ ਨੇ ਇੱਕ ਇਸਲਾਮਿਕ ਮੁਲਕ- ਪਾਕਿਸਤਾਨ ਬਣਨ ਤੋਂ ਨਹੀਂ ਰੋਕਿਆ ਅਤੇ ਜਿਹੜਾ ਭਾਰਤ ਬਚਿਆ, ਉਸ ਵਿੱਚ ਉਸ (ਗਾਂਧੀ) ਦੇ ਸਿਆਸੀ ਜਾਂਨਸ਼ੀਨ ਜਵਾਹਰਲਾਲ ਨਹਿਰੂ ਨੇ ਜਿਹੜੀ ਅੰਤਰ-ਧਰਮ ਸਹਿਣਸ਼ੀਲਤਾ ਦੀ ਪ੍ਰਥਾ ਚਲਾਈ, ਉਹ ਲੰਮਾ ਸਮਾਂ ਪਹਿਲਾਂ ਰਾਖ ਦਾ ਢੇਰ ਹੋ ਗਈ। ਹਿੰਦੂਤਵ, ਜਿਹੜਾ ਹਿੰਦੂ ਪਾਕਿਸਤਾਨ ਬਣਾਉਣਾ ਚਾਹੁੰਦਾ ਹੈ, ਜੇ ਹਾਵੀ ਨਹੀਂ ਤਾਂ ਪ੍ਰਭਾਵੀ ਜ਼ਰੂਰ ਹੈ।

ਦੂਜੇ ਪਾਸੇ, ਇਹ ਸ਼ਾਇਦ ਗਾਂਧੀ ਦੀ ਪ੍ਰਤੱਖ ਹਾਰ ਹੀ ਹੈ ਜੋ ਉਸ ਦੀ ਵਿਰਾਸਤ ਦੇ ਨਵੀਨੀਕਰਨ ਨੂੰ ਭਾਰਤ ਤੇ ਭਾਰਤੀਆਂ ਲਈ ਹੋਰ ਜ਼ਿਆਦਾ ਲਾਜ਼ਮੀ ਬਣਾ ਰਹੀ ਹੈ। ਇਸਲਾਮਿਕ ਬਹੁਗਿਣਤੀਵਾਦ ਦੇ ਦਾਅਵੇ ਨਾਲ ਪਾਕਿਸਤਾਨ ਦੇ ਲੋਕ ਜ਼ਿਆਦਾ ਖੁਸ਼ਹਾਲ ਜਾਂ ਸ਼ਾਂਤੀਪੂਰਨ ਨਹੀਂ ਬਣ ਸਕੇ। ਨਾ ਹੀ ਬੋਧੀ ਬਹੁਗਿਣਤੀਵਾਦ ਸ੍ਰੀਲੰਕਾ ਵਿੱਚ ਕੋਈ ਖ਼ੁਸ਼ੀ ਲਿਆ ਸਕਿਆ ਹੈ। ਇਸ ਲਈ ਸਿਆਸਤਦਾਨਾਂ ਦੇ ਨਾਲ-ਨਾਲ ਆਮ ਆਦਮੀ ਲਈ ਵੀ ਸ਼ਾਇਦ ਇਹ ਜ਼ਰੂਰੀ ਹੈ ਕਿ ਉਹ ਸਰਹੱਦਾਂ ਦੇ ਪਾਰ ਮਿੱਤਰਤਾ ਵਧਾਏ ਜੋ ਕਿ ਗਣਰਾਜ ਦੀ ਤੰਦਰੁਸਤੀ ਬਹਾਲ ਕਰਨ ਵੱਲ ਪਹਿਲਾ ਕਦਮ ਹੋ ਸਕਦਾ ਹੈ।

# ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਦੇ ਬਹਾਨੇ ਹੁੰਦਾ ਨਿੱਜੀਕਰਨ

ਲਿਖਤ : ਡਾ. ਕੁਲਦੀਪ ਪੁਰੀ
ਫੋਨ: +91-98729-44552

ਕੌਮੀ ਸਿੱਖਿਆ ਨੀਤੀ-2020 ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਖ਼ੁਦਮੁਖ਼ਤਾਰੀ ਨੂੰ ਵਧੇਰੇ ਅਸਰਦਾਰ ਬਣਾਉਣ ਦੇ ਪੱਖ ਵਿਚ ਹੋਣ ਦਾ ਦਾਅਵਾ ਕਰਦੀ ਹੈ। ਇਸੇ ਕੜੀ ਵਿਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਦੇਣ ਅਤੇ ਅਕਾਦਮਿਕ ਮਿਆਰਾਂ ਨੂੰ ਯਕੀਨੀ ਬਣਾਈ ਰੱਖਣ ਬਾਰੇ ਦਿਸ਼ਾ ਨਿਰਦੇਸ਼ਾਂ ਦੀ ਨੋਟੀਫਿਕੇਸ਼ਨ ਅਪਰੈਲ 2023 ਵਿਚ ਜਾਰੀ ਕੀਤੀ ਜਿਸ ਨੇ ਯੂ.ਜੀ.ਸੀ. ਵੱਲੋਂ ਫਰਵਰੀ 2018 ਵਿਚ ਜਾਰੀ ਕੀਤੀ ਨੋਟੀਫਿਕੇਸ਼ਨ ਦੀ ਥਾਂ ਲਈ। ਉਚ ਸਿੱਖਿਆ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਦੇ ਪ੍ਰਸੰਗ ਵਿਚ ਇਨ੍ਹਾਂ ਦਸਤਾਵੇਜ਼ਾਂ ਵਿਚਲੇ ਨੀਤੀ ਕਥਨ ਅਤੇ ਦਿਸ਼ਾ-ਨਿਰਦੇਸ਼ ਚਿੰਤਨ ਦਾ ਵਿਸ਼ਾ ਹਨ। ਸਿੱਖਿਆ ਨੀਤੀ ਅਨੁਸਾਰ ਡਿਗਰੀ ਦੇਣ ਵਾਲੇ ਖ਼ੁਦਮੁਖ਼ਤਾਰ ਕਾਲਜ ਮੁੱਖ ਤੌਰ ’ਤੇ ਅੰਡਰ-ਗ੍ਰੈਜੂਏਟ ਪੱਧਰ ਦੀ ਪੜ੍ਹਾਈ ’ਤੇ ਹੀ ਕੇਂਦਰਿਤ ਹੋਣਗੇ ਪਰ ਇਹ ਇੱਥੋਂ ਤੱਕ ਹੀ ਸੀਮਿਤ ਨਹੀਂ ਰਹਿਣਗੇ (ਪੈਰਾ 10.3, ਸਿੱਖਿਆ ਨੀਤੀ)। ਨਿਯਮਾਂ ਮੁਤਾਬਕ ਇਹ ਕਾਲਜ ਪੋਸਟ-ਗ੍ਰੈਜੂਏਟ ਅਤੇ ਪੀਐੱਚਡੀ ਪੱਧਰ ਦੀ ਪੜ੍ਹਾਈ ਵੀ ਕਰਵਾ ਸਕਣਗੇ। ਇਹ ਕਾਲਜ ਬਹੁ ਵਿਸ਼ਾਈ ਅਤੇ ਵੱਡੇ ਆਕਾਰ ਵਾਲੇ ਹੋਣਗੇ। ਹਰ ਉਚੇਰੀ ਸਿੱਖਿਆ ਸੰਸਥਾ ਕੋਸ਼ਿਸ਼ ਕਰੇਗੀ ਕਿ ਵਿਦਿਆਰਥੀ ਦਾਖਲੇ ਤਿੰਨ ਹਜ਼ਾਰ ਜਾਂ ਉਸ ਤੋਂ ਵੀ ਉਪਰ ਤੱਕ ਪਹੁੰਚਣ (ਪੈਰਾ 10.1, ਸਿੱਖਿਆ ਨੀਤੀ)। ਹੌਲੀ-ਹੌਲੀ ਯੂਨੀਵਰਸਿਟੀਆਂ ਨਾਲ ਕਾਲਜਾਂ ਦੀ ਐਫਿਲੀਏਸ਼ਨ ਦੀ ਰਵਾਇਤ ਬੰਦ ਕਰਨ ਵੱਲ ਕਦਮ ਚੁਕੇ ਜਾਣਗੇ (ਪੈਰਾ 10.12, ਸਿੱਖਿਆ ਨੀਤੀ)। ਹਰ ਕਾਲਜ ਦੀ ਆਪਣੀ ਗਵਰਨਿੰਗ ਬਾਡੀ ਹੋਵੇਗੀ ਜਿਹੜੀ ਵਰਤਮਾਨ ਪ੍ਰਬੰਧਕ ਕਮੇਟੀਆਂ ਤੋਂ ਵੱਖਰੀ ਹੋਵੇਗੀ। ਇਸ ਤੋਂ ਇਲਾਵਾ ਵਿਧਾਨਕ ਰੁਤਬਾ ਰੱਖਦੀਆਂ ਅਕਾਦਮਿਕ ਕੌਂਸਲ, ਬੋਰਡ ਆਫ ਸਟੱਡੀਜ਼ ਅਤੇ ਵਿੱਤ ਕਮੇਟੀ ਬਣਾਈਆਂ ਜਾਣਗੀਆਂ (ਪੈਰਾ 12.1, ਯੂ.ਜੀ.ਸੀ.-2023)। ਕਾਲਜ ਦੀਆਂ ਇਨ੍ਹਾਂ ਕਮੇਟੀਆਂ ਦੀਆਂ ਤਿਆਰ ਕੀਤੀਆਂ ਅਕਾਦਮਿਕ, ਪ੍ਰਸ਼ਾਸਨਿਕ ਅਤੇ ਵਿੱਤੀ ਯੋਜਨਾਵਾਂ ਪ੍ਰਵਾਨ ਕਰਨ ਦਾ ਅਧਿਕਾਰ ਗਵਰਨਿੰਗ ਬਾਡੀ ਕੋਲ ਹੋਵੇਗਾ (ਪੈਰਾ 12.3, ਯੂ.ਜੀ.ਸੀ.-2023)। ਕਾਲਜਾਂ ਦੀ ਖ਼ੁਦਮੁਖ਼ਤਾਰੀ ਦੀ ਜ਼ਮੀਨ ਇੱਥੋਂ ਹੀ ਤਿਆਰ ਹੁੰਦੀ ਹੈ ਜਿਸ ਦੇ ਅਕਾਦਮਿਕ ਅਤੇ ਆਰਥਿਕ ਪਸਾਰਾਂ ਨੂੰ ਘੋਖਣਾ ਜ਼ਰੂਰੀ ਹੈ। ਖ਼ੁਦਮੁਖ਼ਤਾਰ ਕਾਲਜ ਯੂ.ਜੀ.ਸੀ. ਦੇ ਨਿਯਮਾਂ ਅਨੁਸਾਰ ਚੱਲ ਰਹੇ ਕੋਰਸਾਂ ਤੇ ਪ੍ਰੋਗਰਾਮਾਂ ਦੀ ਇਸ ਤੋਂ ਇਹ ਭਾਵ ਹੈ ਕਿ ਸਾਰੀਆਂ ਯੂਨੀਵਰਸਿਟੀਆਂ ਵਿਚ ਕੋਰਸਾਂ ਦੇ ਮੁੱਖ ਪੇਪਰਾਂ ਦਾ 80% ਸਿਲੇਬਸ ਲੱਗਭਗ ਇੱਕੋ ਜਿਹਾ ਹੋਵੇਗਾ। ਹਾਲਾਂਕਿ ਮੁੱਖ ਪੇਪਰਾਂ ਤੋਂ ਛੁੱਟ ਬਾਕੀ ਚੋਣਵੇਂ ਅਤੇ ਹੋਰ ਵਿਸ਼ਿਆਂ ਵਿਚ ਯੂਨੀਵਰਸਿਟੀਆਂ ਨੂੰ ਆਪਣੀ ਮਰਜ਼ੀ ਦਾ ਸਿਲੇਬਸ ਤਿਆਰ ਕਰਨ ਦੀ ਆਜ਼ਾਦੀ ਹੋਵੇਗੀ। ਇਹ ਪੱਖ ਵਿਵਾਦਾਂ ਤੋਂ ਪਰ੍ਹੇ ਹੈ ਕਿ ਮਿਆਰ ਕਾਇਮ ਰੱਖਣ ਲਈ ਤੈਅ ਕੌਮੀ ਮਾਪਦੰਡਾਂ ’ਤੇ ਪੂਰਾ ਉਤਰਨਾ ਜ਼ਰੂਰੀ ਹੈ ਲੇਕਿਨ ਕੇਂਦਰੀ ਪੱਧਰ ’ਤੇ ਨਿਰਧਾਰਿਤ ਸਮੀਖਿਆ ਕਰ ਸਕਣਗੇ ਅਤੇ ਆਪਣੇ ਤੌਰ ’ਤੇ ਨਵੇਂ ਕੋਰਸ ਤੇ ਉਨ੍ਹਾਂ ਦਾ ਪਾਠਕ੍ਰਮ ਤਜਵੀਜ਼ ਕਰਨ ਵਿਚ ਸੁਤੰਤਰ ਹੋਣਗੇ। ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਦੇ ਮੁਲਾਂਕਣ ਦੇ ਤਰੀਕੇ ਵਿਕਸਤ ਕਰਨ, ਇਮਤਿਹਾਨਾਂ ਕਰਵਾਉਣ ਅਤੇ ਨਤੀਜਿਆਂ ਦੇ ਐਲਾਨ ਦੀ ਜ਼ਿੰਮੇਵਾਰੀ ਕਾਲਜਾਂ ਦੀ ਹੋਵੇਗੀ। ਡਿਗਰੀ ਜਿਸ ਉਪਰ ਕਾਲਜ ਦਾ ਨਾਂ ਦਰਜ ਹੋਵੇਗਾ, ਉਸ ਯੂਨੀਵਰਸਿਟੀ ਦੁਆਰਾ ਦਿੱਤੀ ਜਾਵੇਗੀ ਜਿਸ ਨਾਲ ਕਾਲਜ ਦੀ ਐਫਿਲੀਏਸ਼ਨ ਹੈ (ਪੈਰੇ 3.1,3.3 ਤੇ 3.4, ਯੂ.ਜੀ.ਸੀ.-2023)। ਸਿੱਖਿਆ ਨੀਤੀ ਦਾ ਮੰਨਣਾ ਹੈ ਕਿ ਅਧਿਆਪਕਾਂ ਦੀ ਅਕਾਦਮਿਕ ਆਜ਼ਾਦੀ ਉਨ੍ਹਾਂ ਦੇ ਕੰਮ ਨੂੰ ਉਤਮਤਾ ਦੇਵੇਗੀ। ਸਿੱਖਿਆ ਨੀਤੀ ਅਧਿਆਪਕਾਂ ਨੂੰ ਪਾਠ ਪੁਸਤਕਾਂ ਅਤੇ ਪੜ੍ਹਨ ਸਮੱਗਰੀ ਦੀ ਚੋਣ, ਪੜ੍ਹਾਉਣ ਲਈ ਅਪਨਾਉਣ ਵਾਲੀ ਪਹੁੰਚ ਅਤੇ ਸੱਜਰੇ ਵਿਸ਼ਿਆਂ ’ਤੇ ਖੋਜ ਕਰਨ ਦੀ ਸੁਤੰਤਰਤਾ ਦੇਣ ਦੀ ਹਾਮੀ ਹੈ ਲੇਕਿਨ ਇਹ ਸਾਰੇ ਕਾਰਜ ਉਹ ਨਿਰਧਾਰਿਤ ਢਾਂਚੇ ਦੇ ਦਾਇਰੇ ਵਿਚ ਹੀ ਕਰ ਸਕਣਗੇ (ਪੈਰਾ 13.4, ਸਿੱਖਿਆ ਨੀਤੀ)। ਕਾਲਜਾਂ ਵੱਲੋਂ ਸੁਝਾਏ ਨਵੇਂ ਕੋਰਸਾਂ ਵਿਚ ਘੰਟਿਆਂ ਦੀ ਸੰਖਿਆ, ਪਾਠਕ੍ਰਮ ਦੀ ਸਮੱਗਰੀ ਅਤੇ ਮਿਆਰਾਂ ਦੇ ਪ੍ਰਸੰਗ ਵਿਚ ਸੰਬੰਧਿਤ ਯੂਨੀਵਰਸਿਟੀ/ਯੂ.ਜੀ.ਸੀ./ਵਿਧਾਨਕ ਕੌਂਸਲ ਦੁਆਰਾ ਨਿਰਧਾਰਿਤ ਘੱਟੋ-ਘੱਟ ਮਾਪਦੰਡਾਂ ਦੀ ਪਾਲਣਾ ਕੀਤੀ ਜਾਵੇਗੀ ਅਤੇ ‘ਵਰਸਿਟੀ ਨੂੰ ਅਜਿਹੇ ਕੋਰਸਾਂ ਬਾਰੇ ਪੂਰੀ ਤਰ੍ਹਾਂ ਸੂਚਿਤ ਕੀਤਾ ਜਾਵੇਗਾ। ਚੌਇਸ ਬੇਸਡ ਕ੍ਰੈਡਿਟ ਸਿਸਟਮ ਨੂੰ ਉਚੇਰੀ ਸਿੱਖਿਆ ਵਿਚ ਮੁੱਖ ਸੁਧਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਯੂ.ਜੀ.ਸੀ. ਦੀ ‘ਨੈਸ਼ਨਲ ਕ੍ਰੈਡਿਟ ਫਰੇਮਵਰਕ’ ਦੀ ਅਪਰੈਲ 2023 ਦੀ ਰਿਪੋਰਟ ਅਨੁਸਾਰ ਵਿਦਿਆਰਥੀ ਆਪਣੀ ਪਸੰਦ ਦੇ ਕੋਰਸ ਆਪਣੀ ਰਫ਼ਤਾਰ ਨਾਲ ਪੂਰੇ ਕਰ ਕੇ ਲੋੜੀਂਦੇ ਕ੍ਰੈਡਿਟ ਪ੍ਰਾਪਤ ਕਰ ਸਕਦੇ ਹਨ। ਇਸ ਰਿਪੋਰਟ ਵਿਚ ਚੌਇਸ ਬੇਸਡ ਕ੍ਰੈਡਿਟ ਯੋਜਨਾ ਅਧੀਨ ਅੰਡਰ-ਗ੍ਰੈਜੂਏਟ ਕੋਰਸਾਂ ਲਈ ਘੱਟੋ-ਘੱਟ ਪਾਠਕ੍ਰਮ ਅਤੇ ਇਸ ਨੂੰ ਲਾਗੂ ਕਰਨ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ ਹੈ (ਪੰਨਾ 18 ’ਤੇ ਲਿੰਕ)। ਯੂਨੀਵਰਸਿਟੀਆਂ ਦੁਆਰਾ ਇਸ ਯੋਜਨਾ ਦਾ ਹਿੱਸਾ ਬਣਨ ਲਈ ਜ਼ਰੂਰੀ ਹੋਵੇਗਾ ਕਿ ਸਾਰੀਆਂ ਸੰਬੰਧਿਤ ਧਿਰਾਂ ਕੋਰਸਾਂ ਦੇ ਮੁੱਖ () ਪੇਪਰਾਂ ਵਿਚ ਯੂ.ਜੀ.ਸੀ. ਦੁਆਰਾ ਤੈਅ ਕੀਤੇ ਸਾਂਝੇ ਘੱਟੋ-ਘੱਟ ਪਾਠਕ੍ਰਮ ਅਤੇ ਸਿਲੇਬਸ ਨੂੰ ਅਪਨਾਉਣ ਲਈ ਸਹਿਮਤ ਹੋਣ। ਇਹ ਸੰਭਵ ਹੈ ਕਿ ਸਥਾਨਕ ਸੱਭਿਆਚਾਰ ਅਤੇ ਵਿਰਸੇ ਦੀ ਬਣਦੀ ਨੁਮਾਇੰਦਗੀ ਲਈ ਮੁੱਖ ਪੇਪਰਾਂ ਦੇ ਸਾਂਝੇ ਪਾਠਕ੍ਰਮ ਅਤੇ ਸਿਲੇਬਸ ਵਿਚ ਤਬਦੀਲੀ ਦੀ ਜ਼ਰੂਰਤ ਹੋਵੇ। ਇਸ ਸਥਿਤੀ ਵਿਚ ਇਹ ਤਬਦੀਲੀ ਤੈਅ ਪਾਠਕ੍ਰਮ ਦੇ 20% ਤੋਂ ਵੱਧ ਨਹੀਂ ਕੀਤੀ ਜਾ ਸਕੇਗੀ। ਪਾਠਕ੍ਰਮ ਤੇ ਸਿਲੇਬਸ ਨੂੰ ਅੰਸ਼-ਮਾਤਰ ਅੰਤਰ ਨਾਲ ਇੰਨ-ਬਿੰਨ ਲਾਗੂ ਕਰਨ ਦੀ ਸ਼ਰਤ ਅਕਾਦਮਿਕ ਸੁਤੰਤਰਤਾ ਦੀ ਕਸਵੱਟੀ ’ਤੇ ਖਰੀ ਨਹੀਂ ਉਤਰਦੀ। ਇਹ ਵਰਤਾਰਾ ਵੰਨ-ਸਵੰਨੇ ਸੱਭਿਆਚਾਰਕ ਵਿਰਸਿਆਂ ਵਾਲੇ ਮੁਲਕ ’ਚ ਪੜ੍ਹਾਏ ਜਾਣ ਵਾਲੇ ਪਾਠਕ੍ਰਮ ਤੇ ਸਿੱਖਿਆ ਸੰਸਥਾਵਾਂ ਦੀ ਵਿਲੱਖਣ ਪਛਾਣ ਵਿਚ ਅਕਾਉਣ ਵਾਲੀ ਇੱਕਸਾਰਤਾ ਲਿਆਉਣ ਦੇ ਤੁੱਲ ਹੈ। ਖ਼ੁਦਮੁਖ਼ਤਾਰ ਕਾਲਜਾਂ ਨੂੰ ਰਾਜ ਸਰਕਾਰ ਜਾਂ ਸੰਬੰਧਿਤ ਵਿਧਾਨਕ ਕੌਂਸਲ ਦੇ ਬਣਾਏ ਮਾਪਦੰਡਾਂ ਅਨੁਸਾਰ ਆਪਣੇ ਪੱਧਰ ’ਤੇ ਫ਼ੀਸਾਂ ਤੈਅ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ (ਪੈਰਾ 3.7, ਯੂ.ਜੀ.ਸੀ. 2023)। ਸਿੱਖਿਆ ਨੀਤੀ ਲੋਕ ਸੇਵਾ ਦੀ ਭਾਵਨਾ ਤੋਂ ਪ੍ਰੇਰਿਤ ਨਿੱਜੀ ਸਿੱਖਿਆ ਸੰਸਥਾਵਾਂ ਨੂੰ ਅਗਾਂਹ ਮੁਖੀ ਪਹੁੰਚ ਅਪਨਾਉਂਦਿਆਂ ਫ਼ੀਸਾਂ ਨਿਰਧਾਰਿਤ ਕਰਨ ਲਈ ਉਤਸ਼ਾਹਿਤ ਕਰਨ ਦੀ ਇੱਛੁਕ ਹੈ। ਉਹ ਇਹ ਉਮੀਦ ਵੀ ਕਰਦੀ ਹੈ ਕਿ ਫ਼ੀਸਾਂ ਤੈਅ ਕਰਨ ਲੱਗਿਆਂ ਸੰਸਥਾਵਾਂ ਆਪਣੀ ਲਾਗਤ ਦੀ ਵਾਜਬ ਵਸੂਲੀ ਕਰਨ ਦੇ ਨਾਲ-ਨਾਲ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਵੀ ਤਤਪਰ ਹੋਣਗੀਆਂ (ਪੈਰਾ 18.14, ਸਿੱਖਿਆ ਨੀਤੀ)। ਸਿੱਖਿਆ ਵਿਚ ਵਪਾਰਕ ਰੁਝਾਨਾਂ ਉਪਰ ਲਗਾਮ ਲਾਉਣ ਦਾ ਨਿਸ਼ਚਾ ਕਰਦਿਆਂ ਸਿੱਖਿਆ ਨੀਤੀ ਵੱਲੋਂ ਆਰਥਿਕ ਅਤੇ ਸਮਾਜਿਕ ਪੱਖੋਂ ਪੱਛੜੇ ਵਰਗਾਂ ਪ੍ਰਤੀ ਜ਼ਿੰਮੇਵਾਰੀਆਂ ਨਿਭਾਉਣ ਦੀ ਉਮੀਦ ਮੱਧਮ ਪੈ ਜਾਵੇਗੀ। ਯੂ.ਜੀ.ਸੀ. ਦੀ 2018 ਦੀ ਨੋਟੀਫਿਕੇਸ਼ਨ ਵਿਚਲੀਆਂ ਦੋ ਮਹੱਤਵਪੂਰਨ ਮਦਾਂ 2023 ਵਾਲੀ ਨੋਟੀਫਿਕੇਸ਼ਨ ਵਿਚ ਸ਼ਾਮਿਲ ਨਹੀਂ। ਪਿਛਲੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਸੀ ਕਿ ਖ਼ੁਦਮੁਖ਼ਤਾਰ ਕਾਲਜ ਵਿਚ ਠੇਕਾ ਆਧਾਰਿਤ ਫੈਕਲਟੀ ਦੀ ਗਿਣਤੀ ਕਾਲਜ ਵਿਚ ਪ੍ਰਵਾਨਿਤ ਫੈਕਲਟੀ ਅਹੁਦਿਆਂ ਦੀ ਕੁੱਲ ਸੰਖਿਆ ਦੇ 10% ਤੋਂ ਵੱਧ ਨਹੀਂ ਹੋਣੀ ਚਾਹੀਦੀ (ਪੈਰਾ 9.7, ਯੂ.ਜੀ.ਸੀ. 2018)। ਇਹ ਮਦ ਹਟਾ ਦੇਣਾ ਕਾਲਜਾਂ ਨੂੰ ਖੁੱਲ੍ਹ ਦੇਣਾ ਹੈ ਕਿ ਉਹ ਚਾਹੇ ਸਾਰੇ ਹੀ ਅਧਿਆਪਕ ਠੇਕੇ ਉਪਰ ਨਿਯੁਕਤ ਕਰਨ। ਇਹ ਕਦਮ ਕਾਲਜਾਂ ਦੇ ਵਿੱਤੀ ਪ੍ਰਬੰਧ ਲਈ ਤਾਂ ਭਾਵੇਂ ਕੁਝ ਲਾਹੇਵੰਦ ਹੋਵੇ ਪਰ ਇਸ ਨਾਲ ਸੰਸਥਾਵਾਂ ਦੇ ਅਕਾਦਮਿਕ ਵਾਤਾਵਰਨ ਉਪਰ ਚੰਗੇ ਪ੍ਰਭਾਵ ਪੈਣ ਦੀ ਸੰਭਾਵਨਾ ਨਹੀਂ। ਇਹ ਕਦਮ ਨਾ ਸਿਰਫ਼ ਅਧਿਆਪਕਾਂ ਦੀ ਆਰਥਿਕ ਸਥਿਰਤਾ ਅਤੇ ਉਨ੍ਹਾਂ ਲਈ ਲੋੜੀਂਦੀ ਅਕਾਦਮਿਕ ਆਜ਼ਾਦੀ ਲਈ ਅਸੁਖਾਵਾਂ ਹੋਵੇਗਾ, ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਉਦੇਸ਼ ਦੀ ਵੱਡੀ ਹਾਨੀ ਦਾ ਸਬਬ ਵੀ ਬਣੇਗਾ। ਦੂਜੀ ਮਦ ਵਿਚ ਕਿਹਾ ਗਿਆ ਸੀ ਕਿ ਕਾਲਜ ਯੂ.ਜੀ.ਸੀ. ਦੇ ਜਾਰੀ ਤਿੰਨ ਦਿਸ਼ਾ-ਨਿਰਦੇਸ਼ਾਂ ਉਪਰ, ਬਿਨਾਂ ਕਿਸੇ ਕੋਤਾਹੀ ਦੇ, ਅਮਲ ਕਰਨ ਲਈ ਵਚਨਬੱਧ ਹੋਣਗੇ। ਇਹ ਅਹਿਮ ਦਿਸ਼ਾ-ਨਿਰਦੇਸ਼ (ੳ) ਉਚ ਸਿੱਖਿਆ ਸੰਸਥਾਵਾਂ ਵਿਚ ਰੈਗਿੰਗ ਦੇ ਖਤਰੇ ਨੂੰ ਰੋਕਣ ਦੇ ਨਿਯਮ-2012; (ਅ) ਉਚ ਸਿੱਖਿਆ ਸੰਸਥਾਵਾਂ ਵਿਚ ਬਰਾਬਰੀ ਵਧਾਉਣ ਦੇ ਨਿਯਮ-2012; ਤੇ (ੲ) ਸ਼ਿਕਾਇਤ ਨਿਵਾਰਨ ਨਿਯਮ-2012, ਨਾਲ ਸੰਬੰਧਿਤ ਹਨ (ਪੈਰਾ 6.4 (ﬁﬁ), ਯੂ.ਜੀ.ਸੀ. 2018)। ਨਵੀਂ ਨੋਟੀਫਿਕੇਸ਼ਨ ਵਿਚ ਇਸ ਮਦ ਦੀ ਗੈਰ-ਹਾਜ਼ਰੀ ਅਸਹਿਜ ਕਰਨ ਵਾਲੀ ਹੈ। ਅਸਰਦਾਰ ਨਿਗਰਾਨੀ, ਕਾਲਜਾਂ ਵੱਲੋਂ ਆਪਣੇ ਵਿੱਤੀ ਲੈਣ-ਦੇਣ ਵਿਚ ਪਾਰਦਰਸ਼ਤਾ ਯਕੀਨੀ ਬਣਾਉਣ ਅਤੇ ਸਿੱਖਿਆ ਵਿਚ ਵਧੇਰੇ ਸਰਕਾਰੀ ਨਿਵੇਸ਼ ਦਾ ਵਾਇਦਾ ਕਰਦੀ ਹੈ ਪਰ ਇਸ ਦੇ ਨਾਲ ਹੀ ਉਚੇਰੀ ਲਾਗਤ ਵਸੂਲੀ ਦੇ ਮੌਕੇ ਤਲਾਸ਼ਣ ਦੀ ਤਜਵੀਜ਼ ਵੀ ਰੱਖਦੀ ਹੈ; ਨਾਲ ਇਹ ਸ਼ਰਤ ਵੀ ਜੋੜ ਦਿੰਦੀ ਹੈ ਕਿ ਸੰਸਥਾਵਾਂ ਅਜਿਹਾ ਕਰਦੇ ਹੋਏ ਲੋੜਵੰਦਾਂ ਅਤੇ ਹੋਰ ਪੱਛੜੇ ਵਰਗਾਂ ਦੀ ਸਿੱਖਿਆ ਪ੍ਰਾਪਤੀ ਦੇ ਹਿਤਾਂ ਨੂੰ ਅੱਖੋਂ ਓਹਲੇ ਨਾ ਹੋਣ ਦੇਣ। ਸਿਧਾਂਤਕ ਤੌਰ ’ਤੇ ਸਿੱਖਿਆ ਨੂੰ ਮੁਨਾਫ਼ੇ ਵਾਲਾ ਧੰਦਾ ਨਹੀਂ ਮੰਨਿਆ ਜਾਂਦਾ ਪਰ ਹਕੀਕਤ ਇਹ ਹੈ ਕਿ ਨਿੱਜੀ ਅਦਾਰੇ ਮੁਨਾਫ਼ੇ ਦੀ ਖਿੱਚ ਰੱਖਦੇ ਹਨ। ਹੁਣ ਤਾਂ ਸਰਕਾਰੀ ਕਾਲਜਾਂ ਨੂੰ ਵੀ ਵਿੱਤੀ ਆਤਮ ਨਿਰਭਰਤਾ ਦੇ ਨਾਂ ’ਤੇ ਇਸੇ ਰਾਹ ਤੋਰ ਲਿਆ ਗਿਆ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇ 2023 24 ਦੇ ਅੰਕੜਿਆਂ ਅਨੁਸਾਰ ਇਸ ਵੇਲੇ ਸਿੱਖਿਆ ਉਪਰ ਹੋਣ ਵਾਲਾ ਖਰਚ ਮੁਲਕ ਦੀ ਜੀਡੀਪੀ ਦਾ 2.7% ਹੈ; ਲੱਗਭਗ ਅੱਧੀ ਸਦੀ ਤੋਂ ਟੀਚਾ 6% ਤੱਕ ਪਹੁੰਚਣ ਦਾ ਰਿਹਾ ਹੈ। ਵਿੱਤੀ ਵਸੀਲਿਆਂ ਦੀ ਤੰਗੀ ਕਰ ਕੇ ਇਸ ਘਾਟ ਨੂੰ ਪੂਰਨ ਲਈ ਸਮਾਜਿਕ ਜ਼ਿੰਮੇਵਾਰੀ ਅਧੀਨ ਨਿੱਜੀ ਕਾਰਪੋਰੇਟ ਜਗਤ ਦੀ ਹਿੱਸੇਦਾਰੀ ਵਧੀ ਹੈ ਲੇਕਿਨ ਕਾਰਪੋਰੇਟ ਜਗਤ ਦਾ ਨਿਵੇਸ਼ ਮੁੱਖ ਤੌਰ ’ਤੇ ਮੁਲਕ ਦੇ ਉਨ੍ਹਾਂ ਖੇਤਰਾਂ ਦੇ ਆਲੇ ਦੁਆਲੇ ਸੀਮਿਤ ਰਿਹਾ ਹੈ ਜਿੱਥੇ ਇਨ੍ਹਾਂ ਅਦਾਰਿਆਂ ਦੇ ਵੱਡੇ ਦਫ਼ਤਰ ਹਨ। ਪੱਛੜੇ ਹੋਏ ਇਲਾਕਿਆਂ ਵਿਚ ਨਿਵੇਸ਼ ਮੁਕਾਬਲਤਨ ਘੱਟ ਹੋਇਆ ਹੈ (ਪੈਰਾ 7.14, ਆਰਥਿਕ ਸਰਵੇ 2023-24)। ਇਹ ਤੱਥ ਸਪੱਸ਼ਟ ਹੁੰਦਾ ਹੈ ਕਿ ਪੱਛੜੇ ਖੇਤਰਾਂ ਅਤੇ ਲੋੜਵੰਦ ਵਿਅਕਤੀਆਂ ਲਈ ਸਿੱਖਿਆ ਦੇ ਮੌਕੇ ਮੁਹੱਈਆ ਕਰਾਉਣ ਲਈ ਸਰਕਾਰੀ ਨਿਵੇਸ਼ ਤੋਂ ਬਿਨਾਂ ਹੋਰ ਕੋਈ ਕਾਰਗਰ ਚਾਰਾ ਨਹੀਂ ਹੈ। ਇਸ ਸੰਬੰਧ ਵਿਚ ਪ੍ਰਾਈਵੇਟ ਨਿਵੇਸ਼ ਉਪਰ ਵੱਡਾ ਭਰੋਸਾ ਕਰਨਾ ਲਾਹੇਵੰਦ ਨਹੀਂ ਹੋ ਸਕਦਾ। ਉਚੇਰੀ ਸਿੱਖਿਆ ਦੇ 2021-22 ਦੇ ਕੌਮੀ ਸਰਵੇ ਮੁਤਾਬਕ ਪੰਜਾਬ ਵਿਚ 80.23% ਕਾਲਜ ਪਹਿਲਾਂ ਹੀ ਨਿੱਜੀ ਪ੍ਰਬੰਧ ਹੇਠ ਚੱਲ ਰਹੇ ਹਨ। ਸਿੱਖਿਆ ਨੀਤੀ ਦੇ ਅਮਲ ਸਦਕਾ ਮੌਜੂਦਾ ਕਾਲਜਾਂ ਨੂੰ ਵੱਡੇ ਆਕਾਰ ਵਾਲੇ ਬਹੁ-ਵਿਸ਼ਾਈ ਕਾਲਜਾਂ ਵਿਚ ਤਬਦੀਲ ਕਰਨ ਜਾਂ ਅਜਿਹੇ ਨਵੇਂ ਕਾਲਜ ਉਸਾਰਨ ਲਈ ਵਧੇਰੇ ਸਰਮਾਏ ਦੀ ਲੋੜ ਹੋਵੇਗੀ। ਜੇ ਲਾਗਤ ਵਧੇਰੇ ਹੋਵੇਗੀ ਤਾਂ ਉਸ ਦੀ ਵਸੂਲੀ ਵੀ ਭਾਰੀ ਹੋਵੇਗੀ ਅਤੇ ਉਸੇ ਅਨੁਪਾਤ ਵਿਚ ਫ਼ੀਸਾਂ ਵੀ ਵਧਣਗੀਆਂ। ਇਹ ਯਕੀਨ ਕਰਨਾ ਮੁਸ਼ਕਿਲ ਹੈ ਕਿ ‘ਵਾਜਬ’ ਤੋਂ ‘ਉਚੇਰੀ’ ਲਾਗਤ ਵਸੂਲੀ ਵੱਲ ਤੁਰਨ ਦੀ ਤ੍ਰਿਸ਼ਨਾ ਫ਼ੀਸਾਂ ਦੇ ਨਿਰਧਾਰਨ ਉਪਰ ਅਸਰ ਅੰਦਾਜ਼ ਨਹੀਂ ਹੋਵੇਗੀ। ਇਹ ਫ਼ਿਕਰ ਵੀ ਬੇਸਬਬ ਨਹੀਂ ਕਿ ਸਿੱਖਿਆ ਸੰਸਥਾਵਾਂ ਯੂਨੀਵਰਸਿਟੀਆਂ ਕਾਲਜਾਂ ਨੂੰ ਖ਼ੁਦਮੁਖ਼ਤਾਰੀ ਮਿਲਣ ਦੇ ਆਸਾਰ ਅਕਾਦਮਿਕ ਹਲਕਿਆਂ ਵਿਚ ਉਤਸ਼ਾਹ ਪੈਦਾ ਕਰਦੇ ਹਨ। ਸੰਸਥਾਵਾਂ ਪ੍ਰਤੀ ਉਮੀਦ ਬੱਝਦੀ ਹੈ ਕਿ ਉਹ ਅਧਿਐਨ-ਅਧਿਆਪਨ ਅਤੇ ਖੋਜ ਕਾਰਜਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਅੰਦਰੂਨੀ ਅਤੇ ਬਾਹਰੀ ਬੇਲੋੜੇ ਦਬਾਵਾਂ ਤੋਂ ਨਿਰਲੇਪ ਰਹਿ ਕੇ ਆਪਣੇ ਵਿਵੇਕ ਨਾਲ ਫੈਸਲੇ ਕਰਨਗੀਆਂ। ਵੱਖ-ਵੱਖ ਕਮਿਸ਼ਨ ਅਤੇ ਸਿੱਖਿਆ ਜਗਤ ਦੇ ਵਿਦਵਾਨ ਆਰੰਭ ਤੋਂ ਹੀ ਇਸ ਵਿਵਸਥਾ ਨੂੰ ਜ਼ਮੀਨੀ ਹਕੀਕਤ ਬਣਾਉਣ ਦੀ ਰਾਇ ਦਿੰਦੇ ਰਹੇ ਹਨ। ਸਿੱਖਿਆ ਨੀਤੀ ਅਤੇ ਯੂ.ਜੀ.ਸੀ. ਵੱਲੋਂ ਉਚੇਰੀ ਸਿੱਖਿਆ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਲਈ ਜਾਰੀ ਦਿਸ਼ਾ-ਨਿਰਦੇਸ਼ ਤੋਂ ਕੁਝ ਵੱਖਰੇ ਸੰਕੇਤ ਮਿਲਦੇ ਹਨ।








# ਸਿੱਖ ਰਾਜ ਦਾ ਆਖ਼ਰੀ ਚਿਰਾਗ਼

ਮਹਾਰਾਜਾ ਦਲੀਪ ਸਿੰਘ ਨੇ ਚੜ੍ਹਦੀ ਜਵਾਨੀ ਵਿਚ ਹੀ ਪਹਿਲੋਂ ਆਪਣੇ ਖਾਨਦਾਨ ਨੂੰ ਤਬਾਹ ਹੁੰਦਿਆਂ ਵੇਖਿਆ ਅਤੇ ਫਿਰ ਲਾਹੌਰ ਦਰਬਾਰੀਆਂ ਦੀ ਬੇਵਫ਼ਾਈ ਅਤੇ ਬੇਈਮਾਨੀ ਵੇਖੀ। ਉਹ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਅਤੇ ਰਾਜ ਦਾ ਆਖ਼ਰੀ ਵਾਰਸ ਸੀ। ਬਰਤਾਨਵੀ ਹਕੂਮਤ ਨੇ 16 ਦਸੰਬਰ 1846 ਨੂੰ ਭੈਰੋਵਾਲ ਦੀ ਸੰਧੀ ਕਰਕੇ ਮਹਾਰਾਜਾ ਦਲੀਪ ਸਿੰਘ ਦੀ ਪ੍ਰਭੂਸੱਤਾ ਖ਼ਤਮ ਕਰ ਦਿੱਤੀ। ਲਾਹੌਰ ਰਾਜ ਦਾ ਸਾਰਾ ਪ੍ਰਬੰਧ ਬ੍ਰਿਟਿਸ਼ ਰੈਜ਼ੀਡੈਂਟ ਦੇ ਅਧੀਨ ਹੋ ਗਿਆ। ਰੈਜ਼ੀਡੈਂਟ ਸ਼ਾਸਕ ਬਣ ਗਿਆ। ਮਹਾਰਾਣੀ ਜਿੰਦ ਕੌਰ ਦੀ ਜਗ੍ਹਾ Regency ਨੇ ਲੈ ਲਈ ਸੀ। ਭਾਵੇਂ ਇਸ ਸੰਧੀ ਨੇ ਦਲੀਪ ਸਿੰਘ ਨੂੰ 'ਮਹਾਰਾਜਾ' ਜ਼ਰੂਰ ਮੰਨ ਲਿਆ, ਪਰ ਉਹ ਹੁਣ ਨਾਮਧਰੀਕ ਮਹਾਰਾਜਾ ਸੀ। ਭਾਰਤ ਦੇ ਵਾਇਸਰਾਏ ਡਲਹੌਜ਼ੀ ਨੇ ਪੰਜਾਬ ਰਾਜ ਵਿਚ ਅਜਿਹੀ ਪ੍ਰਬੰਧਕੀ ਪ੍ਰਣਾਲੀ ਸਥਾਪਿਤ ਕੀਤੀ, ਜਿਸ ਨੂੰ Punjab School of Administration ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸ਼ਾਹੀ ਖਾਨਦਾਨ ਦੀ ਨਿੱਜੀ ਅਤੇ ਰਾਜ ਦੀ ਸਮੁੱਚੀ ਜਾਇਦਾਦ 'ਤੇ ਕਬਜ਼ਾ ਕਰ ਲਿਆ। ਅੰਗਰੇਜ਼ ਸਰਕਾਰ ਨੇ 1851 ਈ. ਤੱਕ ਅਰਬਾਂ ਦੀ ਜਾਇਦਾਦ ਜਵਾਹਰਾਤ, ਸੋਨਾ-ਚਾਂਦੀ ਅਤੇ ਹੋਰ ਕੀਮਤੀ ਸਾਮਾਨ ਵੇਚ ਵੱਟ ਕੇ ਆਪਣੇ ਫਰਮਾ-ਬਰਦਾਰਾਂ 'ਚ ਵੰਡ ਲਈ। ਸਭ ਨਾਲੋਂ ਕੀਮਤੀ ਸ਼ਾਹੀ ਘਰਾਣੇ ਦੀਆਂ ਨਿਸ਼ਾਨੀਆਂ ਆਪਣੇ ਖ਼ਜ਼ਾਨੇ ਵਿਚ ਜ਼ਬਤ ਕਰ ਲਈਆਂ। 1849 ਈ. ਦੀ ਸੰਧੀ ਦੀਆਂ ਮੱਦਾਂ ਅਧੀਨ ਮਹਾਰਾਜਾ ਦਲੀਪ ਸਿੰਘ ਦੀਆਂ ਨਿੱਜੀ ਨਿਸ਼ਾਨੀਆਂ ਵਿਚੋਂ ਉਸ ਨੂੰ ਮਜਬੂਰ ਕੀਤਾ ਗਿਆ ਕਿ ਉਹ ਕੋਹ-ਏ-ਨੂਰ ਹੀਰਾ ਮਲਿਕਾ ਵਿਕਟੋਰੀਆ ਨੂੰ ਦੇਵੇ।

ਮਹਾਰਾਜਾ ਦਲੀਪ ਸਿੰਘ ਨੂੰ ਪਾਦਰੀ ਡਾਕਟਰ ਜੌਹਨ ਲੌਗਿਨ ਦੀ ਸਰਪ੍ਰਸਤੀ ਅਧੀਨ 18 ਦਸੰਬਰ 1849 ਨੂੰ ਪੰਜਾਬ ਤੋਂ ਯੂ.ਪੀ. ਦੇ ਫਾਰੂਖਾਬਾਦ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਫਤਹਿਗੜ੍ਹ ਵਿਚ ਭੇਜ ਦਿੱਤਾ। ਡਾਕਟਰ ਜੌਹਨ ਲੌਗਿਨ ਅਤੇ ਉਸ ਦੀ ਪਤਨੀ ਦੇ ਮੋਹ ਨੇ ਅੱਲ੍ਹੜ ਮਹਾਰਾਜੇ ਨੂੰ 8 ਮਾਰਚ 1853 ਨੂੰ ਇਸਾਈ ਮੱਤ

ਗ੍ਰਹਿਣ ਕਰਵਾ ਦਿੱਤਾ। ਫਾਰੂਖਾਬਾਦ ਦੇ ਬ੍ਰਾਹਮਣ ਭਜਨ ਲਾਲ ਇਸਾਈ ਪ੍ਰਚਾਰਕ ਨੇ ਮਹਾਰਾਜੇ ਨੂੰ ਅੰਗਰੇਜ਼ੀ ਭਾਸ਼ਾ ਸਿਖਾਉਣ ਦੇ ਨਾਲ ਨਾਲ ਬਾਈਬਲ ਦਾ ਪਾਠ ਵੀ ਪੜ੍ਹਾਇਆ ਅਤੇ ਮਹਾਰਾਜੇ ਨੂੰ ਰਵਾਇਤੀ ਸੰਸਕਾਰਾਂ ਤੋਂ ਦੂਰ ਕੀਤਾ।

ਮਈ 1854 ਨੂੰ ਮਹਾਰਾਜਾ ਦਲੀਪ ਸਿੰਘ ਇੰਗਲੈਂਡ ਪਹੁੰਚ ਗਿਆ। ਸ਼ਾਹੀ ਖਾਨਦਾਨ ਦੀ ਮਹਾਰਾਣੀ ਵਿਕਟੋਰੀਆ ਨੇ ਮਹਾਰਾਜੇ ਦਾ ਨਿੱਘਾ ਸਵਾਗਤ ਕੀਤਾ ਅਤੇ ਮਾਂ ਵਰਗਾ ਪਿਆਰ ਦਿੱਤਾ। ਸ਼ਾਹੀ ਖਾਨਦਾਨ ਦੇ ਉੱਚ-ਅਧਿਕਾਰੀਆਂ ਨੇ ਵੀ ਮਹਾਰਾਜੇ ਲਈ ਸਦਭਾਵਨਾ ਦਿਖਾਈ। ਇਕ ਵਾਰੀ ਮਹਾਰਾਣੀ ਨੇ ਦਲੀਪ ਸਿੰਘ ਦੇ ਹੱਥ ਵਿਚ ਕੋਹ-ਏ-ਨੂਰ ਹੀਰਾ ਵੀ ਰੱਖਿਆ। ਸ਼ਾਹੀ ਖਾਨਦਾਨ ਦਾ ਇਹ ਲਾਡ-ਪਿਆਰ ਮਹਾਰਾਜੇ ਦੇ ਕਠਿਨ ਸਮੇਂ ਵਿਚ ਕੰਮ ਆਉਂਦਾ ਰਿਹਾ।

1861 ਈ. ਵਿਚ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਨੂੰ ਮਿਲਣ ਕਲਕੱਤੇ ਆ ਗਿਆ। ਉਸਦੀ ਮਾਤਾ ਵੀ ਆਪਣੇ ਪੁੱਤਰ ਤੋਂ ਵੱਖ ਰਹਿਣਾ ਨਹੀਂ ਸੀ ਚਾਹੁੰਦੀ। ਮਹਾਰਾਜਾ ਅਤੇ ਮਾਤਾ ਰਾਣੀ ਜਿੰਦਾਂ ਜਲਦੀ ਤੋਂ ਜਲਦੀ ਕਲਕੱਤੇ ਤੋਂ ਇੰਗਲੈਂਡ ਰਵਾਨਾ ਹੋਣਾ ਚਾਹੁੰਦੇ ਸਨ ਕਿਉਂਕਿ ਹੁਗਲੀ ਦੀ ਬੰਦਰਗਾਹ 'ਤੇ ਸਿੱਖ ਸੈਨਿਕ ਚੀਨ ਤੋਂ ਵਾਪਸ ਆ ਰਹੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਹਾਰਾਜਾ ਕਲਕੱਤੇ ਠਹਿਰਿਆ ਹੋਇਆ ਹੈ ਤਾਂ ਉਨ੍ਹਾਂ ਨੂੰ ਅਜੀਬ ਖ਼ੁਸ਼ੀ ਹੋਈ ਤੇ ਉਹ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਾਉਣ ਲੱਗ ਪਏ। ਅੰਗਰੇਜ਼ਾਂ ਨੂੰ ਇਨ੍ਹਾਂ ਜੈਕਾਰਿਆਂ ਵਿਚੋਂ ਬਗ਼ਾਵਤ ਦਾ ਭੈਅ ਆਉਂਦਾ ਸੀ।

ਮਹਾਰਾਜਾ ਦਲੀਪ ਸਿੰਘ ਨੂੰ ਇਹ ਜਾਣ ਕੇ ਮਾਯੂਸੀ ਹੋਈ ਕਿ 1857 ਦੇ ਗ਼ਦਰ ਸਮੇਂ ਫਤਿਹਗੜ੍ਹ ਵਿਖੇ ਉਸ ਦੀ ਰਿਹਾਇਸ਼ ਵਿਚ ਜੋ ਕੀਮਤੀ ਸਾਮਾਨ ਪਿਆ ਸੀ, ਉਹ ਲੁੱਟਿਆ ਗਿਆ। ਸਰਕਾਰ ਨੇ ਮਹਾਰਾਜੇ ਦੇ ਕਲੇਮ ਦੇ ਇਵਜ਼ ਵਜੋਂ ਕੇਵਲ 3000 ਪੌਂਡ ਅਰਥਾਤ ਨੁਕਸਾਨੀ ਜਾਇਦਾਦ ਦਾ

ਸਿਰਫ਼ 12 ਫ਼ੀਸਦੀ ਹੀ ਦਿੱਤਾ। ਪਰ ਮਹਾਰਾਜੇ ਨੇ ਇਹ ਇਵਜ਼ਾਨਾ ਲੈਣ ਤੋਂ ਇਨਕਾਰ ਕਰ ਦਿੱਤਾ। ਬਰਤਾਨਵੀ

ਹਕੂਮਤ ਨੇ ਕਾਨੂੰਨ ਦੀ ਆੜ ਵਿਚ ਮਹਾਰਾਜੇ ਨੂੰ ਉਸ ਦੀ ਜੱਦੀ-ਪੁਸ਼ਤੀ ਜਾਇਦਾਦ ਤੋਂ ਵਾਂਝਿਆਂ ਕਰ ਦਿੱਤਾ ਸੀ।

ਲੇਡੀ ਲੌਗਿਨ ਦਾ ਵਿਚਾਰ ਸੀ ਕਿ ਮਹਾਰਾਜਾ ਦਲੀਪ ਸਿੰਘ ਕਿਸੇ ਵੀ ਤਰ੍ਹਾਂ ਅੰਗਰੇਜ਼ੀ ਸਰਕਾਰ ਨਾਲ ਸਮਝੌਤਾ ਕਰਨ ਲਈ ਤਿਆਰ ਸੀ। ਜਦੋਂ 1885 ਈ. ਵਿਚ ਇੰਗਲੈਂਡ ਅਤੇ ਰੂਸ ਦਰਮਿਆਨ ਲੜਾਈ ਦੀ ਅਫ਼ਵਾਹ ਸੀ ਤਾਂ ਮਹਾਰਾਜਾ ਦਲੀਪ ਸਿੰਘ ਨੇ ਇੰਡੀਆ ਔਫਿਸ ਨੂੰ ਪੱਤਰ ਲਿਖਿਆ ਕਿ ਉਹ ਬਰਤਾਨਵੀ ਫ਼ੌਜ ਵਿਚ ਭਰਤੀ ਹੋਣ ਲਈ ਤਿਆਰ ਹੈ ਤਾਂ ਕਿ ਉਹ ਅੰਗਰੇਜ਼ ਸਰਕਾਰ ਪ੍ਰਤੀ ਵਫ਼ਾਦਾਰੀ ਸਿੱਧ ਕਰ ਸਕੇ। ਉਹ ਇਹ ਵੀ ਦੱਸਣਾ ਚਾਹੁੰਦਾ ਸੀ ਕਿ ਉਹ ਆਪਣੇ ਬਾਪ (ਮਹਾਰਾਜਾ ਰਣਜੀਤ ਸਿੰਘ) ਦੀ ਤਰ੍ਹਾਂ ਹਰ ਸੰਧੀ ਜਾਂ ਵਿਸ਼ਵਾਸ ਨੂੰ ਵਫ਼ਾਦਾਰੀ ਨਾਲ ਨਿਭਾਏਗਾ। ਪਰ ਅੰਗਰੇਜ਼ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਸੀ।

ਸਰਦਾਰ ਠਾਕਰ ਸਿੰਘ ਸੰਧਾਵਾਲੀਏ ਨੇ ਮਹਾਰਾਜਾ ਦਲੀਪ ਸਿੰਘ ਨੂੰ ਸਿੱਖੀ ਵੱਲ ਪਰਤਣ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ ਸੀ। ਇਸ ਲਈ ਮਹਾਰਾਜਾ ਦਲੀਪ ਸਿੰਘ ਨੇ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦੇ ਹੱਥ ਇਕ ਹਜ਼ਾਰ ਰੁਪਏ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸਾਦਿ ਕਰਵਾਉਣ ਲਈ ਭੇਜੇ ਸਨ। ਉਸ ਨੇ ਆਪਣੇ ਪਰਿਵਾਰ ਨੂੰ ਕਿਹਾ ਸੀ ਕਿ ਉਹ ਲਾਹੌਰ ਵਿਖੇ ਆਪਣੇ ਦਾਦੇ ਦੀ ਅਤੇ ਗੁੱਜਰਾਂਵਾਲਾ ਵਿਖੇ ਪੜਦਾਦੇ ਸਰਦਾਰ ਮਹਾਂ ਸਿੰਘ ਦੀਆਂ ਸਮਾਧਾਂ ਉੱਤੇ ਜਾਣ ਅਤੇ ਕੜਾਹ ਪ੍ਰਸਾਦਿ ਕਰਵਾਉਣ। 20-22 ਅਗਸਤ 1885 ਨੂੰ ਮਹਾਰਾਜਾ ਦਲੀਪ ਸਿੰਘ ਵੱਲੋਂ ਤੋਹਫ਼ੇ ਅਤੇ ਕੁਝ ਰਾਸ਼ੀ ਭੇਟ ਕੀਤੀ। ਕੜਾਹ ਪ੍ਰਸਾਦਿ ਦਰਬਾਰ ਸਾਹਿਬ, ਅਕਾਲ ਬੁੰਗਾ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਮਹਾਰਾਜਾ ਦਲੀਪ ਸਿੰਘ ਦੀ ਚੰਗੀ ਸਿਹਤ ਅਤੇ ਸਿੱਖੀ ਦਾਨ ਲਈ ਅਰਦਾਸ ਕੀਤੀ ਗਈ। ਕੈਪਟਨ ਗੁਲਾਬ ਸਿੰਘ ਅਟਾਰੀਵਾਲੇ, ਸਰਦਾਰ ਕਾਹਨ ਸਿੰਘ ਮਜੀਠਾ ਅਤੇ ਕਈ ਹੋਰ ਖਾਨਦਾਨੀ ਮੈਂਬਰ ਹਾਜ਼ਰ ਸਨ। 1885 ਈ. ਵਿਚ ਮਹਾਰਾਜਾ ਦਲੀਪ ਸਿੰਘ ਨੇ ਭਾਰਤ ਵਿਚ ਰਿਹਾਇਸ਼ ਰੱਖਣ ਦਾ ਮਨ ਬਣਾ ਲਿਆ ਸੀ। ਉਸ ਦੇ ਮੁੱਖ ਕਾਰਨ ਇਹ ਸਨ:1. ਉਹ ਅਬਿਚਲ ਨੰਦੇੜ ਜਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਜਿੱਥੇ ਵੀ ਸੰਭਵ ਹੋਵੇ, ਅੰਮ੍ਰਿਤ ਛਕ ਕੇ ਆਪਣੇ ਪੁਸ਼ਤੈਨੀ ਧਰਮ ਵੱਲ ਵਾਪਸੀ ਕਰਨਾ ਚਾਹੁੰਦਾ ਸੀ। ਉਸ ਦੀ ਇੱਛਾ ਸੀ ਕਿ ਇਹ ਰਸਮ ਉਸ ਦੇ ਪਰਿਵਾਰ ਦੀ ਹਾਜ਼ਰੀ ਵਿਚ ਕੀਤੀ ਜਾਵੇ। 2. ਦੂਸਰਾ ਕਾਰਨ ਇਹ ਸੀ ਕਿ ਇੰਗਲੈਂਡ ਵਿਖੇ ਰਿਹਾਇਸ਼ ਬਹੁਤ ਮਹਿੰਗੀ ਸੀ। ਉਹ ਚਾਹੁੰਦਾ ਸੀ ਕਿ ਆਪਣੇ ਵਤਨ ਵਿਚ ਰਹਿਣ ਨਾਲ ਉਸ ਦਾ ਘੱਟ ਖਰਚਾ ਹੋਵੇਗਾ ਅਤੇ ਉਹ ਆਪਣੇ ਪਰਿਵਾਰ ਦੇ ਭਵਿੱਖ ਲਈ ਬੱਚਤ ਕਰ ਸਕੇਗਾ। 3. 1885 ਈ. ਤਕ ਉਸਦਾ ਵੱਡਾ ਪੁੱਤਰ 20 ਸਾਲਾਂ ਦਾ ਅਤੇ ਬੇਟੀ 17 ਸਾਲਾਂ ਦੀ ਹੋ ਗਈ ਸੀ। ਮਹਾਰਾਜਾ ਦਲੀਪ ਸਿੰਘ ਚੰਗੇ ਰਿਸ਼ਤੇ ਲੱਭ ਕੇ ਉਨ੍ਹਾਂ ਦੀ ਸ਼ਾਦੀ ਕਰਵਾ ਦੇਣਾ ਚਾਹੁੰਦਾ ਸੀ।

**ਲੇਖਕ : ਡਾ. ਜੋਗਿੰਦਰ ਸਿੰਘ, ਸੰਪਰਕ: 98158-46460**

31 ਮਾਰਚ 1886 ਨੂੰ ਮਹਾਰਾਜਾ ਦਲੀਪ ਸਿੰਘ ਆਪਣੇ ਪਰਿਵਾਰ ਨਾਲ ਇੰਗਲੈਂਡ ਤੋਂ ਜਹਾਜ਼ ਰਾਹੀਂ ਬੰਬਈ ਲਈ ਰਵਾਨਾ ਹੋ ਗਿਆ। ਅੰਗਰੇਜ਼ ਸਰਕਾਰ ਕਿਸੇ ਵੀ ਕੀਮਤ 'ਤੇ ਮਹਾਰਾਜੇ ਨੂੰ ਭਾਰਤ ਆਉਣ ਦੇਣਾ ਨਹੀਂ ਚਾਹੁੰਦੀ ਸੀ ਕਿਉਂਕਿ ਉਸ ਨੂੰ ਪੰਜਾਬ ਵਿਚ ਬਗ਼ਾਵਤ ਹੋਣ ਦਾ ਖਤਰਾ ਸੀ। ਜਦੋਂ ਮਹਾਰਾਜੇ ਨੂੰ ਅਦਨ (Aden) ਦੀ ਬੰਦਰਗਾਹ 'ਤੇ ਰੋਕ ਲਿਆ ਤਾਂ ਮਹਾਰਾਜੇ ਨੂੰ ਬਹੁਤ ਹੈਰਾਨੀ ਹੋਈ ਅਤੇ ਉਸ ਨੇ ਹੱਤਕ ਮਹਿਸੂਸ ਕੀਤੀ। ਦੁਖੀ ਮਨ ਨਾਲ ਉਸ ਨੇ ਵਾਇਸਰਾਏ ਨੂੰ ਲਿਖਿਆ ਕਿ ਮਹਾਰਾਜਾ ਸਿੰਧੀਆ, ਹੋਲਕਰ ਅਤੇ ਹੈਦਰਾਬਾਦ ਦੇ ਨਿਜ਼ਾਮ, ਜਿਨ੍ਹਾਂ ਕੋਲ ਫ਼ੌਜਾਂ ਹਨ, ਧਨ-ਦੌਲਤ ਹੈ, ਉਨ੍ਹਾਂ ਨੂੰ ਆਪਣੀਆਂ ਰਿਆਸਤਾਂ ਵਿਚ ਆਜ਼ਾਦੀ ਹੈ। ਉਹ ਅੰਗਰੇਜ਼ੀ ਰਾਜ ਲਈ ਖ਼ਤਰਾ ਨਹੀਂ ਬਣ ਸਕਦੇ ਤਾਂ ਮੈਂ ਗ਼ਰੀਬ ਬੰਦਾ ਆਪਣੇ ਪਰਿਵਾਰ ਅਤੇ ਸੇਵਕਾਂ ਨਾਲ ਹਕੂਮਤ ਲਈ ਖ਼ਤਰਾ ਕਿਵੇਂ ਬਣ ਸਕਦਾ ਹਾਂ? ਲਾਰਡ ਡਲਹੌਜ਼ੀ ਨੂੰ ਸੰਬੋਧਨ ਕਰਦਿਆਂ, ਮਹਾਰਾਜੇ ਨੇ ਯਾਦ ਕਰਵਾਇਆ ਕਿ ਜਦੋਂ ਉਸ ਨੂੰ ਫਰੂਖਾਬਾਦ ਕੈਦ ਕੀਤਾ ਹੋਇਆ ਸੀ, ਉਦੋਂ ਸਿੱਖ ਰਾਜ ਖ਼ਾਤਰ ਮਰ ਮਿਟਣ ਲਈ ਸਿੱਖ ਸਰਦਾਰ ਜਿਉਂਦੇ ਸਨ, ਜੇ ਉਦੋਂ ਕੋਈ ਬਗ਼ਾਵਤ ਨਹੀਂ ਹੋਈ ਤਾਂ 35 ਸਾਲ ਗੁਜ਼ਰਨ ਉਪਰੰਤ ਜਦੋਂ ਸਿੱਖ ਰਾਜ ਦੇ ਮੁਦੱਈ ਚੜ੍ਹਾਈ ਕਰ ਚੁੱਕੇ ਹਨ, ਬਰਤਾਨਵੀ ਹਕੂਮਤ ਆਪਣੇ ਪੱਕੇ ਪੈਰੀਂ ਖੜ੍ਹੀ ਹੈ ਤਾਂ ਮੇਰੇ ਭਾਰਤ ਦੀ ਧਰਤੀ 'ਤੇ ਪੈਰ ਧਰਨ ਨਾਲ ਰਾਜ ਲਈ ਖ਼ਤਰਾ ਕਿਵੇਂ ਪੈਦਾ ਹੋ ਸਕਦਾ ਹੈ। ਮਹਾਰਾਜਾ ਬਰਤਾਨਵੀ ਸਰਕਾਰ ਨਾਲ ਗੱਲਬਾਤ ਕਰਨ ਲਈ ਅਦਨ ਰੁਕਿਆ ਰਿਹਾ। 8 ਮਈ 1886 ਨੂੰ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਭਾਰਤ ਤੋਂ ਅਦਨ ਦੀ ਬੰਦਰਗਾਹ 'ਤੇ ਪਹੁੰਚ ਗਿਆ। 25 ਮਈ 1886 ਪੰਜ ਪਿਆਰਿਆਂ ਨੇ ਮਹਾਰਾਜਾ ਨੂੰ ਅੰਮ੍ਰਿਤ ਛਕਾਉਣ ਦੀ ਮਰਿਆਦਾ ਨਿਭਾਈ। ਇਹ ਰਸਮ ਸਰਕਾਰ ਦੇ ਅਫ਼ਸਰ ਦੀ ਹਾਜ਼ਰੀ ਵਿਚ ਕੀਤੀ ਗਈ।

15 ਜੁਲਾਈ 1886 ਨੂੰ ਪੈਰਿਸ ਪਹੁੰਚ ਕੇ ਮਹਾਰਾਜਾ ਨੇ 1849 ਈ. ਦੀ ਸੰਧੀ ਨੂੰ ਰੱਦ ਕਰ ਦਿੱਤਾ ਅਤੇ ਦਾਅਵਾ ਕੀਤਾ ਕਿ ਭੈਰੋਵਾਲ ਦੀ ਸੰਧੀ ਅਨੁਸਾਰ ਉਹ ਪੰਜਾਬ ਦਾ ਰਾਜਾ ਹੈ ਅਤੇ ਉਸ ਨੂੰ ਸਿੱਖਾਂ ਦੀ ਮਾਨਤਾ ਪ੍ਰਾਪਤ ਹੈ। ਬਰਤਾਨਵੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਮਹਾਰਾਜੇ ਨੇ ਗੁਪਤ ਰੂਪ ਵਿਚ ਪੈਰਿਸ ਤੋਂ ਜਰਮਨੀ ਹੁੰਦੇ ਹੋਏ ਰੂਸ ਦੀ ਸਰਕਾਰ ਤਕ ਪਹੁੰਚ ਕੀਤੀ। ਰੂਸ ਦੇ ਜ਼ਾਰ ਬਾਦਸ਼ਾਹ ਨੂੰ ਪੱਤਰ ਲਿਖਿਆ ਕਿ ਭਾਰਤ ਦੇ ਸ਼ਾਸਕਾਂ ਅਤੇ ਲੋਕਾਂ ਨੂੰ ਬਰਤਾਨਵੀ ਸਰਕਾਰ ਦੇ ਤਸ਼ੱਦਦ ਤੋਂ ਆਜ਼ਾਦੀ ਲਈ ਉਹ ਉਸ ਨੂੰ ਪ੍ਰਾਰਥਨਾ ਕਰਦਾ ਹੈ। ਉਸਨੇ ਰੂਸ ਦੇ ਸ਼ਾਸਕਾਂ ਨੂੰ ਯਕੀਨ ਦਿਵਾਇਆ ਕਿ ਜਿਉਂ ਹੀ ਉਹ ਭਾਰਤ ਦੀ ਸਰਹੱਦ 'ਤੇ ਪਹੁੰਚੇਗਾ, ਸਮੁੱਚਾ ਪੰਜਾਬ ਬਗ਼ਾਵਤ ਕਰ ਦੇਵੇਗਾ। ਮਹਾਰਾਜਾ ਦਲੀਪ ਸਿੰਘ ਕਈ ਪ੍ਰਕਾਰ ਦੀਆਂ ਗ਼ਲਤਫ਼ਹਿਮੀਆਂ ਦਾ ਸ਼ਿਕਾਰ ਸੀ। ਰੂਸ ਨੇ ਮਹਾਰਾਜੇ ਨੂੰ ਕੇਂਦਰੀ ਏਸ਼ੀਆ ਤੋਂ ਅਫ਼ਗਾਨਿਸਤਾਨ ਪਹੁੰਚਣ ਵਿਚ ਕੋਈ ਮਦਦ ਨਾ ਕੀਤੀ। ਮਹਾਰਾਜੇ ਨੇ ਜੋ ਏਲਚੀ ਯੂਰਪ, ਮਿਸਰ, ਕੇਂਦਰੀ ਏਸ਼ੀਆ ਦੀਆਂ ਸਰਕਾਰਾਂ ਅਤੇ ਭਾਰਤੀ ਰਿਆਸਤਾਂ ਕੋਲ ਭੇਜੇ, ਉਹ ਸਭ ਫ਼ਜ਼ੂਲ ਸਾਬਤ ਹੋਏ। ਇਨ੍ਹਾਂ ਵਿਚੋਂ ਕਈ ਸ਼ਾਸਕ ਅਤੇ ਸਰਕਾਰਾਂ ਆਪਣਾ ਉੱਲੂ ਸਿੱਧਾ ਕਰ ਰਹੀਆਂ ਸਨ। 1888 ਈ. ਵਿਚ ਮਹਾਰਾਜਾ ਦਲੀਪ ਸਿੰਘ ਨੇ ਮਾਸਕੋ ਤੋਂ ਆਪਣੇ ਆਪ ਨੂੰ ਸਿੱਖ ਕੌਮ ਦਾ ਮਹਾਰਾਜਾ ਐਲਾਨ ਕੀਤਾ। ਇਸ ਐਲਾਨ ਵਿਚ ਮਹਾਰਾਜੇ ਨੇ ਆਪਣੇ ਆਪ ਨੂੰ ਇੰਗਲੈਂਡ ਦਾ ਜਾਨੀ ਦੁਸ਼ਮਣ ਦੱਸਿਆ। ਮਾਸਕੋ ਤੋਂ ਹੀ ਉਸ ਨੇ ਗੁਪਤ ਢੰਗ ਨਾਲ ਕੂਕੇ ਸਿੱਖਾਂ ਨਾਲ ਸੰਪਰਕ ਬਣਾਇਆ। ਉਸ ਨੇ ਭਾਰਤ ਦੇ ਲੋਕਾਂ ਨੂੰ ਕਈ ਤਰ੍ਹਾਂ ਦੇ ਭਰੋਸੇ ਦਿੱਤੇ ਅਤੇ ਮਦਦ ਮੰਗੀ।

20 ਜੂਨ 1889 ਨੂੰ ਲੰਡਨ ਦੀ ਅਖ਼ਬਾਰ ਟਾਈਮਜ਼ ਨੇ ਮਹਾਰਾਜੇ ਦੇ ਭਰੋਸਿਆਂ ਅਤੇ ਵਾਅਦਿਆਂ ਦਾ ਸਾਰੰਸ਼ ਪ੍ਰਕਾਸ਼ਿਤ ਕੀਤਾ- ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਮਹਾਰਾਜੇ ਨੇ ਅਪੀਲ ਕੀਤੀ ਕਿ ਉਹ ਇਕ ਪੈਸਾ ਮਹੀਨਾ ਅਤੇ ਪੰਜਾਬੀ ਇਕ ਆਨਾ ਮਹੀਨਾ ਦੇਣ। ਭਾਰਤੀਆਂ ਉੱਤੇ ਜਿਹੜਾ ਕਰਜ਼ਾ ਚੜ੍ਹਿਆ ਹੋਇਆ ਹੈ ਉਸ ਨੂੰ ਰੱਦ ਕੀਤਾ ਜਾਵੇਗਾ। ਟੈਕਸਾਂ ਦੀ ਅਦਾਇਗੀ ਬੰਦ ਕੀਤੀ ਜਾਵੇਗੀ। ਰਾਜ ਵਿਚ ਗਊ ਹੱਤਿਆ ਬੰਦ ਹੋਵੇਗੀ। ਕੈਦੀਆਂ ਨੂੰ ਰਿਹਾਅ ਕੀਤਾ ਜਾਵੇਗਾ, ਉਹ ਲੋਕ ਜਿਨ੍ਹਾਂ 'ਤੇ ਬਰਤਾਨਵੀ ਹਕੂਮਤ ਨੇ ਜ਼ੁਲਮ ਢਾਹੇ ਹਨ, ਉਨ੍ਹਾਂ ਦੇ ਹੱਕ ਬਹਾਲ ਕੀਤੇ ਜਾਣਗੇ। ਮੈਂ ਰੂਸ ਦੀ ਮਦਦ ਨਾਲ ਯੋਰਪੀ ਫ਼ੌਜ ਲੈ ਕੇ ਭਾਰਤ ਵਿਚ ਪ੍ਰਵੇਸ਼ ਕਰਾਂਗਾ।

ਸਰਦਾਰ ਠਾਕਰ ਸਿੰਘ ਸੰਧਾਵਾਲੀਏ ਨੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਕਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਜਦੋਂ ਮਹਾਰਾਜੇ ਨੇ ਵਾਪਸ ਭਾਰਤ ਆਉਣ ਦੀ ਇੱਛਾ ਪ੍ਰਗਟ ਕੀਤੀ ਤਾਂ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਨੇ ਬੰਬਈ ਵਿਖੇ ਮਹਾਰਾਜੇ ਨੂੰ ਮਿਲਣ ਲਈ ਸਰਕਾਰ ਦੀ ਪ੍ਰਵਾਨਗੀ ਮੰਗੀ। ਸਰਕਾਰ ਵੱਲੋਂ ਇਨਕਾਰ ਕਰਨ 'ਤੇ ਸੰਧਾਵਾਲੀਏ ਨੇ ਵਾਹਗਾ ਪਿੰਡ ਦੇ ਠਾਕਰ ਸਿੰਘ ਅਤੇ ਬਰਕੀ ਪਿੰਡ ਦੇ ਜਵੰਦ ਸਿੰਘ ਨੂੰ ਅਦਨ ਪਹੁੰਚ ਕੇ ਮਹਾਰਾਜਾ ਦਲੀਪ ਸਿੰਘ ਨੂੰ ਅੰਮ੍ਰਿਤ ਛਕਾਉਣ ਲਈ ਪ੍ਰਬੰਧ ਕਰਨ ਲਈ ਭੇਜਿਆ। ਫਿਰ ਸਰਦਾਰ ਠਾਕਰ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਦੇ ਉਦੇਸ਼ ਦੀ ਪ੍ਰਾਪਤੀ ਲਈ ਫਰਾਂਸ ਦੀ ਕਲੋਨੀ ਪਾਂਡੀਚਰੀ ਵਿਖੇ ਜਲਾਵਤਨੀ ਭੋਗੀ। ਮਹਾਰਾਜਾ ਦਲੀਪ ਸਿੰਘ ਨੇ ਸਰਦਾਰ ਠਾਕਰ ਸਿੰਘ ਨੂੰ ਆਪਣੇ ਲਾਹੌਰ ਰਾਜ ਦਾ ਪ੍ਰਧਾਨ ਮੰਤਰੀ ਅਤੇ ਭਾਰਤ ਦਾ ਏਲਚੀ ਮਨੋਨੀਤ ਕੀਤਾ। ਮਹਾਰਾਜੇ ਨੇ ਸਰਦਾਰ ਠਾਕਰ ਸਿੰਘ ਨੂੰ ਹਦਾਇਤ ਕੀਤੀ ਕਿ ਉਹ ਫਰਾਂਸ ਦੀ ਸਰਕਾਰ ਤੋਂ ਮਾਇਕ ਮਦਦ ਨਾ ਲਏ। ਸੰਧਾਵਾਲੀਏ ਨੇ ਫਰਾਂਸ ਦੀ ਸਰਕਾਰ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਪਾਂਡੀਚਰੀ ਰਹਿੰਦਿਆਂ, ਸਰਦਾਰ ਠਾਕਰ ਸਿੰਘ ਨੇ ਭਾਰਤੀ ਰਿਆਸਤੀ ਰਾਜਿਆਂ ਨੂੰ ਮਹਾਰਾਜਾ ਦਲੀਪ ਦੇ ਸਰੋਕਾਰ ਬਾਰੇ ਸੋਚਣ ਲਈ ਚਿੱਠੀ ਪੱਤਰ ਕੀਤਾ।

ਪਰ ਸਰਦਾਰ ਠਾਕਰ ਸਿੰਘ ਸੰਧਾਵਾਲੀਏ ਦੇ ਯਤਨ ਅਸਫ਼ਲ ਰਹੇ ਕਿਉਂਕਿ ਭਾਰਤ ਵਿਚ ਬਰਤਾਨਵੀ ਹਕੂਮਤ ਨੇ ਸਿਵਲ ਅਤੇ ਫ਼ੌਜੀ ਸੰਗਠਨ ਬਹੁਤ ਮਜ਼ਬੂਤ ਕਰ ਲਿਆ ਸੀ। ਇਕੱਲਾ-ਦੁਕੱਲਾ ਸਰਦਾਰ ਇਸ ਰਾਜ ਦਾ ਕੁਝ ਵਿਗਾੜ ਨਹੀਂ ਸਕਦਾ ਸੀ। ਸਰਦਾਰ ਠਾਕਰ ਸਿੰਘ ਸੰਧਾਵਾਲੀਆ ਮਾਯੂਸੀ ਵਿਚ 18 ਅਗਸਤ 1887 ਨੂੰ ਪਰਲੋਕ ਸਿਧਾਰ ਗਿਆ। 8 ਸਤੰਬਰ ਨੂੰ ਮਹਾਰਾਣੀ ਬੰਬਾ ਪਰਲੋਕ ਸੁਧਾਰ ਗਈ। ਮਹਾਰਾਜੇ ਦਾ ਰੂਸ ਵਿਚ ਹਮਦਰਦ ਕੈਟਕੌਫ ਵੀ ਚੱਲ ਵੱਸਿਆ। ਜਦੋਂ ਉਹ ਬਰਲਿਨ ਵਿਚ ਠਹਿਰਿਆ ਹੋਇਆ ਸੀ ਤਾਂ ਉਸ ਦੀ ਨਗਦੀ ਅਤੇ ਹੋਰ ਸਾਮਾਨ ਚੋਰੀ ਹੋ ਗਿਆ। ਆਪਣੇ ਗੁਜ਼ਾਰੇ ਲਈ ਮਹਾਰਾਜੇ ਨੂੰ ਆਪਣੀਆਂ ਪੁਸ਼ਾਕਾਂ ਵੇਚਣੀਆਂ ਪਈਆਂ। ਮਜਬੂਰੀਵੱਸ ਮਹਾਰਾਜੇ ਨੂੰ ਹੋਟਲ ਛੱਡ ਕੇ ਆਮ ਜਿਹੇ ਨਿੱਜੀ ਘਰ ਵਿਚ ਦਿਨ ਗੁਜ਼ਾਰਣੇ ਪਏ। 3 ਨਵੰਬਰ 1889 ਨੂੰ ਉਹ ਫਰਾਂਸ ਵਾਪਸ ਆ ਗਿਆ। 21 ਮਈ 1889 ਵਿਚ ਉਸ ਨੇ ਇਕ ਅੰਗਰੇਜ਼ ਲੜਕੀ ਅੱਦਾ ਦੋਅਗਲਸ ਵੈਦਰਿਲ ਨਾਲ ਵਿਆਹ ਕਰਵਾ ਲਿਆ। ਇਹ ਲੜਕੀ ਫਰਾਂਸ ਤੋਂ ਰੂਸ ਤਕ ਦੇ ਸਫ਼ਰ ਅਤੇ ਬਾਅਦ ਵਿਚ ਮਹਾਰਾਜੇ ਨਾਲ ਰਹੀ। ਇਸ ਨੇ ਹਮੇਸ਼ਾ ਹੀ ਮਹਾਰਾਜੇ ਨੂੰ ਆਪਣੀਆਂ ਯੋਜਨਾਵਾਂ ਨੂੰ ਨੇਪਰੇ ਚਾੜ੍ਹਨ ਤੋਂ ਰੋਕਿਆ। ਮਹਾਰਾਜੇ ਦੀ ਵੱਡੀ ਬੇਟੀ ਸ਼ਹਿਜ਼ਾਦੀ ਬੰਬਾ ਦੀ ਰਾਏ ਸੀ ਕਿ ਇਹ ਅੰਗਰੇਜ਼ ਲੜਕੀ ਅੰਗਰੇਜ਼ੀ ਸਰਕਾਰ ਦੀ ਜਾਸੂਸ ਸੀ।

ਜਦੋਂ ਮਹਾਰਾਜਾ ਗਰੈਂਡ ਹੋਟਲ ਪੈਰਿਸ ਵਿਚ ਆਖ਼ਰੀ ਦਿਨ ਲੰਘਾ ਰਿਹਾ ਸੀ ਤਾਂ ਜੁਲਾਈ 1890 ਵਿਚ ਉਸ ਨੂੰ ਅਧਰੰਗ ਹੋ ਗਿਆ। 22 ਅਕਤੂਬਰ 1893 ਨੂੰ ਮਹਾਰਾਜਾ ਗ੍ਰੈਂਡ ਹੋਟਲ ਪੈਰਿਸ ਵਿਚ ਪਰਲੋਕ ਸਿਧਾਰ ਗਿਆ। ਬਾਅਦ ਵਿਚ ਉਸ ਦੇ ਲੜਕੇ ਵਿਕਟਰ ਇਮੈਨੁਅਲ ਨੇ ਆਪਣੇ ਬਾਪ ਦੀ ਦੇਹ ਨੂੰ ਲਿਆ ਕੇ ਐਲਵਿਡਨ ਹਾਲ ਦੇ ਚਰਚ ਦੀ ਜ਼ਮੀਨ ਵਿਚ ਦਫ਼ਨਾ ਦਿੱਤਾ। 1894 ਵਿਚ ਇਹ ਐਸਟੇਟ ਲਾਰਡ ਇਵਾਅਗ ਨੂੰ ਵੇਚ ਦਿੱਤੀ। ਇਹ ਉਹੀ ਇੰਗਲੈਂਡ ਦੀ ਨਿਰਦਈ ਧਰਤੀ ਸੀ ਜਿਸ ਨੂੰ ਮਹਾਰਾਜਾ ਛੱਡ ਗਿਆ ਸੀ। ਮਹਾਰਾਜੇ ਦੀ ਮੌਤ ਨਾਲ ਨਾ ਕੇਵਲ ਪੰਜਾਬ ਦੇ ਸ਼ਾਹੀ ਖਾਨਦਾਨ ਦਾ ਅੰਤ ਹੋਇਆ ਸਗੋਂ ਸੁਤੰਤਰਤਾ ਦੀ ਆਖ਼ਰੀ ਚਿਣਗ ਵੀ ਬੁਝ ਗਈ।

# ਪੰਜਾਬੀ ਸੂਬਾ ਮੋਰਚੇ ਦੇ ਸ਼ੁਰੂ ਹੋਣ ਤੋਂ ਲੈ ਕੇ ਮੌਜੂਦਾ ਪੰਜਾਬ ਬਣਨ ਤੇ ਇਸ ਪਏ ਪ੍ਰਭਾਵਾਂ ਦੀ ਕਹਾਣੀ

ਅਜੋਕਾ ਪੰਜਾਬ, ਪੰਜਾਬੀ ਭਾਸ਼ਾਈ ਸੂਬੇ ਵਜੋਂ ਪਹਿਲੀ ਵਾਰ ਇੱਕ ਨਵੰਬਰ 1966 ਵਿੱਚ ਹੋਂਦ ਵਿੱਚ ਆਇਆ ਸੀ। ਇਸ ਦੀ 57ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ।

ਅਜ਼ਾਦੀ ਤੋਂ ਬਾਅਦ ਭਾਸ਼ਾਈ ਸੂਬਿਆਂ ਦੀ ਮੰਗ ਹਰ ਪਾਸਿਓਂ ਉੱਠ ਰਹੀ ਸੀ, ਜਿਸ ਮਗਰੋਂ ਭਾਸ਼ਾ ਦੇ ਅਧਾਰ ਉੱਤੇ ਕਈ ਸੂਬੇ ਹੋਂਦ ਵਿੱਚ ਆਏ।

ਇਸ ਲੇਖ ਵਿੱਚ ਅਸੀਂ ਪੰਜਾਬੀ ਸੂਬੇ ਦੀ ਸਥਾਪਨਾ ਅਤੇ ਪਿਛੋਕੜ ਦੀ ਗੱਲ ਕਰਾਂਗੇ।

3 ਜੂਨ, 1947 ਨੂੰ ਲਾਰਡ ਮਾਂਊਟਬੈਟਨ ਦੁਆਰਾ ਦਿੱਤੀ ਗਈ ਯੋਜਨਾ ਅਨੁਸਾਰ ਭਾਰਤ ਅਤੇ ਪਾਕਿਸਤਾਨ ਬਣਨ ਨਾਲ ਪੰਜਾਬ ਦੀ ਵੰਡ ਵੀ ਹੋਈ ਸੀ।

ਜਿਸ ਦੇ ਫਲਸਰੂਪ 15 ਅਗਸਤ 1947 ਨੂੰ ਧਰਮ ਅਧਾਰਤ ਦੋ ਦੇਸ਼ ਪਾਕਿਸਤਾਨ ਅਤੇ ਹਿੰਦੁਸਤਾਨ ਹੋਂਦ ਵਿਚ ਆਏ ਸਨ।

ਸਿੱਖ ਬਹੁਗਿਣਤੀ ਅਧਾਰਤ ਵੱਖਰਾ ਪ੍ਰਾਂਤ ਪੰਜਾਬ ਨਾ ਬਣ ਸਕਿਆ। ਇਸ ਦਾ ਪੰਜਾਬ ਦੀ ਜਨਸੰਖਿਆ ਦੀ ਬਣਤਰ ਤੇ ਗਹਿਰਾ ਪ੍ਰਭਾਵ ਪਿਆ ਸੀ।

1947 ਈਸਵੀ ਨੂੰ ਪੰਜਾਬ ਦੇ ਬਟਵਾਰੇ ਉਪਰੰਤ ਭਾਰਤੀ ਪੰਜਾਬ ਵਿਚ ਸਿੱਖਾਂ ਦੀ ਗਿਣਤੀ ਲਗਭਗ 30 ਪ੍ਰਤੀਸ਼ਤ, ਹਿੰਦੂਆਂ ਦੀ 70 ਪ੍ਰਤੀਸ਼ਤ ਅਤੇ ਮੁਸਲਮਾਨਾਂ ਦੀ ਨਾ ਹੋਣ ਦੇ ਬਰਾਬਰ ਰਹਿ ਗਈ ਸੀ।

ਸਿੱਖ ਸਮਾਜ ਵਿਚ ਉਸ ਸਮੇਂ ਤੋਂ ਹੀ ਸਿੱਖ ਰਾਜ ਜਾਂ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਸਥਾਪਨਾ ਕਰਨ ਹਿੱਤ ਕਈ ਪ੍ਰਕਾਰ ਦੇ ਸੁਝਾਅ ਆਉਣੇ ਸ਼ੁਰੂ ਹੋ ਗਏ ਸਨ।

15 ਜੁਲਾਈ, 1948 ਨੂੰ ਪੰਜਾਬ ਦੀਆਂ ਅੱਠ ਰਿਆਸਤਾਂ ਪਟਿਆਲਾ, ਨਾਭਾ, ਫ਼ਰੀਦਕੋਟ, ਮਾਲੇਰਕੋਟਲਾ, ਕਪੂਰਥਲਾ, ਜੀਂਦ, ਕਲਸੀਆ ਅਤੇ ਨਾਲਾਗੜ੍ਹ ਨੂੰ ਮਿਲਾ ਕੇ ਨਵੇਂ ਪ੍ਰਾਂਤ ਪੈਪਸੂ ਭਾਵ ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ ਦੀ ਸਥਾਪਨਾ ਕੀਤੀ ਗਈ ਸੀ।


ਜਿਸ ਦੇ ਰਾਜ ਪ੍ਰਮੁੱਖ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਲਗਾਇਆ ਗਿਆ ਸੀ। ਪੈਪਸੂ ਰਾਜ ਵਿਚ ਸਿੱਖਾਂ ਦੀ ਬਹੁ ਸੰਖਿਆ ਸੀ। ਪੈਪਸੂ ਰਾਜ 1956 ਈ. ਤੱਕ ਕਾਇਮ ਰਿਹਾ ਸੀ।

## 1952 ਈ. ਸੰਵਿਧਾਨਕ ਰਿਆਇਤਾਂ ਦੀ ਮੰਗ

ਇਸ ਸਮੇਂ ਦੌਰਾਨ ਹੀ ਪਾਕਿਸਤਾਨ ਤੋਂ ਆਏ ਸਿੱਖ ਸ਼ਰਨਾਰਥੀਆਂ ਅਤੇ ਪੰਜਾਬ ਦੇ ਕੁਝ ਸਿੱਖ ਨੇਤਾਵਾਂ ਦੁਆਰਾ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਅਧੀਨ ਭਾਰਤ ਦੀਆਂ ਵਿਧਾਨ ਪਾਲਿਕਾਵਾਂ ਵਿਚ ਸਿੱਖਾਂ ਲਈ ਰਾਖਵੀਆਂ ਸੀਟਾਂ, ਪੰਜਾਬ ਵਿਧਾਨ ਸਭਾ ਵਿਚ 50 ਪ੍ਰਤੀਸ਼ਤ ਸੀਟਾਂ ਅਤੇ ਕੇਂਦਰੀ ਵਿਧਾਨ ਪਾਲਿਕਾ ਵਿਚ 5 ਪ੍ਰਤੀਸ਼ਤ ਰਾਖਵੀਆਂ ਸੀਟਾਂ ਦੀ ਮੰਗ ਕਰਨੀ ਸ਼ੁਰੂ ਕੀਤੀ ਗਈ।

ਇਸੇ ਤਰ੍ਹਾਂ ਦਿੱਲੀ, ਉਤਰ ਪ੍ਰਦੇਸ਼ ਆਦਿ ਪ੍ਰਦੇਸ਼ਾਂ ਦੀਆਂ ਵਿਧਾਨ ਪਾਲਿਕਾਵਾਂ ਵਿਚ ਵੀ ਰਾਖਵੀਆਂ ਸੀਟਾਂ ਤੇ ਭਾਰਤੀ ਰਾਸ਼ਟਰੀ ਸੈਨਾ ਵਿਚ ਰਾਖਵੀਆਂ ਨੌਕਰੀਆਂ ਦੀ ਮੰਗ ਕੀਤੀ ਜਾਣ ਲੱਗੀ ਸੀ।

## ਪੰਜਾਬੀ ਸੂਬੇ ਦੀ ਮੰਗ




ਜਦੋਂ ਉਪਰੋਕਤ ਮੰਗਾਂ ਨਾ ਮੰਨੀਆਂ ਗਈਆਂ ਤਾਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਸ਼ਾ ਦੇ ਅਧਾਰ ਤੇ ਨਵੇਂ 'ਪੰਜਾਬੀ ਸੂਬੇ' ਦੀ ਮੰਗ ਕੀਤੀ ਗਈ। ਮਾਸਟਰ ਤਾਰਾ ਸਿੰਘ ਤੇ ਹੋਰ ਸਿੱਖ ਨੇਤਾਵਾਂ ਨੂੰ ਜੇਲ ਭੇਜਿਆ ਗਿਆ। 1949 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬੇ ਨੂੰ ਟੀਚਾ ਮੰਨ ਕੇ ਮਤਾ ਪਾਸ ਕੀਤਾ ਗਿਆ ਕਿ ਸਿੱਖ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਦੇ ਸਨਮਾਣ ਅਤੇ ਆਤਮ ਸਨਮਾਣ ਦੀ ਰੱਖਿਆ ਲਈ ਪੰਜਾਬੀ ਭਾਸ਼ਾ ਵਾਲੇ ਸੂਬੇ ਦੀ ਸਥਾਪਨਾ ਦੀ ਵਧੇਰੇ ਲੋੜ ਮਹਿਸੂਸ ਕਰਦੇ ਹਨ।

ਡਾ. ਏਐੱਸ ਨਾਰੰਗ ਦੀ ਕਿਤਾਬ 'ਸਟੋਰਮ ਓਵਰ ਦੀ ਸਤਲੁਜ' ਅਨੁਸਰ ਅਸਲ ਵਿਚ ਪੰਜਾਬੀ ਸੂਬੇ ਦੀ ਮੰਗ ਅਜਿਹੇ ਰਾਜ ਦੀ ਮੰਗ ਸੀ, ਜਿਸ ਵਿਚ ਸਿੱਖਾਂ ਦੀ ਬਹੁਗਿਣਤੀ ਹੋਵੇ। ਭਾਵੇਂ ਕਿ ਸਿੱਖਾਂ ਦੀ ਬਹੁਗਿਣਤੀ ਦੀ ਥਾਂ ਗੁਰਮੁਖੀ ਲਿੱਪੀ ਵਿਚ ਪੰਜਾਬੀ ਭਾਸ਼ਾ ਸਰਕਾਰੀ ਤੌਰ 'ਤੇ ਅਪਣਾਉਣ ਉਪਰ ਵਧੇਰੇ ਜ਼ੋਰ ਦਿੱਤਾ ਗਿਆ ਸੀ।

ਲਾਹੌਰ ਤੋਂ ਛਪਦੇ ਹਿੰਦੂ ਅਖ਼ਬਾਰਾਂ ਅਤੇ ਦਿ ਟ੍ਰਿਬਿਊਨ ਅਖ਼ਬਾਰ ਵੱਲੋਂ ਪੰਜਾਬੀ ਸੂਬੇ ਦੀ ਮੰਗ ਵਿਰੁੱਧ ਲੇਖ ਛਾਪੇ ਗਏ, ਜਿਸ ਨਾਲ ਹਿੰਦੂ ਸਿੱਖ ਟਕਰਾਅ ਵਧਣ ਲੱਗੇ। ਜਿਸ ਕਾਰਨ ਲਗਭਗ ਅਗਲੇ ਦੋ ਦਹਾਕੇ ਪੰਜਾਬ ਵਿਚ ਖ਼ੂਨ-ਖਰਾਬੇ ਵਾਲਾ ਮਾਹੌਲ ਬਣਿਆ ਰਿਹਾ। 948 ਤੋਂ 1966 ਤੱਕ ਪੰਜਾਬੀ ਸੂਬੇ ਦੀ ਮੰਗ ਨਾਲ ਸਬੰਧਤ ਕੁਝ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਸੱਚਰ ਫਾਰਮੂਲਾ (2 ਅਕਤੂਬਰ 1949) – ਰਾਜਾਂ ਦੇ ਪੁਨਰਗਠਨ ਸਬੰਧੀ ਕਮਿਸ਼ਨ (1956)

## ਰੀਜਨਲ ਫਾਰਮੂਲਾ (1957)

- ਹਿੰਦੂ ਸਮਾਜ ਵਲੋਂ ਰੀਜਨਲ ਫਾਰਮੂਲੇ ਦੀ ਵਿਰੋਧਤਾ ਅਤੇ ਪੰਜਾਬੀ ਸੂਬੇ ਦੀ ਮੰਗ ਵਿਚ ਖੜੋਤ,
- 1958 ਈ. ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬੀ ਸੂਬੇ ਦੀ ਮੰਗ ਲਈ ਮੁੜ ਅੰਦੋਲਨ ਸ਼ੁਰੂ ਕਰਨਾ
- ਐੱਸਆਰ ਦਾਸ ਕਮਿਸ਼ਨ ਦੀ ਸਥਾਪਨਾ 1961
- ਸ਼੍ਰੋਮਣੀ ਅਕਾਲੀ ਦਲ ਦਾ ਦੋਫਾੜ ਹੋਣਾ
- ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਮੁੱਖ ਮੰਤਰੀ ਪਦ ਤੋਂ ਅਸਤੀਫ਼ਾ ਦੇਣਾ (1964),
- ਸੰਤ ਫ਼ਤਿਹ ਸਿੰਘ ਦੀ ਅਗਵਾਈ ਅਧੀਨ ਪੰਜਾਬੀ ਸੂਬਾ ਅੰਦੋਲਨ ਦਾ ਚੱਲਣਾ ਭਾਰਤ ਪਾਕਿਸਤਾਨ ਦੀ 1965 ਦੀ ਜੰਗ ਦਾ ਪ੍ਰਭਾਵ
- ਕੇਂਦਰ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੇ ਬਿਆਨ 'ਤੇ ਅਧਾਰਤ 22 ਸੰਸਦ ਮੈਂਬਰਾਂ ਦੀ ਕਮੇਟੀ ਦਾ ਗਠਨ
- ਭਾਰਤੀ ਰਾਸ਼ਟਰੀ ਕਾਂਗਰਸ ਦੁਆਰਾ ਪੰਜਾਬੀ ਸੂਬਾ ਬਣਾਉਣ ਦਾ ਫ਼ੈਸਲਾ ਲੈਣਾ

## ਪੰਜਾਬੀ ਸੂਬਾ ਪ੍ਰਸਤਾਵ

10 ਮਾਰਚ, 1966 ਨੂੰ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀ ਅਗਵਾਈ ਅਧੀਨ ਕੇਂਦਰੀ ਸਰਕਾਰ ਵੱਲੋਂ ਉਸ ਸਮੇਂ ਦੇ ਪੰਜਾਬ ਰਾਜ ਵਿਚੋਂ ਇੱਕ ਪੰਜਾਬੀ ਰਾਜ ਭਾਸ਼ਾ ਵਾਲੇ ਸੂਬੇ ਦਾ ਨਿਰਮਾਣ ਕੀਤੇ ਜਾਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ।

ਜਿਸ ਦੇ ਫਲਸਰੂਪ ਸਤੰਬਰ 1966 ਵਿਚ 'ਪੰਜਾਬ ਰਾਜਾਂ ਦੇ ਪੁਨਰਗਠਨ ਸਬੰਧੀ ਬਿੱਲ' ਪਾਸ ਹੋਇਆ ਸੀ।

ਦੋ ਨਵੇਂ ਸੂਬਿਆਂ ਪੰਜਾਬ ਅਤੇ ਹਰਿਆਣਾ ਦੀਆਂ ਸੀਮਾਵਾਂ ਤੈਅ ਕਰਨ ਹਿੱਤ ਤਿੰਨ ਮੈਂਬਰੀ ਕਮੇਟੀ ਨਿਆਂਮੂਰਤੀ ਜੇਸੀ ਸ਼ਾਹ ਦੀ ਪ੍ਰਧਾਨਗੀ ਅਧੀਨ 'ਪੰਜਾਬ ਬਾਂਊਡਰੀ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਸੀ।

## ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ

- ਨਵੇਂ ਪੰਜਾਬੀ ਸੂਬੇ ਵਿਚ ਮੌਜੂਦਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਇਲਾਕੇ ਸਨ। ਨਵੇਂ ਪੰਜਾਬ ਵਿਚ ਸਿੱਖ 56 ਫੀਸਦੀ ਸਨ।
- ਇੱਥੇ ਬੋਲੀ ਜਾਣ ਵਾਲੀ ਬੋਲੀ ਪੰਜਾਬੀ ਗੁਰਮੁਖੀ ਸੀ। ਦੂਸਰਾ ਸੂਬਾ ਹਰਿਆਣਾ ਹਿੰਦੀ ਬੋਲੀ ਬੋਲਣ ਵਾਲਿਆਂ ਦੀ ਬਹੁ ਗਿਣਤੀ ਤੇ ਅਧਾਰਤ ਸੀ।
- ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਹੋਵੇਗੀ।
- ਚੰਡੀਗੜ੍ਹ ਅਤੇ ਭਾਖੜਾ ਬਿਆਸ ਡੈਮ ਦਾ ਪ੍ਰਬੰਧ ਕੇਂਦਰੀ ਸਰਕਾਰ ਅਧੀਨ ਹੋਵੇਗਾ।
- ਦੋਵੇਂ ਸੂਬਿਆਂ ਦਾ ਗਵਰਨਰ ਇਕ ਹੋਵੇਗਾ, ਪਰੰਤੂ ਬਾਅਦ ਵਿਚ ਦੋ ਗਵਰਨਰ ਨਿਯੁਕਤ ਕੀਤੇ ਜਾਣਗੇ।
- ਦੋਵੇਂ ਸੂਬਿਆਂ ਦੀ ਇਕੋ ਉੱਚ ਅਦਾਲਤ ਹੋਵੇਗੀ।
- ਨਵੇਂ ਸੂਬੇ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੋਵੇਗੀ।
- ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਹਿੰਦੀ ਦੇਵਨਾਗਰੀ ਲਿਪੀ ਵਿਚ ਰਾਜ ਭਾਸ਼ਾ ਹੋਵੇਗੀ।
- ਪੰਜਾਬ ਦੇ ਕੁਝ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਿਲ ਕੀਤੇ ਗਏ ਸਨ।
- ਪੰਜਾਬ ਤੇ ਹਰਿਆਣਾ ਸੂਬਿਆਂ ਦਾ ਸਾਂਝਾ ਬਿਜਲੀ ਬੋਰਡ ਹੋਵੇਗਾ।

## ਪੰਜਾਬ ਸੂਬੇ ਦੀ ਸਥਾਪਨਾ ਦੇ ਕੁਝ ਮਹੱਤਵਪੂਰਨ ਪ੍ਰਭਾਵ

ਪੰਜਾਬ ਸਿੱਖ ਬਹੁਗਿਣਤੀ ਵਾਲਾ ਸੂਬਾ ਬਣ ਗਿਆ ਪਰ ਕੁਝ ਮਹੱਤਵਪੂਰਨ ਮਸਲੇ ਜਿਵੇਂ ਰਾਜਾਂ ਦੀ ਖ਼ੁਦਮੁਖਤਿਆਰੀ, ਪੰਜਾਬੀ ਬੋਲੀ ਬੋਲਣ ਵਾਲੇ ਇਲਾਕੇ, ਚੰਡੀਗੜ੍ਹ ਦਾ ਮਸਲਾ, ਨਹਿਰੀ ਪਾਣੀਆਂ ਦਾ ਮਸਲਾ ਲਟਕ ਗਏ। ਜਿਸ ਦਾ ਨਤੀਜਾ ਦਰਬਾਰ ਸਾਹਿਬ ਉੱਤੇ ਫੌਜੀ ਕਾਰਵਾਈ , ਪੰਜਾਬ ਦੇ ਹਾਲਾਤਾਂ ਦਾ ਖ਼ਰਾਬ ਹੋਣਾ, ਹਿੰਦੂ-ਸਿੱਖਾਂ ਵਿਚਕਾਰ ਨਫ਼ਰਤ ਵਾਲਾ ਮਾਹੌਲ ਪੈਦਾ ਹੋਣ ਦੇ ਰੂਪ ਵਿੱਚ ਨਿਕਲਿਆ। ਹਾਲਾਤ ਦੇ ਮੱਦੇਨਜ਼ਰ ਲੰਮਾਂ ਸਮਾਂ ਪੰਜਾਬ ਵਿਚ ਗਵਰਨਰ ਰਾਜ ਰਿਹਾ, ਬੇਰੁਜ਼ਗਾਰੀ ਦਾ ਵਧ ਗਈ, ਆਰਥਿਕ ਤੌਰ ਤੇ ਸੂਬੇ ਦਾ ਪੱਛੜ ਗਿਆ। ਪੰਜਾਬ ਵਿੱਚ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋਈ, ਪੰਜਾਬੀ ਹਿੰਦੂਆਂ ਦਾ ਗੁਆਂਢੀ ਸੂਬਿਆਂ ਵੱਲ ਜਾਣ ਕਰਕੇ ਉਦਯੋਗ ਉੱਤੇ ਮਾਰ ਪਈ ਪੰਜਾਬੀਆਂ ਦਾ ਵਿਦੇਸ਼ਾਂ ਵੱਲ ਰੁਝਾਨ ਵਧ ਗਿਆ ਅਤੇ ਸਰਹੱਦੀ ਸੂਬਾ ਹੋਣ ਕਰਕੇ ਅਸ਼ਾਂਤੀ ਵਾਲੇ ਮਾਹੌਲ ਕਾਰਨ ਰਾਜਨੀਤਕ ਅਸਥਿਰਤਾ ਤੇ ਪੰਜਾਬੀ ਨੌਜਵਾਨਾਂ ਦਾ ਹਿੰਸਕ ਹੋਣ ਤੇ ਨਸ਼ਿਆਂ ਵੱਲ ਰੁਝਾਨ ਪੈਦਾ ਹੋਣੇ ਇਸ ਮਸਲੇ ਦੇ ਸਿੱਧੇ ਜਾਂ ਅਸਿੱਧੇ ਪ੍ਰਭਾਵ ਜੁੜੇ ਹੋਏ ਹਨ।

## ਪੰਜਾਬੀ ਸੂਬੇ ਦੀ ਸਥਾਪਨਾ

1 ਨਵੰਬਰ, 1966 ਈਸਵੀ ਨੂੰ ਭਾਸ਼ਾ ਦੇ ਅਧਾਰ *ਤੇ ਸਥਾਪਤ ਪੰਜਾਬੀ ਸੂਬੇ ਨੂੰ ਲਗਭਗ 67 ਸਾਲ ਹੋ ਚੁੱਕੇ ਹਨ। ਕੁਝ ਇਤਿਹਾਸਕਾਰਾਂ ਅਤੇ ਵਿਦਵਾਨਾਂ ਅਨੁਸਾਰ ਪੰਜਾਬੀ ਸੂਬੇ ਦੀ ਮੰਗ ਬੜੇ ਪਹਿਲਾਂ ਤੋਂ ਹੀ ਹੋ ਰਹੀ ਸੀ ਪਰੰਤੂ ਇਸ ਨੂੰ ਬਰਤਾਨਵੀ ਰਾਜ ਅਤੇ ਭਾਰਤੀ ਸਰਕਾਰਾਂ ਦੁਆਰਾ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਭਾਵੇਂ ਪੰਜਾਬੀ ਸੂਬਾ ਬਣ ਗਿਆ, ਪੰਜਾਬੀ ਰਾਜ ਬਣ ਗਿਆ, ਪੰਜਾਬੀ ਭਾਸ਼ਾ ਦੇ ਸਰਵਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਭਾਸ਼ਾ ਵਿਭਾਗ, ਪੰਜਾਬ ਅਤੇ ਹੋਰ ਅਨੇਕਾਂ ਸੰਸਥਾਵਾਂ ਦੀ ਸਥਾਪਨਾ ਹੋ ਚੁੱਕੀ ਹੈ, ਪਰੰਤੂ ਕੁਝ ਮਸਲੇ ਅਜੇ ਤੱਕ ਬਰਕਰਾਰ ਹਨ। ਸੰਖੇਪ ਵਿਚ ਨਹਿਰਾਂ ਅਤੇ ਦਰਿਆਵਾਂ ਦੇ ਪਾਣੀਆਂ ਦਾ ਮਸਲਾ, ਚੰਡੀਗੜ੍ਹ ਦਾ ਪੰਜਾਬ ਦੀ ਰਾਜਧਾਨੀ ਵਜੋਂ ਸਥਾਪਤ ਨਾਂਹ ਹੋ ਸਕਣਾ ਅਤੇ ਉੱਚ-ਅਧਾਰਤ ਪੰਜਾਬ ਪ੍ਰਾਂਤ ਦਾ ਅਲੱਗ ਨਾ ਹੋਣਾ ਆਦਿ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੋਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Couneller
778-998-9402
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey



# ਸਿਹਤ ਸੰਸਾਰ

## ਤੰਦਰੁਸਤੀ ਚਾਹੁੰਦੇ ਹੋ ਤਾਂ ਰੋਜ਼ ਕਰੋ ਸਵੇਰ ਦੀ ਸੈਰ



ਸਰੀਰ ਤੰਦਰੁਸਤ ਹੋਵੇ ਤਾਂ ਮਨ ਹੀ ਖੁਸ਼ ਰਹਿੰਦਾ ਹੈ। ਸਿਹਤ ਅਤੇ ਸੁੰਦਰਤਾ ਉਸੇ ਨੂੰ ਮਿਲਦੀ ਹੈ, ਜੋ ਨਿਯਮਤ ਕਸਰਤ ਕਰਦਾ ਹੈ। ਸਭ ਤੋਂ ਹਲਕੀ ਅਤੇ ਵਧੀਆ ਕਸਰਤ ਹੈ ਸਵੇਰ ਦੀ ਸੈਰ। ਜੇ ਤੁਹਾਡੇ ਕੋਲ ਅੱਜ ਕਸਰਤ ਲਈ ਸਮਾਂ ਨਹੀਂ ਤਾਂ ਕੱਲ੍ਹ ਨੂੰ ਬਿਮਾਰ ਹੋਣ ਲਈ ਸਮਾਂ ਜ਼ਰੂਰ ਕੱਢਣਾ ਪਵੇਗਾ। ਚੰਗਾ ਭੋਜਨ, ਚਿੰਤਾ ਰਹਿਤ ਜੀਵਨ ਅਤੇ ਸੰਤੁਲਤ ਕਸਰਤ ਤੁਹਾਡੀ ਕਾਇਆ ਨੂੰ ਕੁੰਦਨ ਬਣਾ ਦਿੰਦਾ ਹੈ।

ਖੇਡਣਾ, ਤੈਰਨਾ, ਘੋੜਸਵਾਰੀ ਕਰਨਾ, ਸਾਈਕਲ ਚਲਾਉਣਾ, ਜੋਗਾ ਕਰਨਾ ਆਮ ਕਸਰਤਾਂ ਹਨ। ਡੰਡ ਮਾਰਨੇ, ਕੁਸ਼ਤੀ ਕਰਨੀ, ਮੁਦੱਕਰ ਚੁੱਕਣਾ ਕੁਝ ਔਖੀ ਕਸਰਤ ਹੈ। ਸੁੱਕੇ ਛੋਲੇ ਖਾ ਕੇ ਵੀ ਸਿਹਤ ਨੂੰ ਚੰਗਾ ਰੱਖਿਆ ਜਾ ਸਕਦਾ ਹੈ। ਮਨ ਤੋਂ ਸਾਰੇ ਰੋਗ ਸ਼ੁਰੂ ਹੁੰਦੇ ਹਨ।

ਜੋ ਲੋਕ ਬੈਠ ਕੇ ਕੰਮ ਕਰਦੇ ਹਨ, ਜਿਵੇਂ ਦੁਕਾਨਦਾਰ, ਕਲਰਕ, ਪ੍ਰੋਫੈਸਰ, ਅਧਿਆਪਕ, ਸਾਰਿਆਂ ਲਈ ਕਸਰਤ ਕਰਨੀ ਬਹੁਤ ਜ਼ਰੂਰੀ ਹੈ। ਘੁੰਮਣਾ, ਟਹਿਲਣਾ, ਯੋਗਾ ਜਾਂ ਸਾਈਕਲ ਚਲਾਉਣਾ ਵੀ ਆਪਣੀ ਜਗ੍ਹਾ ਵਧੀਆ ਹੈ।

ਕਸਰਤ ਨਾਲ ਵਾਧੂ ਚਰਬੀ ਸੜ ਕੇ ਘੱਟ ਹੋ ਜਾਂਦੀ ਹੈ, ਨਹੀਂ ਤਾਂ ਚਰਬੀ ਸਾਡੀ ਚਮੜੀ ਦੇ ਹੇਠਾਂ ਬੈਠ ਕੇ ਸਾਡੀ ਤੋਂਦ ਬਾਹਰ ਕੱਢ ਦਿੰਦੀ ਹੈ। ਗੱਲ੍ਹਾਂ ਅਤੇ ਬਾਹਾਂ ਥੁਲਥੁਲੀਆਂ ਹੋ ਜਾਂਦੀਆਂ ਹਨ। ਸਰੀਰ ਦੇ ਅੰਦਰੂਨੀ ਅੰਗ ਜਿਵੇਂ ਗੁਰਦਾ, ਦਿਲ ਅਤੇ ਅੰਤੜੀਆਂ 'ਤੇ ਚਰਬੀ ਜੰਮਣ ਲਗਦੀ ਹੈ। ਰਕਤ ਵਹਿਣੀਆਂ ਤੰਗ ਹੋ ਜਾਂਦੀਆਂ ਹਨ ਅਤੇ ਖੂਨ ਦਾ ਦਬਾਅ ਵਧ ਜਾਂਦਾ ਹੈ। ਸਰੀਰ ਦੀ ਸੁੰਦਰਤਾ ਵਿਗੜ ਜਾਂਦੀ ਹੈ। ਚਾਲ ਵੀ ਪ੍ਰਭਾਵਿਤ ਹੁੰਦੀ ਹੈ। ਚੁਸਤੀ ਘੱਟ ਹੋ ਜਾਂਦੀ ਹੈ। ਡਕਾਰ, ਗੈਸ ਅਤੇ ਬਦਹਜ਼ਮੀ ਆਦਿ ਰੋਗ ਘੇਰਾ ਪਾ ਲੈਂਦੇ ਹਨ, ਜੋ ਬਾਅਦ ਵਿਚ ਭਿਆਨਕ ਰੂਪ ਧਾਰਨ ਕਰ ਲੈਂਦੇ ਹਨ।

ਘਾਹ 'ਤੇ ਨੰਗੇ ਪੈਰ ਚੱਲਣ ਨਾਲ ਅੱਖਾਂ ਦੀ ਨਿਗ੍ਹਾ ਵਧਦੀ ਹੈ। ਚੱਲਣ ਸਮੇਂ ਰੀੜ੍ਹ ਦੀ ਹੱਡੀ ਸਿੱਧੀ ਅਤੇ ਸੀਨਾ ਤਣਿਆ ਹੋਇਆ ਰਹਿਣਾ ਚਾਹੀਦਾ ਹੈ। ਸਵੇਰੇ ਹਵਾ ਵਿਚ ਆਕਸੀਜਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਹਰੇ ਰੰਗ ਨੂੰ ਦੇਖਣ ਨਾਲ ਮਨ ਨੂੰ ਚੁਸਤੀ ਮਿਲਦੀ ਹੈ।

ਸਵੇਰ ਦੀ ਸੈਰ ਸਾਰੇ ਰੋਗਾਂ ਦੀ ਰਾਮਬਾਣ ਸੰਜੀਵਨੀ ਹੈ। ਸਵੇਰ ਦੀ ਸੈਰ ਸ਼ਾਮ ਦੀ ਸੈਰ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ, ਕਿਉਂਕਿ ਸਵੇਰੇ ਧੂੜ-ਮਿੱਟੀ, ਵਾਹਨ ਨਹੀਂ ਹੁੰਦੇ। ਖੂਨ ਸ਼ੁੱਧ ਹੋਕੇ ਜੀਵਨ-ਚੇਤਨਾ ਵਿਚ ਵਾਧਾ ਹੁੰਦਾ ਹੈ।

ਸੈਰ ਕਰਦੇ ਸਮੇਂ ਆਪਣਾ ਮਨ ਅਤੇ ਦਿਮਾਗ ਸ਼ਾਂਤ ਅਤੇ ਵਿਚਾਰ ਰਹਿਤ ਰੱਖਣ ਦੀ ਕੋਸ਼ਿਸ਼ ਕਰੋ। ਇਕੱਲੇ ਹੋਵੋ ਤਾਂ ਵਧੀਆ, ਜੇ ਮਨਪਸੰਦ ਸਾਥੀ ਹੋਣ ਤਾਂ ਹੋਰ ਵੀ ਵਧੀਆ, ਜੇ ਜੀਵਨ ਸਾਥੀ ਨਾਲ ਸੈਰ ਕਰੋ ਤਾਂ ਸਭ ਤੋਂ ਵਧੀਆ ਹੈ।

ਤੰਦਰੁਸਤ ਸਰੀਰ ਲਈ ਜਿੰਨਾ ਜ਼ਰੂਰੀ ਸੰਤੁਲਿਤ ਭੋਜਨ ਹੈ, ਓਨੀ ਹੀ ਜ਼ਰੂਰੀ ਸੰਤੁਲਿਤ ਕਸਰਤ ਹੈ। ਚਲਦੇ ਸਮੇਂ ਆਰਾਮਦਾਇਕ ਬੂਟ ਅਤੇ ਢਿੱਲੇ ਸਫੈਦ ਕੱਪੜੇ ਹੋਣ ਤਾਂ ਸਾਤਵਿਕਤਾ ਵਧ ਜਾਂਦੀ ਹੈ। ਉਦਾਸੀ-ਤਣਾਅ ਦੇ ਮਰੀਜ਼ਾਂ ਨੂੰ ਸੈਰ ਖੁਸ਼ੀ ਦਿੰਦੀ ਹੈ।

ਪਹਾੜ 'ਤੇ ਚੜ੍ਹਨਾ, ਬਰਸਾਤ ਵਿਚ ਛਤਰੀ ਲੈ ਕੇ ਤੁਰਨਾ, ਟ੍ਰੈਕਿੰਗ, ਬੱਚਿਆਂ, ਬਜ਼ੁਰਗਾਂ, ਜਵਾਨਾਂ ਆਦਿ ਸਭ ਲਈ ਆਨੰਦਦਾਇਕ, ਚੁਸਤੀਦਾਇਕ ਹੈ। ਬੁਢਾਪਾ ਨੇੜੇ ਨਹੀਂ ਫਟਕੇਗਾ, ਜੇ ਤੁਸੀਂ ਹਰ ਰੋਜ਼ 5 ਕਿਲੋਮੀਟਰ ਸਵੇਰੇ ਸੈਰ ਕਰੋਗੇ। ਸੈਰ ਦੀ ਦੂਰੀ ਆਪਣੀ ਸਰੀਰਕ ਸਮਰੱਥਾ ਦੇ ਅਨੁਸਾਰ ਕਰੋ। ਇਹ ਦੂਰੀ ਹਰ ਰੋਜ਼ ਵਧਾਉਂਦੇ ਰਹੋ।

ਸੈਰ ਨਾਲ ਤੁਹਾਡੇ ਚਿਹਰੇ ਦੀ ਚਰਬੀ, ਵੱਖੀ 'ਤੇ ਬੇਲੋੜੀ ਚਰਬੀ, ਕੁੱਲਿਆਂ ਦੀ ਚਰਬੀ, ਪੇਟ, ਕਮਰ ਦੀ ਚਰਬੀ ਘੁਲ ਜਾਵੇਗੀ ਅਤੇ ਤੁਸੀਂ ਦੁਬਾਰਾ ਜਵਾਨੀ ਨੂੰ ਪ੍ਰਾਪਤ ਕਰ ਸਕੋਗੇ। ਮੋਟਾਪਾ ਦੂਰ ਦੌੜ ਜਾਵੇਗਾ, ਸਰੀਰ ਦੀਆਂ ਕੈਲੋਰੀਆਂ ਸੜਨਗੀਆਂ। ਸ਼ੂਗਰ ਅਤੇ ਦਿਲ ਦੇ ਮਰੀਜ਼ਾਂ ਨੂੰ ਲਗਾਤਾਰ ਸਵੇਰ ਦੀ ਸੈਰ ਲੰਮੀ ਉਮਰ ਦਿੰਦੀ ਹੈ, ਕਿਉਂਕਿ ਇਸ ਨਾਲ ਰੁਧਿਰ ਸੰਚਾਰ ਸੁਚਾਰੂ ਹੋ ਜਾਂਦਾ ਹੈ। ਖੂਨ ਦਾ ਵਾਧੂ ਗੁਲੂਕੋਜ਼ ਸੜ ਕੇ ਭਸਮ ਹੋ ਜਾਂਦਾ ਹੈ।

ਨਿਯਮਤ ਕਸਰਤ ਨਾਲ ਸਰੀਰ ਦੀਆਂ ਟੁੱਟੀਆਂ-ਭੱਜੀਆਂ ਕੋਸ਼ਿਕਾਵਾਂ ਦੀ ਮੁਰੰਮਤ ਹੋ ਕੇ ਠੀਕ ਹੋ ਜਾਂਦੀ ਹੈ। ਸਰੀਰ ਰਿਸ਼ਟ-ਪੁਸ਼ਟ ਬਣਦਾ ਹੈ। ਸਰੀਰ ਨੂੰ ਜਿਸ ਤਰ੍ਹਾਂ ਹਵਾ-ਪਾਣੀ ਦੀ ਲੋੜ ਹੁੰਦੀ ਹੈ, ਉਸੇ ਅਨੁਪਾਤ ਵਿਚ ਕਸਰਤ ਜ਼ਰੂਰੀ ਹੈ। ਇਸ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧ ਜਾਂਦੀ ਹੈ।

ਜੋ ਰੋਗ ਦਵਾਈ ਨਹੀਂ ਠੀਕ ਕਰ ਸਕਦੀ, ਉਹ ਤੇਜ਼ ਤੁਰਨ ਨਾਲ ਠੀਕ ਹੋ ਜਾਂਦੇ ਹਨ। ਗਠੀਆ, ਸ਼ੂਗਰ, ਦਿਲ ਦੇ ਰੋਗ, ਮੋਟਾਪਾ, ਜੋੜਾਂ ਦਾ ਦਰਦ, ਪਿੱਠ ਦਾ ਦਰਦ, ਕਮਜ਼ੋਰ ਹੱਡੀਆਂ, ਉਦਾਸੀ, ਚਿੰਤਾ ਆਦਿ ਸਵੇਰ ਦੀ ਸੈਰ ਨਾਲ ਦੂਰ ਹੋ ਜਾਂਦੇ ਹਨ। ਆਓ ਅਸੀਂ ਸਭ ਚਲੀਏ ਅਤੇ ਇਨ੍ਹਾਂ ਸਭ ਰੋਗਾਂ ਨੂੰ ਦੂਰ ਭਜਾ ਕੇ ਲੰਮੀ ਉਮਰ ਪਾਈਏ ਅਤੇ ਧਰਤੀ ਤੋਂ ਰੋਗ-ਪ੍ਰਦੂਸ਼ਣ ਨੂੰ ਦੂਰ ਕਰਕੇ ਧਰਤੀ ਨੂੰ ਸਵਰਗ ਨਾਲੋਂ ਸੁੰਦਰ ਬਣਾਉਣ ਵਿਚ ਆਪਣਾ ਯੋਗਦਾਨ ਪਾਈਏ। ਜਿਸ ਦੇਸ਼ ਦੇ ਨਾਗਰਿਕ ਤੰਦਰੁਸਤ ਹੋਣਗੇ, ਉਹ ਦੇਸ਼ ਮੋਹਰੀ ਬਣ ਸਕਦਾ ਹੈ। ਕਮਜ਼ੋਰ ਲੋਕ ਦੇਸ਼ ਨੂੰ ਸ਼ਕਤੀਸ਼ਾਲੀ ਨਹੀਂ ਬਣਾ ਸਕਦੇ।

-ਵਿਜੇਂਦਰ ਕੋਹਲੀ

## ਪਾਓ ਐਸਿਡਿਟੀ ਤੋਂ ਛੁਟਕਾਰਾ

ਜਦੋਂ ਵੀ ਅਸੀਂ ਭੁੱਖ ਨਾਲੋਂ ਜ਼ਿਆਦਾ ਖਾਂਦੇ ਹਾਂ। ਨਿਯਮਤ ਕਸਰਤ ਨਹੀਂ ਕਰਦੇ, ਸਿਗਰਟਨੋਸ਼ੀ ਅਤੇ ਅਲਕੋਹਲ ਦਾ ਸੇਵਨ ਜ਼ਿਆਦਾ ਕਰਦੇ ਹਾਂ। ਅਨਿਯਮਤ ਖਾਣ-ਪੀਣ, ਜ਼ਿਆਦਾ ਤਲੇ ਖਾਧ ਪਦਾਰਥਾਂ ਦਾ ਸੇਵਨ ਕਰਦੇ ਹਾਂ, ਚਾਹ-ਕੌਫੀ ਦਾ ਸੇਵਨ ਵੀ ਜ਼ਿਆਦਾ ਕਰਦੇ ਹਾਂ ਤਾਂ ਇਨ੍ਹਾਂ ਸਭ ਖਾਣ ਅਤੇ ਪੀਣ ਵਾਲੇ ਪਦਾਰਥਾਂ ਨੂੰ ਸਾਡਾ ਪੇਟ ਸਵੀਕਾਰ ਨਹੀਂ ਕਰ ਸਕਦਾ ਤਾਂ ਉਸ ਦਾ ਨਤੀਜਾ ਪੇਟ ਵਿਚ ਤੇਜ਼ਾਬ ਦਾ ਜ਼ਿਆਦਾ ਜਮ੍ਹਾਂ ਹੋਣਾ ਹੋ ਜਾਂਦਾ ਹੈ।

ਬਚਣਾ ਹੈ ਤਾਂ ਰੱਖੋ ਕੁਝ ਗੱਲਾਂ ਦਾ ਧਿਆਨ

- ਖਾਣਾ ਖਾਣ ਤੋਂ ਤੁਰੰਤ ਬਾਅਦ ਬਿਸਤਰ 'ਤੇ ਨਾ ਜਾਓ।
- ਮੁੱਖ ਖਾਣੇ ਨੂੰ ਬਹੁਤਾ ਤੁੰਨ ਕੇ ਨਾ ਲਓ, ਸਗੋਂ ਉਸ ਨੂੰ ਦਿਨ ਵਿਚ 4 ਤੋਂ 5 ਵਾਰ ਕਰ ਕੇ ਖਾਓ।
- ਖਾਣੇ ਵਿਚ ਤਿੱਖੇ ਮਸਾਲੇ ਦੀ ਵਰਤੋਂ ਨਾ ਕਰੋ।
- ਖਾਣਾ ਨਿਯਮਤ ਸਮੇਂ 'ਤੇ ਖੂਬ ਚਬਾ-ਚਬਾ ਕੇ ਖਾਓ।
- ਖਾਣੇ ਦੇ ਨਾਲ ਅਤੇ ਤੁਰੰਤ ਬਾਅਦ ਪਾਣੀ ਦਾ ਸੇਵਨ ਨਾ ਕਰੋ। ਪਾਣੀ ਇਕ ਹੀ ਵਾਰ ਵਿਚ ਇਕੱਠਾ ਨਾ ਪੀਓ, ਦਿਨ ਭਰ ਥੋੜ੍ਹਾ-ਥੋੜ੍ਹਾ ਪਾਣੀ ਪੀਂਦੇ ਰਹੋ।
- ਆਪਣੇ ਭਾਰ 'ਤੇ ਕਾਬੂ ਰੱਖੋ।
- ਰਾਤ ਨੂੰ ਦਾਲਾਂ ਦਾ ਸੇਵਨ ਘੱਟ ਕਰੋ।
- ਹਰਬਲ ਚਾਹ ਦਾ ਸੇਵਨ ਕਰੋ।
- ਨਾਰੀਅਲ ਪਾਣੀ ਦਾ ਨਿਯਮਤ ਸੇਵਨ ਕਰੋ।
- ਸਬਜ਼ੀ ਬਣਾਉਂਦੇ ਸਮੇਂ ਕੁਝ ਮਸਾਲਿਆਂ ਦੀ ਵਰਤੋਂ ਕਰੋ, ਜਿਵੇਂ ਅਦਰਕ, ਲਸਣ, ਪਿਆਜ਼, ਕਾਲੀ ਮਿਰਚ, ਲਾਲ ਮਿਰਚ ਦਾ ਪਾਊਡਰ, ਹਲਦੀ, ਸੌਂਫ, ਪੀਸੀ ਮੇਥੀ ਦਾਣਾ ਦੀ ਵਰਤੋਂ ਜ਼ਰੂਰ ਕਰੋ।
- ਟਮਾਟਰ, ਅਚਾਰ, ਖੱਟੇ ਫਲ, ਟਮਾਟਰ, ਤਿੱਖੀ ਚਟਣੀ, ਤੇਲ ਪਾਪੜ, ਕੌਫੀ, ਚਾਹ, ਚਾਕਲੇਟ ਦਾ ਸੇਵਨ ਘੱਟ ਤੋਂ ਘੱਟ ਕਰੋ।
- ਸ਼ਰਾਬ, ਸਿਗਰਟਨੋਸ਼ੀ ਦਾ ਸੇਵਨ ਵੀ ਘੱਟ ਤੋਂ ਘੱਟ ਕਰੋ।

## ਸਿਹਤ ਦਾ ਦੁਸ਼ਮਣ ਜੰਕ ਫੂਡ

ਅੱਜਕਲ੍ਹ ਜੰਕ ਫੂਡ ਦਾ ਰੁਝਾਨ ਹਰ ਪਾਸੇ ਵਧਦਾ ਜਾ ਰਿਹਾ ਹੈ। ਜਿਸ ਨੂੰ ਦੇਖੋ, ਚਾਹੇ ਉਹ ਬੱਚਾ ਹੋਵੇ, ਜਵਾਨ ਹੋਵੇ ਜਾਂ ਬਜ਼ੁਰਗ, ਪੀਜ਼ਾ ਜਾਂ ਬਰਗਰ ਖਾਂਦੇ ਹੋਏ ਨਜ਼ਰ ਆਉਣਗੇ ਪਰ ਕੀ ਤੁਸੀਂ ਜਾਣਦੇ ਹੋ ਕਿ ਜਦੋਂ ਤੁਸੀਂ ਫਾਸਟ ਫੂਡ ਬਰਗਰ, ਪੀਜ਼ਾ ਜਾਂ ਫਰੈਂਚ ਫ੍ਰਾਈਜ਼ ਆਦਿ ਦਾ ਸੇਵਨ ਕਰਦੇ ਹੋ ਜਾਂ ਆਪਣੇ ਬੱਚਿਆਂ ਨੂੰ ਅਜਿਹਾ ਭੋਜਨ ਖਵਾਉਂਦੇ ਹੋ ਤਾਂ ਤੁਸੀਂ ਖੁਦ ਵੀ ਅਤੇ ਬੱਚਿਆਂ ਨੂੰ ਵੀ ਮੋਟਾਪਾ, ਸ਼ੂਗਰ, ਦਿਲ ਦੇ ਰੋਗਾਂ ਦਾ ਸ਼ਿਕਾਰ ਬਣਾਉਣ ਜਾ ਰਹੇ ਹੋ। ਬਰਗਰ, ਪੀਜ਼ਾ ਆਦਿ ਰਿਫਾਇੰਡ ਮੈਦੇ ਨਾਲ ਬਣੇ ਹੁੰਦੇ ਹਨ। ਇਸ ਤੋਂ ਇਲਾਵਾ ਚਿਕਨ ਪੈਟੀਜ਼, ਡੀਪ ਫ੍ਰਾਈਡ ਮਟਨ ਆਦਿ ਸੰਤ੍ਰਿਪਤ ਚਰਬੀ ਵਾਲੇ ਹੁੰਦੇ ਹਨ।

ਫਾਸਟ ਫੂਡ ਵਿਚ ਲੂਣ ਦੀ ਮਾਤਰਾ ਵੀ ਜ਼ਿਆਦਾ ਹੁੰਦੀ ਹੈ। ਫਾਸਟ ਫੂਡ ਨਾਲ ਕਿਸੇ ਵੀ ਪੋਸ਼ਕ ਤੱਤ ਦੀ ਪ੍ਰਾਪਤੀ ਨਹੀਂ ਹੁੰਦੀ। ਕਦੇ-ਕਦੇ ਤਾਂ ਤਬਦੀਲੀ ਲਈ ਫਾਸਟ ਫੂਡ ਦਾ ਸੇਵਨ ਬਹੁਤਾ ਨੁਕਸਾਨਦਾਇਕ ਨਹੀਂ ਹੁੰਦਾ ਪਰ ਇਹ ਤੁਹਾਡੇ ਭੋਜਨ ਦਾ ਅਟੁੱਟ ਅੰਗ ਬਣਦਾ ਜਾ ਰਿਹਾ ਹੈ ਤਾਂ ਤੁਸੀਂ ਹੁਣ ਤੋਂ ਹੀ ਆਪਣੀ ਸਿਹਤ ਪ੍ਰਤੀ ਚਿੰਤਤ ਹੋਣਾ ਸ਼ੁਰੂ ਕਰ ਦਿਓ, ਕਿਉਂਕਿ ਭਵਿੱਖ ਵਿਚ ਖਤਰੇ ਦੀ ਘੰਟੀ ਕਦੇ ਵੀ ਵੱਜ ਸਕਦੀ ਹੈ।

ਫਾਸਟ ਫੂਡ ਦਾ ਸੇਵਨ ਕਰਨ ਦੀ ਬਜਾਏ ਭਾਰਤੀ ਦਾਲ-ਰੋਟੀ, ਸਬਜ਼ੀਆਂ ਦਾ ਸੇਵਨ ਤੁਹਾਨੂੰ ਸਾਰੇ ਪੋਸ਼ਕ ਤੱਤ ਦੇਵੇਗਾ। ਜੇ ਫਾਸਟ ਫੂਡ ਵਿਚ ਸੋਡੀਅਮ, ਕੈਲੋਰੀ, ਚਰਬੀ ਦੀ ਮਾਤਰਾ ਬਾਰੇ ਜਾਣਿਆ ਜਾਵੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਤੁਹਾਡੀਆਂ ਦਿਲ ਦੀਆਂ ਵਹਿਣੀਆਂ ਲਈ ਕਿੰਨਾ ਨੁਕਸਾਨਦਾਇਕ ਹੈ। ਇਕ ਹੈਮਬਰਗਰ ਵਿਚ ਕੈਲੋਰੀ ਦੀ ਮਾਤਰਾ ਅਨੁਮਾਨਤ 270 ਹੁੰਦੀ ਹੈ ਅਤੇ ਸੋਡੀਅਮ ਦੀ ਮਾਤਰਾ 600 ਮਿ: ਗ੍ਰਾ:, ਇਕ ਚੀਜ਼ ਬਰਗਰ ਵਿਚ ਕੈਲੋਰੀ ਦੀ ਮਾਤਰਾ 320 ਅਤੇ ਸੋਡੀਅਮ ਦੀ ਮਾਤਰਾ 600 ਮਿ: ਗ੍ਰਾ:, ਫ੍ਰੈਂਚ ਫ੍ਰਾਈਜ਼ ਵਿਚ ਕੈਲੋਰੀ ਦੀ ਮਾਤਰਾ 210 ਅਤੇ ਸੋਡੀਅਮ ਦੀ ਮਾਤਰਾ 135 ਮਿ: ਗ੍ਰਾ: ਹੁੰਦੀ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਫਾਸਟ ਫੂਡ ਦਾ ਸੇਵਨ ਤੁਹਾਨੂੰ ਕੈਲੋਰੀ ਅਤੇ ਸੋਡੀਅਮ ਦੀ ਮਾਤਰਾ ਤਾਂ ਬਹੁਤ ਜ਼ਿਆਦਾ ਦਿੰਦਾ ਹੈ ਪਰ ਪੋਸ਼ਕ ਤੱਤਾਂ ਦੇ ਨਾਂਅ 'ਤੇ ਕੁਝ ਨਹੀਂ। ਜੋ ਕੈਲੋਰੀ ਤੁਸੀਂ ਫਾਸਟ ਫੂਡ ਤੋਂ ਪ੍ਰਾਪਤ ਕਰਦੇ ਹੋ, ਉਹ ਵੀ ਚਰਬੀ ਤੋਂ ਪ੍ਰਾਪਤ ਹੁੰਦੀ ਹੈ।

ਜੇ ਕਦੇ ਤੁਹਾਨੂੰ ਫਾਸਟ ਫੂਡ ਦਾ ਸੇਵਨ ਕਰਨਾ ਪੈ ਵੀ ਜਾਵੇ ਤਾਂ ਬਰਗਰ ਜਾਂ ਪੀਜ਼ਾ ਦੇ ਨਾਲ ਕੋਲਡ ਡ੍ਰਿੰਕਸ, ਫ੍ਰੈਂਚ ਫ੍ਰਾਈਸ ਆਦਿ ਨਾ ਲਓ। ਇਸ ਨਾਲ ਤੁਹਾਡੀ ਸਿਹਤ ਨੂੰ ਥੋੜ੍ਹਾ ਘੱਟ ਨੁਕਸਾਨ ਪਹੁੰਚੇਗਾ। ਕਦੇ ਵੀ ਪੀਜ਼ਾ ਜਾਂ ਬਰਗਰ ਲੈਂਦੇ ਸਮੇਂ ਵਾਧੂ ਚੀਜ਼ਾਂ ਨਾ ਪਵਾਓ। ਮਾਸਾਹਾਰੀ ਪੀਜ਼ੇ ਦੀ ਜਗ੍ਹਾ ਸ਼ਾਕਾਹਾਰੀ ਪੀਜ਼ੇ ਦਾ ਹੀ ਆਰਡਰ ਕਰੋ। ਫਾਸਟ ਫੂਡ ਦਾ ਸੇਵਨ ਕਰਦੇ ਸਮੇਂ ਮਸਟਰਡ ਜਾਂ ਕੈਚਅਪ ਨਾ ਲਓ। ਇਸ ਨਾਲ ਸੋਡੀਅਮ ਦੇ ਸੇਵਨ 'ਤੇ ਥੋੜ੍ਹਾ ਕਾਬੂ ਰਹੇਗਾ। ਫਾਸਟ ਫੂਡ ਦੇ ਸੇਵਨ ਤੋਂ ਬਾਅਦ ਸੇਬ ਜਾਂ ਕਿਸੇ ਹੋਰ ਫਲ ਦਾ ਸੇਵਨ ਕਰੋ।



ਇਸ ਤਰ੍ਹਾਂ ਕਿਸੇ ਹੱਦ ਤੱਕ ਤੁਸੀਂ ਆਪਣੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਨੂੰ ਘਟਾ ਸਕੋਗੇ ਪਰ ਜੇ ਤੁਸੀਂ ਚੰਗੀ ਸਿਹਤ ਚਾਹੁੰਦੇ ਹੋ ਤਾਂ ਫਾਸਡ ਫੂਡ ਦੀ ਜਗ੍ਹਾ ਸੂਪ, ਫਲਾਂ, ਸਬਜ਼ੀਆਂ, ਫਲਾਂ ਦਾ ਜੂਸ, ਪੁੰਗਰੀਆਂ ਦਾਲਾਂ, ਸਾਬਤ ਅਨਾਜ ਦਾ ਸੇਵਨ ਕਰੋ ਤਾਂ ਕਿ ਤੁਹਾਨੂੰ ਕਈ ਗੰਭੀਰ ਰੋਗਾਂ ਤੋਂ ਸੁਰੱਖਿਆ ਮਿਲ ਸਕੇ। ਤੁਹਾਡੀ ਸਿਹਤ ਤੁਹਾਡੇ ਆਪਣੇ ਹੱਥ ਵਿਚ ਹੈ। ਤੁਸੀਂ ਚਾਹੋ ਤਾਂ ਸਿਰਫ ਸਵਾਦ ਦੇਖੋ ਜਾਂ ਫਿਰ ਪੋਸ਼ਕ ਤੱਤਾਂ ਦੀ ਪ੍ਰਾਪਤੀ, ਫੈਸਲਾ ਖੁਦ ਹੀ ਕਰੋ।

-ਸੋਨੀ ਮਲਹੋਤਰਾ

ਲਿਖਤ : ਸੁਰਿੰਦਰ ਸਿੰਘ ਤੇਜ
ਸੰਪਰਕ : +91-98555-01488




ਚਾਰ ਦਹਾਕੇ ਪਹਿਲਾਂ ਅਖ਼ਬਾਰੀ ਨੌਕਰੀ ਦੇ ਮੁੱਢਲੇ ਦਿਨਾਂ ਦੌਰਾਨ ਇਕ ਖ਼ਬਰ ਦਾ ਤਰਜਮਾ ਕੀਤਾ ਸੀ ਕਿ ਕਚਰੇ ਤੇ ਕੂੜ-ਕਬਾੜ ਨਾਲ ਭਰਿਆ ਬੇੜਾ ਕੈਲੀਫੋਰਨੀਆ (ਅਮਰੀਕਾ) ਤੋਂ ਕਿਸੇ ਬੇਆਬਾਦ ਪ੍ਰਸ਼ਾਂਤ ਮਹਾਂਸਾਗਰੀ ਜਜ਼ੀਰੇ ਵੱਲ ਰਵਾਨਾ ਹੋਇਆ ਤਾਂ ਜੋ ਸਾਰਾ ਗੰਦ ਉੱਥੇ ਢੇਰ ਕੀਤਾ ਜਾ ਸਕੇ। ਪ੍ਰਸ਼ਾਂਤ ਅੰਦਰ ਹਵਾਈ ਟਾਪੂ ਸਮੂਹ (ਜਿਸ ਨੂੰ ਮੁਕੰਮਲ ਰਾਜ ਦਾ ਦਰਜਾ ਹਾਸਲ ਹੈ) ਤੋਂ ਇਲਾਵਾ 70 ਦੇ ਕਰੀਬ ਅਜਿਹੇ ਛੋਟੇ-ਵੱਡੇ ਜਜ਼ੀਰੇ ਹਨ ਜਿਨ੍ਹਾਂ 'ਤੇ ਅਮਰੀਕਾ ਆਪਣੀ ਮਲਕੀਅਤ ਜਤਾਉਂਦਾ ਹੈ। ਇਨ੍ਹਾਂ ਵਿਚੋਂ ਸਿਰਫ਼ ਤਿੰਨ- ਗੁਆਮ, ਨਾਰਦਰਨ ਮੇਰੀਆਨਾ ਤੇ ਅਮੈਰੀਕਨ ਸਮੋਆ ਹੀ ਆਬਾਦ ਹਨ, ਬਾਕੀ ਬੇਆਬਾਦ ਪਰ ਕਿਸੇ ਵੀ ਬੇਆਬਾਦ ਜਜ਼ੀਰੇ 'ਤੇ ਅਮਰੀਕੀ ਜਲ ਸੈਨਾ ਨੇ ਕੂੜਾ ਢੇਰ ਨਹੀਂ ਕਰਨ ਦਿੱਤਾ। ਬੇੜੇ ਦਾ ਅਮਲਾ ਬੇੜੇ ਉਪਰਲੇ ਬਦਬੂਦਾਰ 'ਅਸਬਾਬ' ਤੋਂ ਤਿੰਨ ਹਫ਼ਤਿਆਂ ਦੇ ਅੰਦਰ ਇਸ ਹੱਦ ਤੱਕ ਅੱਕ ਗਿਆ ਕਿ ਉਸ ਨੇ ਸਾਰੇ ਕੂੜਕਬਾੜ ਨੂੰ ਪ੍ਰਸ਼ਾਂਤ ਮਹਾਂਸਾਗਰ ਅੰਦਰ ਉਲਟ ਦਿੱਤਾ। ਬੜਾ ਰੌਲਾ ਮਚਿਆ ਇਸ ਕਾਰੇ ਤੋਂ। ਇਨਸਾਨੀ ਰਹਿੰਦ-ਖੂੰਹਦ ਸਮੁੰਦਰਾਂ ਵਿਚ ਨਾ ਸੁੱਟਣ ਬਾਰੇ ਨਵੇਂ ਕੌਮਾਂਤਰੀ ਨੇਮ ਬਣਾਉਣ ਦੀਆਂ ਗੱਲਾਂ ਕਈ ਮਹੀਨੇ ਚੱਲਦੀਆਂ ਰਹੀਆਂ। ਫਿਰ ਹੌਲੀ-ਹੌਲੀ ਸਭ ਕੁਝ ਭੁੱਲ-ਭੁਲਾ ਦਿੱਤਾ ਗਿਆ। ਇਸ ਤੋਂ 20 ਵਰ੍ਹੇ ਬਾਅਦ ਇਹ ਹਕੀਕਤ ਸਾਹਮਣੇ ਆਈ ਕਿ ਪ੍ਰਸ਼ਾਂਤ ਮਹਾਂਸਾਗਰ ਦੇ ਕੇਂਦਰ ਬਿੰਦੂ ਜਿੱਥੇ ਸਾਰੀਆਂ ਦਿਸ਼ਾਵਾਂ ਤੋਂ ਆਉਣ ਵਾਲੀਆਂ ਲਹਿਰਾਂ ਆਪੋ 'ਚ ਮਿਲਣ ਮਗਰੋਂ ਉਲਟ ਦਿਸ਼ਾਵਾਂ ਵੱਲ ਰੁਖ਼ਸਤ ਹੁੰਦੀਆਂ ਹਨ, ਵਾਲੇ ਖੇਤਰ ਵਿਚ ਸਾਗਰੀ ਤਲ 'ਤੇ ਪਲਾਸਟਿਕ ਦਾ ਟਿੱਲਾ ਉਸਰ ਰਿਹਾ ਹੈ। ਲਹਿਰਾਂ ਦੇ ਨਾਲ ਉੱਥੇ ਪੁੱਜਣ ਵਾਲੇ ਪਲਾਸਟਿਕ ਦਾ ਉਹ ਜ਼ਖ਼ੀਰਾ ਹੁਣ ਖੇਤਰਫਲ ਪੱਖੋਂ ਏਨਾ ਵੱਡਾ ਹੋ ਗਿਆ ਹੈ ਕਿ ਉਸ ਵਿਚ ਤਿੰਨ ਫਰਾਂਸ ਸਮਾਅ ਸਕਦੇ ਹਨ। ਸਮੁੰਦਰ ਵਿਗਿਆਨੀਆਂ ਦੇ ਅਨੁਮਾਨਾਂ ਮੁਤਾਬਿਕ ਇਸ ਥਾਂ ਉੱਤੇ ਹੁਣ ਵੀ 30 ਲੱਖ ਟਨ ਦੀ ਸਾਲਾਨਾ ਔਸਤ ਨਾਲ ਪਲਾਸਟਿਕ ਲਗਾਤਾਰ ਪਹੁੰਚ ਰਿਹਾ ਹੈ ਜਦੋਂਕਿ ਪ੍ਰਿਥਵੀ ਦੇ ਸਾਰੇ ਸਮੁੰਦਰਾਂ ਵਿਚ ਹਰ ਸਾਲ ਜਮ੍ਹਾਂ ਹੋ ਰਹੇ ਪਲਾਸਟਿਕ ਦੀ ਔਸਤ ਮਿਕਦਾਰ 1.10 ਕਰੋੜ ਟਨ ਦੱਸੀ ਜਾਂਦੀ ਹੈ। ਇਹ ਸਾਰਾ ਕਥਾਕ੍ਰਮ ਕਈ ਕੌਮਾਂਤਰੀ ਪੁਰਸਕਾਰ ਜੇਤੂ ਅਮਰੀਕੀ ਪੱਤਰਕਾਰ ਓਲੀਵਰ ਫਰੈਂਕਲਿਨ-ਵੈਲਿਸ ਦੀ ਨਵੀਂ ਕਿਤਾਬ 'ਵੇਸਟਲੈਂਡ' ਦਾ ਮੁੱਖ ਵਿਸ਼ਾ ਵਸਤੂ ਹੈ। ਸਾਡੇ ਜਹਾਨ ਅੰਦਰ ਕਚਰੇ ਤੇ ਮਲੀਨਤਾ ਦੀ ਬਹੁਲਤਾ ਦਾ ਬੜਾ ਹੌਲਨਾਕ ਮੰਜ਼ਰ ਪੇਸ਼ ਕਰਦੀ ਹੈ ਇਹ ਕਿਤਾਬ ਪਰ ਨਾਲ ਹੀ ਨਵੇਂ ਤਜਰਬਿਆਂ ਵਿਚੋਂ ਕੁਝ ਨਵਾਂ ਪੁੰਗਰਨ ਮੌਲਣ ਦੀਆਂ ਉਮੀਦਾਂ ਵੀ ਰੌਸ਼ਨ ਕਰਦੀ ਹੈ। ਕਿਤਾਬ ਦਾ ਸਿਰਲੇਖ ਨੋਬੇਲ ਪੁਰਸਕਾਰ ਜੇਤੂ ਅਮਰੀਕੀ ਕਵੀ ਟੀ.ਐੱਸ. ਏਲੀਅਟ ਦੀ ਮਹਾਂ ਕਵਿਤਾ 'ਦਿ ਵੇਸਟਲੈਂਡ' ਤੋਂ ਲਿਆ ਗਿਆ ਹੈ। 1932 ਵਿਚ ਪ੍ਰਕਾਸ਼ਿਤ 434 ਸਤਰਾਂ ਦੀ ਇਹ ਕਵਿਤਾ ਜਿੱਥੇ ਪਹਿਲੇ ਮਹਾਂ ਯੁੱਧ ਤੋਂ ਉਪਜੇ ਤ੍ਰਾਸਦਿਕ ਧਰਾਤਲ ਦੇ ਪ੍ਰਸੰਗ ਵਿਚ ਸਾਡੇ ਮਾਤ-ਗ੍ਰਹਿ ਦੀ ਰੂਹਾਨੀ, ਇਖ਼ਲਾਕੀ ਤੇ ਸਮਾਜਿਕ ਫ਼ਨਾਹੀ ਦੀ ਕਹਾਣੀ ਕਹਿੰਦੀ ਹੈ, ਉੱਥੇ ਫਰੈਂਕਲਿਨ-ਵੈਲਿਸ ਦੀ ਕਿਤਾਬ ਰੂਹਾਂ ਦੀ ਥਾਂ ਜਿਸਮਾਂ ਉੱਤੇ ਵੱਧ ਕੇਂਦ੍ਰਿਤ ਹੈ। ਇਹ ਰੂਹਾਨੀ ਜਾਂ ਇਖ਼ਲਾਕੀ ਵੀਰਾਨੀਅਤ ਦੀ ਥਾਂ ਇਨਸਾਨੀ ਫਿਤਰਤ ਤੋਂ ਉਪਜੀ ਫ਼ਿਜ਼ਾਈ ਤਬਾਹੀ ਦੀ ਬਾਤ ਪਾਉਂਦੀ ਹੈ, ਉਹ ਵੀ ਵਿਗਿਆਨਕ ਮਿਜ਼ਾਜ ਤੇ ਅੰਦਾਜ਼ ਨਾਲ। ਫਰੈਂਕਲਿਨ-ਵੈਲਿਸ ਲਿਖਦਾ ਹੈ ਕਿ ਇਨਸਾਨ ਪਿਛਲੀਆਂ ਦੋ-ਚਾਰ ਸਦੀਆਂ ਤੋਂ ਨਹੀਂ, ਪਿਛਲੇ 10 ਹਜ਼ਾਰ ਸਾਲਾਂ ਤੋਂ ਧਰਤੀ ਨੂੰ ਪਲੀਤ ਕਰ ਰਿਹਾ ਹੈ, ਕਚਰਾ ਤੇ ਗੰਦਗੀ ਫੈਲਾ ਕੇ, ਕੁਦਰਤ ਦੀਆਂ ਨਿਆਮਤਾਂ ਨੂੰ ਨਿਰੰਤਰ ਜ਼ਾਇਆ ਕਰ ਕੇ। ਕਚਰਾ ਤਾਂ ਪੇੜ-ਪੌਦੇ ਵੀ ਫੈਲਾਉਂਦੇ ਹਨ ਅਤੇ ਜੀਵ-ਜੰਤ ਵੀ ਪਰ ਉਨ੍ਹਾਂ ਦੇ ਫੋਕਟਾਂ ਨੂੰ ਧਰਤੀ ਦੀ ਪੈਦਾਇਸ਼ੀ ਤਾਕਤ ਮਜ਼ਬੂਤ ਕਰਨ ਜਾਂ ਇਸ ਤਾਕਤ ਦੇ ਖੋਰੇ ਦੀ ਭਰਪਾਈ ਕਰਨ ਦੇ ਜਿਹੜੇ ਵਸੀਲੇ ਕੁਦਰਤ ਨੇ ਵੀ ਇਜਾਦ ਕਰ ਰੱਖੇ ਹਨ, ਉਨ੍ਹਾਂ ਨਾਲ ਨਾ ਪੇੜਪੌਦੇ ਛੇੜ-ਛਾੜ ਕਰਦੇ ਹਨ ਅਤੇ ਨਾ ਹੀ ਜੀਵਜੰਤ। ਇਸ ਤੋਂ ਉਲਟ ਇਨਸਾਨ ਕਚਰਾ ਵੀ ਲੋੜੋਂ ਵੱਧ ਪੈਦਾ ਕਰਦਾ ਆਇਆ ਹੈ ਅਤੇ ਉਸ ਨੂੰ ਖਪਾਉਣ ਦੇ ਕੁਦਰਤ ਦੇ ਵਿਧਾਨ ਵਿਚ ਅੜਿੱਕੇ ਵੀ ਪੈਦਾ ਕਰਦਾ ਆਇਆ ਹੈ, ਖ਼ਾਸ ਕਰ ਕੇ ਪਿਛਲੀਆਂ ਤਿੰਨ ਸਦੀਆਂ ਤੋਂ। ਇਸ ਤੋਂ ਉਪਜਿਆ ਸੰਕਟ ਕਿੰਨਾ ਗੰਭੀਰ ਹੈ, ਇਸ ਦੀ ਤਸਦੀਕ ਇਹ ਤੱਥ ਕਰਦੇ ਹਨ: 'ਸਾਲ 2016 ਦੌਰਾਨ ਦੁਨੀਆ ਭਰ ਵਿਚ 2.01 ਅਰਬ ਟਨ ਠੋਸ ਕਚਰਾ ਪੈਦਾ ਹੋਇਆ; ਤਰਲ ਮਲੀਨਤਾ ਇਸ ਤੋਂ ਵੱਖਰੀ ਰਹੀ। 2016 ਤੋਂ ਬਾਅਦ ਦੇ ਅਨੁਮਾਨ ਜਾਂ ਅੰਕੜੇ ਅਜੇ ਤੱਕ ਉਪਲਬਧ ਨਹੀਂ। ਜ਼ਾਹਿਰ ਹੈ ਠੋਸ ਕਚਰੇ ਦੀ ਪੈਦਾਇਸ਼ ਵਿਚ ਇਜ਼ਾਫ਼ਾ ਹੀ ਹੋਇਆ ਹੋਵੇਗਾ, ਕਮੀ ਤਾਂ ਸੰਭਵ ਨਹੀਂ ਜਾਪਦੀ। 'ਹਰ ਸਾਲ ਔਸਤਨ 4.80 ਅਰਬ ਪਲਾਸਟਿਕ ਬੋਤਲਾਂ, ਦੁਨੀਆ ਭਰ ਵਿਚ ਵੇਚੀਆਂ ਜਾਂਦੀਆਂ ਹਨ। ਭਾਵ ਹਰ ਸਕਿੰਟ ਦੌਰਾਨ 20 ਹਜ਼ਾਰ ਬੋਤਲਾਂ। 'ਠੋਸ ਕਚਰੇ ਨੂੰ ਇਕੱਠਾ ਕਰਨ ਦੀ ਵਿਵਸਥਾ, ਦੁਨੀਆ ਦੇ ਸਿਰਫ਼ 43 ਫ਼ੀਸਦੀ ਸ਼ਹਿਰੀ ਲੋਕਾਂ ਵਾਸਤੇ ਉਪਲਬਧ ਹੈ। ਬਾਕੀ 57 ਫ਼ੀਸਦੀ ਲੋਕ ਜਾਂ ਤਾਂ ਕਚਰਾ ਸਾੜ ਦਿੰਦੇ ਹਨ ਅਤੇ ਜਾਂ ਫਿਰ ਨਦੀਆਂ-ਨਾਲਿਆਂ, ਦਰਿਆਵਾਂ ਤੇ ਸਮੁੰਦਰਾਂ ਵਿਚ ਵਹਾਉਣ ਜਾਂ ਖੱਡਾਂ-ਖਤਾਨਾਂ ਵਿਚ ਸੁੱਟਣ ਦੀ ਜ਼ਿਆਦਤੀ ਕੁਦਰਤ ਨਾਲ ਕਰਦੇ ਹਨ। 'ਦੁਨੀਆ ਦਾ ਇਕ ਵੀ ਮੁਲਕ ਅਜਿਹਾ ਨਹੀਂ ਜਿਸ ਦੇ ਸ਼ਾਹਰਾਹਾਂ ਦੀਆਂ ਖਤਾਨਾਂ, ਪਰਬਤੀ ਖੱਡਾਂ, ਜੰਗਲ-ਬੇਲੇ ਆਦਿ ਪੋਲੀਥੀਨ ਤੇ ਧਾਤੂਈ ਫੌਇਲ ਦੇ ਲਿਫ਼ਾਫ਼ਿਆਂ, ਸਿਗਰਟਾਂ ਦੇ ਪਲਾਸਟਿਕ ਫਿਲਟਰਾਂ ਅਤੇ ਜਲਦੀ ਨਸ਼ਟ ਨਾ ਹੋਣ ਵਾਲੇ ਹੋਰ ਕੂੜੇ-ਕਚਰੇ ਤੋਂ ਮੁਕਤ ਹੋਣ। 'ਵਿਕਸਿਤ ਮੁਲਕ ਕਚਰਾ ਪੈਦਾ ਕਰਨ ਪੱਖੋਂ, ਵਿਕਾਸਸ਼ੀਲ ਦੇਸ਼ਾਂ ਤੋਂ ਕਿਤੇ ਵੱਧ ਗੁਨਾਹਗਾਰ ਹਨ। ਦੁਨੀਆ ਦਾ 60 ਫ਼ੀਸਦ ਕੂੜਕਬਾੜ ਸਿਰਫ਼ 33 ਧਨਾਢ ਮੁਲਕ ਪੈਦਾ ਕਰਦੇ ਹਨ। ਉਂਜ, ਖਪਤਵਾਦ ਦੇ ਪਸਾਰੇ ਨਾਲ ਇਹੋ ਵਬਾਅ ਵਿਕਾਸਸ਼ੀਲ ਮੁਲਕਾਂ ਵਿਚ ਵੀ ਫੈਲ ਰਹੀ ਹੈ। 2050 ਤੱਕ ਉਹ ਵੀ ਹਰ ਵਰ੍ਹੇ 1.30 ਅਰਬ ਟਨ ਕਚਰਾ ਪੈਦਾ ਕਰਨ ਲੱਗ ਜਾਣਗੇ। 'ਜਿੰਨਾ ਵੱਧ ਧਨਾਢ, ਓਨਾ ਵੱਧ ਕਚਰਾ। ਅਮਰੀਕਾ ਦਾ ਇਸ ਪੱਖੋਂ ਅੱਵਲ ਨੰਬਰ; ਹਰ ਅਮਰੀਕੀ ਨਾਗਰਿਕ ਰੋਜ਼ਾਨਾ ਔਸਤਨ ਦੋ ਕਿੱਲੋ ਕਚਰਾ ਪੈਦਾ ਕਰਦਾ ਹੈ। ਇਸ ਮਿਕਦਾਰ ਵਿਚੋਂ 470 ਗ੍ਰਾਮ ਕਚਰਾ ਗਲ-ਸੜ ਕੇ ਰੇਹ ਦੇ ਰੂਪ ਵਿਚ ਧਰਤੀ ਵਿਚ ਸਮਾਉਣ ਵਾਲਾ ਹੁੰਦਾ ਹੈ, 640 ਗ੍ਰਾਮ ਰੀਸਾਈਕਲ ਹੋਣ ਵਾਲਾ ਅਤੇ ਬਾਕੀ ਧਰਤ ਦੀ ਆਬੋ-ਹਵਾ ਤੇ ਫਿਜ਼ਾ ਨੂੰ ਪਲੀਤ ਕਰਨ ਵਾਲਾ। ਯੂ.ਕੇ. ਦੀ ਪ੍ਰਤੀ ਵਿਅਕਤੀ ਪ੍ਰਤੀ ਦਨਿ ਔਸਤ 1.10 ਕਿਲੋਗ੍ਰਾਮ ਹੈ। 'ਪਲਾਸਟਿਕ ਦਾ ਉਤਪਾਦਨ ਤੇ ਵਰਤੋਂ ਘਟਾਉਣ ਦੇ ਉਪਰਾਲੇ ਓਨੇ ਕਾਰਗਰ ਨਹੀਂ ਸਾਬਤ ਹੋ ਰਹੇ ਜਿੰਨੇ ਕਿ ਦਾਅਵੇ ਕੀਤੇ ਜਾਂਦੇ ਹਨ। ਰੀਸਾਈਕਲਿੰਗ ਬਹੁਤ ਵੱਡੀ ਸਨਅਤ ਬਣ ਚੁੱਕੀ ਹੈ, ਪਰ ਫਿਜ਼ਾ ਨੂੰ ਇਹ ਕਿੰਨਾ ਗੰਧਲਾ ਕਰ ਰਹੀ ਹੈ, ਇਸ ਬਾਰੇ ਅੰਕੜੇ ਭਰਮ-ਪਾਊ ਹਨ। 'ਚੀਨ ਨੇ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਨੂੰ ਬਾਕੀ ਦੁਨੀਆ ਦੀ ਨਿਰਮਾਣ ਸਨਅਤ ਤਬਾਹ ਕਰਨ ਵਾਸਤੇ ਖ਼ੂਬ ਵਰਤਿਆ। ਛੇ ਵਰ੍ਹੇ ਪਹਿਲਾਂ ਤੱਕ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਦਾ 85 ਫ਼ੀਸਦੀ ਹਿੱਸਾ ਚੀਨ ਪੁੱਜਦਾ ਸੀ। ਇੱਥੇ ਉਸ ਨੂੰ ਢਾਲਗਾਲ ਕੇ ਅਤੇ ਹਰ ਕਿਸਮ ਦੇ ਸਸਤੇ ਉਤਪਾਦ ਤਿਆਰ ਕਰਕੇ ਦੁਨੀਆ ਭਰ ਦੀਆਂ ਮੰਡੀਆਂ ਵਿਚ ਸੁੱਟੇ ਜਾਂਦੇ ਸਨ। ਬਾਕੀ ਦੁਨੀਆ ਦੀਆਂ ਨਿਰਮਾਣ ਤੇ ਉਤਪਾਦਨ ਕੰਪਨੀਆਂ ਵੀ ਮੁਨਾਫ਼ੇ ਦੀ ਹੋੜ ਵਿਚ ਆਪਣੀਆਂ ਸਨਅਤੀ ਇਕਾਈਆਂ ਬੰਦ ਕਰਕੇ ਚੀਨੀ ਮਾਲ 'ਤੇ ਆਪਣੇ ਠੱਪੇ ਲਾਉਣ ਲੱਗੀਆਂ। ਪਰ ਪਲਾਸਟਿਕ ਰੀਸਾਈਕਲਿੰਗ ਨੇ ਚੀਨੀ ਫ਼ਿਜ਼ਾ ਨੂੰ ਏਨਾ ਜ਼ਹਿਰੀਲਾ ਬਣਾਇਆ ਕਿ 2018 ਵਿਚ 'ਅਪਰੇਸ਼ਨ ਕੌਮੀ ਤਲਵਾਰ' ਰਾਹੀਂ ਚੀਨ ਨੇ ਵਿਦੇਸ਼ਾਂ ਤੋਂ ਕੂੜ-ਕਬਾੜ ਮੰਗਵਾਉਣ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ। ਇਸੇ ਕਾਰਨ ਚੀਨੀ ਵਸਤਾਂ ਹੁਣ ਪਹਿਲਾਂ ਵਾਂਗ ਸਸਤੀਆਂ ਨਹੀਂ। ਉਂਝ, ਚੀਨੀ ਫ਼ੈਸਲੇ ਦਾ ਸਿੱਧਾ ਖ਼ਮਿਆਜ਼ਾ ਹੁਣ ਦੱਖਣ ਏਸ਼ਿਆਈ ਤੇ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਨੂੰ ਭੁਗਤਣਾ ਪੈ ਰਿਹਾ ਹੈ। ਅਮਰੀਕਾ ਤੇ ਯੂਰਪ ਦਾ ਸਾਰਾ ਪਲਾਸਟਿਕ ਤੇ ਧਾਤੂਈ ਕਬਾੜ ਹੁਣ ਭਾਰਤ, ਪਾਕਿਸਤਾਨ, ਬੰਗਲਾਦੇਸ਼, ਮਲੇਸ਼ੀਆ, ਇੰਡੋਨੇਸ਼ੀਆ, ਥਾਈਲੈਂਡ ਤੇ ਵੀਅਤਨਾਮ ਵਿਚ ਡੰਪ ਹੋ ਰਿਹਾ ਹੈ। 'ਬੜੀਆਂ ਠੱਗੀਆਂ ਹੋ ਰਹੀਆਂ ਹਨ ਕਚਰਾ ਪ੍ਰਬੰਧਨ ਤੇ ਰੀਸਾਈਕਲਿੰਗ ਦੇ ਨਾਮ 'ਤੇ। ਜ਼ੀਰੋ ਕਾਰਬਨ ਤੇ ਜ਼ੀਰੋ ਵੇਸਟ ਵਰਗੇ ਸੰਕਲਪਾਂ ਤੇ ਦਾਅਵਿਆਂ ਦੀ ਵੀ ਬਾਰੀਕਬੀਨੀ ਨਾਲ ਪੁਣਛਾਣ ਹੋਣੀ ਚਾਹੀਦੀ ਹੈ। ਸਭ ਕੁਝ ਖ਼ਰਾ ਨਹੀਂ ਹੋ ਰਿਹਾ ਇਨ੍ਹਾਂ ਸੰਕਲਪਾਂ/ਸਿਧਾਂਤਾਂ ਦੇ ਨਾਮ 'ਤੇ। 'ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਿਕ ਦੁਨੀਆ ਦੇ ਤਿੰਨ ਕਰੋੜ (ਗ਼ੈਰਸਰਕਾਰੀ ਅਨੁਮਾਨਾਂ ਅਨੁਸਾਰ ਸੱਤ ਕਰੋੜ) ਲੋਕ ਕੂੜ-ਕਬਾੜ ਖੰਘਾਲਣ ਦਾ ਕੰਮ ਕਰ ਰਹੇ ਹਨ। ਉਹ ਇਸ ਦੇ ਜ਼ਰੀਏ ਆਪਣਾ ਪੇਟ ਜ਼ਰੂਰ ਭਰ ਰਹੇ ਹਨ ਪਰ ਅਜਿਹੇ ਖ਼ਤਰਨਾਕ ਜਰਾਸੀਮ ਆਪਣੇ ਅੰਦਰ ਲਿਜਾ ਰਹੇ ਹਨ ਜੋ ਅਗਲੀਆਂ ਕਈ ਪੁਸ਼ਤਾਂ ਨੂੰ ਸਿਹਤਮੰਦ ਜੀਵਨ ਦੀਆਂ ਖ਼ੁਸ਼ੀਆਂ ਤੋਂ ਮਹਿਰੂਮ ਕਰ ਸਕਦੇ ਹਨ। 'ਕੂੜਾ ਪ੍ਰਬੰਧਨ, ਕੂੜਾ ਖੰਘਾਲਣ ਤੇ ਕੂੜੇ ਦੀ ਕੱਚੇ ਮਾਲ ਵਜੋਂ ਵਰਤਣ ਨਾਲ ਜੁੜੇ ਧੰਦਿਆਂ ਨੇ ਤਕਰੀਬਨ ਹਰ ਮੁਲਕ ਵਿਚ ਨਵੇਂ-ਨਵੇਂ ਮਾਫ਼ੀਆ ਪੈਦਾ ਕੀਤੇ ਹਨ ਜੋ ਕਾਨੂੰਨ ਵਿਵਸਥਾ ਲਈ ਵੱਡਾ ਖ਼ਤਰਾ ਹਨ। ਉਪਰੋਕਤ ਸਾਰੇ ਨੁਕਤੇ 'ਵੇਸਟਲੈਂਡ' ਦੀ ਭੂਮਿਕਾ ਦੇ ਸਿਰਫ਼ ਚਾਰ ਪੰਨਿਆਂ ਵਿਚੋਂ ਲਏ ਗਏ ਹਨ। ਬਾਕੀ ਕਿਤਾਬ ਕੀ-ਕੀ ਦੱਸਦੀ ਹੈ, ਉਸ ਦਾ ਅੰਦਾਜ਼ਾ ਇਨ੍ਹਾਂ ਨੁਕਤਿਆਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਫਰੈਂਕਲਿਨ-ਵੈਲਿਸ ਨੇ ਇਹ ਸਾਰਾ ਗਹਿਰ-ਗਿਆਨ ਖੋਜਣ, ਖੰਘਾਲਣ ਤੇ ਕਲਮਬੰਦ ਕਰਨ ਉੱਤੇ ਪੂਰੇ ਚਾਰ ਸਾਲ ਲਾਏ। ਉਹ ਗਾਜ਼ੀਪੁਰ (ਦਿੱਲੀ) ਦੇ ਕੂੜੇ ਦੇ ਪਹਾੜਾਂ 'ਤੇ ਵੀ ਚੜ੍ਹਿਆ ਅਤੇ ਲੰਡਨ ਦੇ ਸੀਵਰਾਂ ਵਿਚ ਵੀ ਉਤਰਿਆ। ਵੀਰਾਨ ਅਮਰੀਕੀ ਖਾਣ ਨਗਰੀਆਂ ਦੀ ਕੂੜਾ ਡੰਪਾਂ ਵਜੋਂ ਕੁਵਰਤੋਂ ਦਾ ਜਾਇਜ਼ਾ ਲੈਣ ਵਾਸਤੇ ਉਹ ਤਿੰਨ ਮਹੀਨਿਆਂ ਤੱਕ ਵੱਖ-ਵੱਖ ਨਗਰੀਆਂ ਵਿਚ ਰਾਤਾਂ ਬਸਰ ਕਰਦਾ ਰਿਹਾ ਅਤੇ ਘਾਨਾ ਤੇ ਮੌਜ਼ੰਬੀਕ ਦੀਆਂ ਸੈਕੰਡ ਹੈਂਡ ਮਾਰਕੀਟਾਂ ਵਿਚ ਦੋ ਮਹੀਨੇ ਘੁੰਮਦਾ ਰਿਹਾ ਤਾਂ ਜੋ ਪੱਛਮੀ ਦੇਸ਼ਾਂ ਵੱਲੋਂ ਰੱਦੀ ਕੀਤੇ ਕੱਪੜਿਆਂ, ਜੁੱਤੀਆਂ, ਮੋਬਾਈਲਾਂ, ਟੇਬਲੈਟਾਂ ਤੇ ਟੈਲੀਵਿਜ਼ਨ ਸੈੱਟਾਂ ਨੂੰ ਗ਼ਰੀਬ ਮੁਲਕਾਂ ਵੱਲੋਂ ਸਵੀਕਾਰੇ ਜਾਣ ਅਤੇ ਅੱਗੇ ਹੋਰ ਗ਼ਰੀਬ ਮੁਲਕਾਂ ਵੱਲ ਬਰਾਮਦ ਕੀਤੇ ਜਾਣ ਦੀ ਰਣਨੀਤੀ ਤੇ ਆਰਥਿਕਤਾ ਉਸ ਦੇ ਵੀ ਪੱਲੇ ਪੈ ਸਕੇ। ਅਜਿਹੀਆਂ ਮਸ਼ਕਾਂ ਦੌਰਾਨ ਉਸ ਨੇ ਖ਼ੁਦ ਨੂੰ ਇਕ ਨਾਮੁਰਾਦ ਬਿਮਾਰੀ ਲਾ ਲਈ ਜਿਸ ਦਾ ਇਲਾਜ ਕਾਫ਼ੀ ਮਹਿੰਗਾ ਹੈ। ਭੂਮਿਕਾ ਤੇ ਅੰਤਿਕਾ ਤੋਂ ਇਲਾਵਾ ਕਿਤਾਬ ਦੇ ਤਿੰਨ ਅਨੁਭਾਗ ਹਨ ਜਿਨ੍ਹਾਂ ਨੂੰ ਉਸ ਨੇ ਮਲੀਨ, ਬਦਬੂਦਾਰ ਤੇ ਜ਼ਹਿਰੀਲਾ ਨਾਮ ਦਿੱਤੇ ਹਨ। ਪਹਿਲੇ ਅਨੁਭਾਗ ਦੇ ਪੰਜ ਅਧਿਆਇ ਹਨ, ਦੂਜੇ ਦੇ ਤਿੰਨ ਅਤੇ ਤੀਜੇ ਦੇ ਚਾਰ। ਇਹ ਅਧਿਆਇ ਦੱਸਦੇ ਹਨ ਕਿ ਜੂਠ ਨੂੰ ਕਿਵੇਂ ਬਿਲੇ ਲਾਇਆ ਜਾਂਦਾ ਹੈ, ਪਲਾਸਟਿਕ ਨੂੰ ਰੀਸਾਈਕਲ ਕਰ ਕੇ ਕੀ ਕੁਝ ਕਿੱਥੇ ਕਿੱਥੇ ਬਣਾਇਆ ਜਾਂਦਾ ਹੈ ਅਤੇ ਹੋਰ ਗ਼ੈਰ-ਮੁਫ਼ੀਦ ਰਹਿੰਦ-ਖੂੰਹਦ ਦੀ ਕਿੱਥੇ ਵਰਤੋਂ ਕੀਤੀ ਜਾਂਦੀ ਹੈ। ਇਸ ਸਾਰੇ ਅਮਲ ਦੌਰਾਨ ਕਿਹੜੀਆਂ-

"ਜਿੰਨਾ ਵੱਧ ਧਨਾਢ, ਓਨਾ ਵੱਧ ਕਚਰਾ। ਅਮਰੀਕਾ ਦਾ ਇਸ ਪੱਖੋਂ ਅੱਵਲ ਨੰਬਰ; ਹਰ ਅਮਰੀਕੀ ਨਾਗਰਿਕ ਰੋਜ਼ਾਨਾ ਔਸਤਨ ਦੋ ਕਿੱਲੋ ਕਚਰਾ ਪੈਦਾ ਕਰਦਾ ਹੈ। ਇਸ ਮਿਕਦਾਰ ਵਿਚੋਂ 470 ਗ੍ਰਾਮ ਕਚਰਾ ਗਲ-ਸੜ ਕੇ ਰੇਹ ਦੇ ਰੂਪ ਵਿਚ ਧਰਤੀ ਵਿਚ ਸਮਾਉਣ ਵਾਲਾ ਹੁੰਦਾ ਹੈ, 640 ਗ੍ਰਾਮ ਰੀਸਾਈਕਲ ਹੋਣ ਵਾਲਾ ਅਤੇ ਬਾਕੀ ਧਰਤ ਦੀ ਆਬੋ-ਹਵਾ ਤੇ ਫਿਜ਼ਾ ਨੂੰ ਪਲੀਤ ਕਰਨ ਵਾਲਾ। ਯੂ.ਕੇ. ਦੀ ਪ੍ਰਤੀ ਵਿਅਕਤੀ ਪ੍ਰਤੀ ਦਨਿ ਔਸਤ 1.10 ਕਿਲੋਗ੍ਰਾਮ ਹੈ। 'ਪਲਾਸਟਿਕ ਦਾ ਉਤਪਾਦਨ ਤੇ ਵਰਤੋਂ ਘਟਾਉਣ ਦੇ ਉਪਰਾਲੇ ਓਨੇ ਕਾਰਗਰ ਨਹੀਂ ਸਾਬਤ ਹੋ ਰਹੇ ਜਿੰਨੇ ਕਿ ਦਾਅਵੇ ਕੀਤੇ ਜਾਂਦੇ ਹਨ। ਰੀਸਾਈਕਲਿੰਗ ਬਹੁਤ ਵੱਡੀ ਸਨਅਤ ਬਣ ਚੁੱਕੀ ਹੈ, ਪਰ ਫਿਜ਼ਾ ਨੂੰ ਇਹ ਕਿੰਨਾ ਗੰਧਲਾ ਕਰ ਰਹੀ ਹੈ, ਇਸ ਬਾਰੇ ਅੰਕੜੇ ਭਰਮ-ਪਾਊ ਹਨ। 'ਚੀਨ ਨੇ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਨੂੰ ਬਾਕੀ ਦੁਨੀਆ ਦੀ ਨਿਰਮਾਣ ਸਨਅਤ ਤਬਾਹ ਕਰਨ ਵਾਸਤੇ ਖ਼ੂਬ ਵਰਤਿਆ। ਛੇ ਵਰ੍ਹੇ ਪਹਿਲਾਂ ਤੱਕ ਅਮਰੀਕਾ ਤੇ ਯੂਰਪ ਦੀ ਪਲਾਸਟਿਕ ਵੇਸਟ ਦਾ 85 ਫ਼ੀਸਦੀ ਹਿੱਸਾ ਚੀਨ ਪੁੱਜਦਾ ਸੀ। ਇੱਥੇ ਉਸ ਨੂੰ ਢਾਲਗਾਲ ਕੇ ਅਤੇ ਹਰ ਕਿਸਮ ਦੇ ਸਸਤੇ ਉਤਪਾਦ ਤਿਆਰ ਕਰਕੇ ਦੁਨੀਆ ਭਰ ਦੀਆਂ ਮੰਡੀਆਂ ਵਿਚ ਸੁੱਟੇ ਜਾਂਦੇ ਸਨ।"

ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਹਨ ਅਤੇ ਉਹ ਕੀ ਕੀ ਕਹਿਰ ਢਾਹ ਰਹੀਆਂ ਹਨ, ਇਹ ਜਾਣਕਾਰੀ ਵੀ ਆਮ ਪਾਠਕ ਦੇ ਸਮਝ ਆਉਣ ਵਾਲੀ ਭਾਸ਼ਾ ਵਿਚ ਮੌਜੂਦ ਹੈ। ਕਿਤਾਬ ਦੱਸਦੀ ਹੈ ਕਿ ਕੂੜਾ ਫੈਲਾਉਣ ਦੀ ਇਨਸਾਨੀ ਬਿਰਤੀ ਨਾ ਸਿਰਫ਼ ਧਰਤੀ ਸਗੋਂ ਬ੍ਰਹਿਮੰਡ ਵਿਚ ਵੀ ਪੁਲਾੜ ਸਾਇੰਸ ਵਾਸਤੇ ਬਹੁਤ ਵੱਡੀ ਸਿਰਦਰਦੀ ਬਣ ਗਈ ਹੈ। ਕਿਤਾਬ ਦਾ ਸਾਰਥਿਕ ਪੱਖ ਇਹ ਹੈ ਕਿ ਇਹ ਸਿਰਫ਼ ਨਾਂਹ-ਪੱਖੀ ਕਥਾ-ਵਾਰਤਾ ਨਹੀਂ ਪੇਸ਼ ਕਰਦੀ, ਹਾਂ-ਪੱਖੀ ਯਤਨਾਂ ਨੂੰ ਵੀ ਬਿਆਨ ਕਰਦੀ ਹੈ। ਇਹ ਦਰਜਨਾਂ ਅਮਲੀ ਕਦਮ ਵੀ ਸੁਝਾਉਂਦੀ ਹੈ ਜੋ ਮਲੀਨਤਾ ਤੇ ਕਬਾੜ ਘਟਾਉਣ ਵਿਚ ਮਦਦਗਾਰ ਹੋ ਸਕਦੇ ਹਨ। ਕੁੱਲ ਮਿਲਾ ਕੇ ਇਹ ਕਿਤਾਬ ਚਿਤਾਵਨੀ ਵੀ ਹੈ ਤੇ ਉਮੀਦ ਦੀ ਕਿਰਨ ਵੀ। --- ਇੰਦਰ ਸਿੰਘ ਮਾਨ ਦੀ ਕਵਿਤਾ ਸਰਲ ਵੀ ਹੁੰਦੀ ਹੈ ਤੇ ਸਪਸ਼ਟ ਵੀ। ਮਾਨਵੀ ਤੇ ਸਮਾਜਮੁਖੀ ਸਰੋਕਾਰ ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਦਾ ਧਰਾਤਲ ਰਹੇ ਹਨ ਅਤੇ ਇਹੋ ਧਰਾਤਲ ਉਨ੍ਹਾਂ ਦੇ ਪੰਜਵੇਂ ਕਾਵਿ-ਸੰਗ੍ਰਹਿ 'ਦੂਨੀ ਵਜਾਈ ਵਜਦੀ' ਦਾ ਆਧਾਰ ਹੈ। ਸੰਖੇਪ ਜਿਹੀ ਭੂਮਿਕਾ ਵਿਚ ਉਹ ਲਿਖਦੇ ਹਨ: 'ਲੜਾਈ ਕਿਸੇ ਨਿਸ਼ਾਨੇ ਨੂੰ ਮਿੱਥ ਕੇ ਲੜਨ ਦੀ ਥਾਂ ਲੋਕ ਆਪਸ ਵਿਚ ਹੀ ਗੁੱਥਮਗੁੱਥਾ ਹੋ ਰਹੇ ਹਨ। ਲੜਾਈ ਵਿਚਾਰਾਂ ਦੀ, ਲੋੜਾਂ ਦੀ, ਸਹਿਜ ਦੀ, ਦੁੱਖਾਂ ਤੋਂ ਛੁਟਕਾਰੇ ਦੀ ਅਤੇ ਭਵਿੱਖਮੁਖੀ ਹੋਣ ਦੀ ਥਾਂ ਨਿੱਜ ਤੀਕ ਹੀ ਸੀਮਤ ਹੋ ਗਈ ਹੈ। ਹਰ ਕੋਈ ਰਿਸ਼ਤਿਆਂ ਨੂੰ ਹੀ ਕਤਲ ਕਰਨ ਵੱਲ ਤੁਰ ਪਿਆ ਹੈ।... ਇਸ ਵਰਤਾਰੇ ਨੂੰ ਹੀ ਮੈਂ ਕਵਿਤਾ ਰਾਹੀਂ ਤੁਹਾਡੇ ਰੂਬਰੂ ਕਰਨ ਦੀ ਕੋਸ਼ਿਸ਼ ਕੀਤੀ ਹੈ।' ਸੰਗ੍ਰਹਿ ਅੰਦਰਲੀਆਂ ਪੰਜ ਦਰਜਨ ਤੋਂ ਵੱਧ ਕਵਿਤਾਵਾਂ ਇਸੇ ਕੋਸ਼ਿਸ਼ ਦਾ ਹੀ ਪ੍ਰਤੀਬਿੰਬ ਹਨ। ਇਨ੍ਹਾਂ ਵਿਚ ਮਜਬੂਰੀ ਵੀ ਹੈ, ਮਾਯੂਸੀ ਵੀ, ਬੇਵਸੀ ਵੀ ਅਤੇ ਆਸਵੰਦੀ ਵੀ। ਆਸ਼ਾਵਾਦ ਦਾ ਮੁਰੀਦ ਹੋਣ ਕਰਕੇ ਮੈਂ ਉਨ੍ਹਾਂ ਕਾਵਿ-ਅੰਸ਼ਾਂ 'ਤੇ ਉਂਗਲੀ ਧਰ ਰਿਹਾ ਹਾਂ ਜੋ ਖ਼ੁਸ਼ਨੂਦੀ ਦਾ ਸੁਨੇਹਾ ਦਿੰਦੇ ਹਨ: 'ਕੁਦਰਤ ਉਸ ਨੂੰ ਬਲ ਬਖਸ਼ੇ/ਨਵਿਆਂ ਰਾਹਾਂ 'ਤੇ ਤੁਰਨ ਦੀ/ਲੈ ਕੇ ਕਿਰਦਾਰ ਪਹਿਲਾ/ਲੋਕਾਂ ਦੇ ਵੱਲ ਮੁੜਨ ਦੀ/ਖਿੜ ਪਏ ਫੁੱਲਾਂ ਦੇ ਵਾਂਗ/ਜੋ ਥੋਹਰ ਵਰਗਾ ਹੋ ਗਿਆ।' ਅਤੇ 'ਧਰਤੀ ਲੱਗੇ ਬੰਜਰ ਬੰਜਰ/ਜ਼ਿੰਦਗੀ ਲੱਗੇ ਖੰਜਰ ਖੰਜਰ/ਪਰ ਹਰ ਵੇਲੇ ਇਕ ਆਸ ਰਹੇ/ਕੋਲ ਨਹੀਂ ਪਰ ਮੋੜੀ ਦਾ ਨਹੀਂ/ਦਿਲ ਕਿਸੇ ਦਾ ਤੋੜੀਦਾ ਨਹੀਂ/ਹਰ ਦਮ ਉਸ ਦਾ ਵਾਸ ਰਹੇ'। ਵਿਚਾਰਾਂ, ਕਾਵਿਕਤਾ ਤੇ ਕਾਵਿ-ਹੁਨਰ ਪੱਖੋਂ ਖ਼ੂਬਸੂਰਤ ਹੈ ਇਹ ਕਿਤਾਬ।




# ਲਿਓਨਾਰਡੋ ਡਾ ਵਿੰਚੀ ਦੀ ਰਹੱਸਮਈ ਕਲਾਕ੍ਰਿਤ ਮੋਨਾ ਲੀਸਾ

ਵਾਲ਼ ਤੋਂ ਵੀ ਬਰੀਕ ਬੁਰਸ਼ ਨਾਲ਼ ਪੇਂਟਿੰਗ ਕਰਨਾ ਅੱਜ ਦੇ ਦੌਰ ਵਿਚ ਵੀ ਅੰਬਰਾਂ ਦੇ ਤਾਰੇ ਤੋੜ ਲਿਆਉਣ ਬਰਾਬਰ ਹੈ। ਪਰ ਇਹ ਕ੍ਰਿਸ਼ਮਾ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਫਰਾਂਸ ਵਿਖੇ 1519 ਵਿਚ ਇਟਲੀ ਦੇ ਜੰਮਪਲ ਲਿਓਨਾਰਡੋ ਡੇ ਵਿੰਚੀ ਨੇ ਕਰ ਵਿਖਾਇਆ ਹੈ। ਲਿਓਨਾਰਡੋ ਡਾ ਵਿੰਚੀ ਭਾਵ ਵਿੰਚੀ ਦੇ ਲਿਓਨਾਰਡੋ ਨੇ ਆਪਣੀ ਜ਼ਿੰਦਗੀ ਦੇ 67 ਸਾਲਾਂ ਵਿਚ ਜੋ ਕ੍ਰਿਸ਼ਮੇ ਕੀਤੇ ਹਨ ਉਨ੍ਹਾਂ ਵਿੱਚੋਂ ਮੋਨਾ ਲੀਸਾ ਨਾਂ ਦੀ ਕਲਾਕ੍ਰਿਤ ਵੀ ਪ੍ਰਮੁੱਖ ਹੈ। ਫਰਾਂਸ ਦੀ ਕ੍ਰਾਂਤੀ ਉਪਰੰਤ ਸੰਨ 1797 ਤੋਂ ਮੋਨਾ ਲੀਸਾ ਨਾਮੀ ਇਹ ਮਹਾਨ ਪੇਂਟਿੰਗ ਪੈਰਿਸ ਸਥਿਤ ਲਿਊਵਰ ਮੀਊਜ਼ੀਅਮ ਵਿਚ ਸੁਸ਼ੋਭਿਤ ਹੈ। 77 ਬਾਈ 53 ਸੈਂਟੀਮੀਟਰ ਦੀ ਇਹ ਪੇਂਟਿੰਗ 40 ਮਾਈਕ੍ਰੋਨ ਦੇ ਬੁਰਛ ਨਾਲ ਤਿਆਰ ਕੀਤੀ ਗਈ ਹੈ। ਇਹ ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਪੇਂਟਿੰਗਜ਼ 'ਚੋਂ ਇਕ ਹੈ। ਦੁਨੀਆ 'ਚ ਅੱਜ ਇਸ ਦੀ ਕੀਮਤ 700 ਮੀਲੀਅਨ ਡਾਲਰ ਹੈ। ਦੂਜੇ ਵਿਸ਼ਵ ਯੁੱਧ ਸਮੇਂ ਫਰਾਂਸ ਸਰਕਾਰ ਨੂੰ ਮੋਨਾ ਲੀਸਾ ਦੀ ਖ਼ਾਸ ਤੌਰ 'ਤੇ ਚਿੰਤਾ ਰਹੀ ਕਿ ਇਹ ਜਰਮਨੀ ਨਾਜ਼ੀਆਂ ਦੇ ਹੱਥ ਨਾ ਲੱਗ ਜਾਵੇ। ਇਸ ਕਰਕੇ ਹੀ ਯੁੱਧ ਦੌਰਾਨ ਇਸ ਪੇਂਟਿੰਗ ਦੀ ਜਗ੍ਹਾ ਵਾਰ- ਵਾਰ ਬਦਲਦੀ ਰਹੀ। ਮੋਨਾ ਲੀਸਾ ਦੀ ਸੁਰੱਖਿਆ ਉੱਪਰ ਹੀ ਫਰਾਂਸ ਸਰਕਾਰ ਦਾ 50 ਕਰੋੜ ਰੁਪਏ ਖ਼ਰਚਾ ਆ ਰਿਹਾ ਹੈ। ਲਿਓਨਾਰਡੋ ਦੀ ਇਸ ਪੇਂਟਿੰਗ ਨੂੰ ਦੁਨੀਆ ਭਰ 'ਚ ਵਿਗਿਆਨੀਆਂ, ਚਿੱਤਰਕਾਰਾਂ ਅਤੇ ਯੁਨੀਵਰਸਿਟੀਆਂ ਦੇ ਵਿਦਿਆਰਥੀ ਵਰਗ ਵੱਲੋਂ ਲਗਾਤਾਰ ਖੰਗਾਲਿਆ ਜਾ ਰਿਹਾ ਹੈ। ਪਰ ਸਵਾਲ ਉਵੇਂ ਦੇ ਉਵੇਂ ਹੀ ਖੜ੍ਹੇ ਹਨ।

ਮੋਨਾ ਲੀਸਾ ਕੌਣ ਹੈ ? ਮਾਂ ਮਰੀਅਮ, ਲਿਓਨਾਰਡੋ ਦੀ ਆਪਣੀ ਮਾਂ ਕੈਟਰਾਈਨ, ਲਿਓਨਾਰਡੋ ਦੀ ਸੁਪਨਮਈ ਮੁਹੱਬਤ ਜਾਂ ਫਿਰ ਇਹ ਲਿਓਨਾਰਡੋ ਆਪ ਹੀ ਤਾਂ ਨਹੀਂ। ਇਹ ਮਸਲਾ ਵੀ 2005 ਵਿਚ ਉਦੋਂ ਸੁਲਝਿਆ ਜਦੋਂ ਫਰਾਂਸ ਦੇ ਇਕ ਸਿਲਕ ਵਪਾਰੀ ਫਰਾਂਸਿਸਿਕੋ ਡਿਲ ਜਿਓਕੌਂਡਾ ਵੱਲੋਂ ਸਮੇਂ ਦੇ ਪ੍ਰਸਿੱਧ ਪੇਂਟਰ ਲਿਓਨਾਰਡੋ ਦੇ ਨਾਂ ਲਿਖਿਆ ਇਕ ਖ਼ਤ ਲੱਭਿਆ। ਇਸ ਖ਼ਤ ਵਿਚ ਸਿਰਫ਼ ਇਕ ਸਤਰ ਲਿਖੀ ਹੋਈ ਹੈ,'ਤੁਸੀਂ ਮੇਰੀ ਪਤਨੀ ਦੀ ਪੇਂਟਿੰਗ ਬਣਾ ਦਿਓ'। ਇਸ ਤਰ੍ਹਾਂ ਸੰਨ 1503 ਵਿਚ ਲਿਓਨਾਰਡੋ ਨੇ ਜੋ ਪੇਂਟਿੰਗ ਬਣਾਉਣੀ ਸ਼ੁਰੂ ਕੀਤੀ ਉਹ ਡਿਲ ਦੀ ਪਤਨੀ ਲਾ ਜਿਓਕੌਂਡਾ (ਲੀਸਾ ਗਿਰਾਰਦਿਨੀ) ਦੀ ਸੀ। ਲਿਓਨਾਰਡੋ ਡੇ ਵਿੰਚੀ ਨੇ ਇਸ ਕਲਾਕ੍ਰਿਤ ਦਾ ਨਾਂ ਮੋਨਾ ਲੀਸਾ (ਮਾਈ ਲੇਡੀ) ਰੱਖਿਆ। ਆਇਲ ਪੇਂਟਿੰਗ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਲਿਓਨਾਰਡੋ ਨੇ ਇਹ ਪੇਂਟਿੰਗ ਆਇਲ ਪੇਂਟ ਨਾਲ ਕੈਨਵਸ ਦੀ ਬਜਾਏ ਪਾਪੂਲਰ ਦੀ ਲੱਕੜ ਦੇ ਪੈਨਲ ਉੱਪਰ ਬਣਾਈ ਹੈ। ਇਸ ਪੇਂਟਿੰਗ ਲਈ ਸੂਆ ਮੋਟੋ ਤਕਨੀਕ ਵਰਤੀ ਗਈ ਹੈ ਜਿਸ ਤਹਿਤ ਇਹ ਪੇਂਟਿੰਗ ਬਣਾਉਣ ਲਈ ਆਊਟ ਲਾਈਨਿੰਗ ਨਹੀਂ ਕੀਤੀ ਗਈ।



ਮੋਨਾ ਲੀਸਾ ਦੀ ਜਾਦੂਮਈ ਮੁਸਕਰਾਹਟ ਸਵਾਲ-ਦਰ-ਸਵਾਲ ਕਰਦੀ ਨਜ਼ਰੀ ਪੈਂਦੀ ਹੈ। ਮੋਨਾ ਦੇ ਇਸੇ ਮੁਸਕਰਾਹਟ ਦੇ ਪੱਟੇ ਨੌਜਵਾਨ ਲਿਉਕ ਮਾਸਪਿਰੋ ਨੇ 1852 'ਚ ਪੈਰਿਸ ਦੇ ਇਕ ਹੋਟਲ ਦੀ ਛੱਤ ਤੋਂ ਛਾਲ਼ ਮਾਰ ਕੇ ਆਤਮ ਹੱਤਿਆ ਕਰ ਲਈ ਸੀ। ਇਸ ਪੇਂਟਿੰਗ ਨੂੰ ਵੱਖ-ਵੱਖ ਕੋਨਿਆਂ ਤੋਂ ਵੇਖਣ ਤੇ ਮੋਨਾ ਲੀਸਾ ਦੀ ਮੁਸਕ੍ਰਾਹਟ ਵੀ ਬਦਲਦੀ ਰਹਿੰਦੀ ਹੈ। ਜੇ ਕਰ ਪੇਂਟਿੰਗ ਨੂੰ ਥੋੜ੍ਹਾ ਨੇੜੇ ਤੋਂ ਵੇਖਿਆ ਜਾਵੇ ਤਾਂ ਆਪਣੀ ਮੁਸਕਰਾਹਟ ਨਾਲ ਜੱਗ ਲੁੱਟ ਲੈਣ ਵਾਲੀ ਮੋਨਾ ਲੀਸਾ ਉਦਾਸ ਹੋ ਜਾਂਦੀ ਹੈ। ਲਾ-ਜਿਓਕੌਂਡਾ ਦੀ ਇਸ ਤਸਵੀਰ ਪਿੱਛੇ ਵਿਖਾਇਆ ਗਿਆ ਲੈਂਡ-ਸਕੇਪ ਵੀ ਅਜੇ ਤੀਕ ਤਲਾਸ਼ਿਆ ਨਹੀਂ ਜਾ ਸਕਿਆ ਨਾ ਤਾਂ ਇਹ ਲਿਓਨਾਰਡੋ ਦੀ ਜਨਮ-ਭੌਂ ਵਿੰਚੀ (ਇਟਲੀ) ਵਿਖੇ ਹੈ ਅਤੇ ਨਾ ਹੀ ਇਹ ਜ਼ਿੰਦਗੀ ਗੁਜਾਰਨ ਵਾਲੇ ਦੇਸ਼ ਫਰਾਂਸ ਵਿਖੇ ਕਿੱਧਰੇ ਵਿਖਾਈ ਦਿੰਦਾ ਹੈ।ਫਰਾਂਸ ਦੀ ਇਕ ਰਿਵਾਇਤ ਅਨੁਸਾਰ ਪੇਂਟਿੰਗ ਵਿਚ ਸੱਜਾ ਹੱਥ ਖੱਬੇ ਹੱਥ ਉੱਪਰ ਰੱਖਕੇ ਬੈਠਣ ਨਾਲ ਮੋਨਾ ਲੀਸਾ ਪਤੀਵ੍ਰਤਾ ਵਿਖਾਈ ਦਿੰਦੀ ਹੈ ਪ੍ਰੰਤੂ ਪੇਂਟਿੰਗ ਵਿਚ ਵਾਲ਼ਾਂ ਦਾ ਖੁੱਲ੍ਹੇ ਹੋਣਾ ਉਸਦੀ ਵੇਸ਼ਵਾਗਿਰੀ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਮੋਨਾ ਲੀਸਾ ਦੇ ਭਰਵੱਟੇ ਨਾ ਵਿਖਾਈ ਦੇਣ 'ਤੇ ਵੀ ਲੰਬਾ ਸਮਾਂ ਬਹਿਸ ਚੱਲਦੀ ਰਹੀ ਹੈ। 2004 ਵਿਚ ਪਾਸਕਲ ਕੌਟੀ ਨਾਂ ਦੇ ਵਿਗਿਆਨੀ ਨੇ ਇਸ ਪੇਂਟਿੰਗ ਉੱਤੇ ਅਲਟਰਾ ਵਾਇਲਟ ਕਿਰਨਾਂ ਨਾਲ ਖੋਜ ਕਰ ਕੇ ਦੱਸਿਆ ਕਿ ਭਰਵੱਟੇ ਹਲਕੇ ਰੰਗ ਦੇ ਬਣਾਏ ਗਏ ਸਨ ਜੋ ਪੇਂਟਿੰਗ ਨੂੰ ਵਾਰ-ਵਾਰ ਸਾਫ਼ ਕਰਨ ਨਾਲ ਮਿਟ ਗਏ ਹਨ। ਕਿਉਂ ਕਿ ਬਾਕੀ ਪੇਂਟਿੰਗ ਅੱਜ ਪੰਜ ਸੌ ਸਾਲ ਬਾਅਦ ਵੀ ਜਿਉਂ ਦੀ ਤਿਉਂ ਹੈ ਇਸ ਲਈ ਹੋ ਸਕਦਾ ਹੈ ਕਿ ਭਰਵੱਟੇ ਨਾ ਬਣਾਕੇ ਲਿਓਨਾਰਡੋ ਕੁਝ ਹੋਰ ਹੀ ਕਹਿਣਾ ਚਾਹ ਰਿਹਾ ਹੋਵੇ।

ਇਸ ਪੇਂਟਿੰਗ 'ਤੇ ਖੋਜ ਕਰਨ ਵਾਲੇ ਵਿਗਿਆਨੀਆਂ ਨੇ ਇਹ ਵੀ ਤੱਥ ਰੱਖੇ ਹਨ ਕਿ ਮੋਨਾ ਲੀਸਾ 82ਫ਼ੀਸਦੀ ਖ਼ੁਸ਼ ਹੈ, 9 ਫ਼ੀਸਦੀ ਮਾੜਾ ਮਹਿਸੂਸ ਕਰ ਰਹੀ ਹੈ, 6 ਫ਼ੀਸਦੀ ਡਰੀ ਹੋਈ ਹੈ, 2 ਫ਼ੀਸਦੀ ਗੁੱਸੇ 'ਚ ਹੈ,1 ਫ਼ੀਸਦੀ ਸਥਿਰ ਹੈ ਅਤੇ 0ਫ਼ੀਸਦੀ ਹੈਰਾਨ ਹੈ। ਕੈਨੇਡੀਅਨ ਵਿਗਿਆਨੀਆਂ ਨੇ ਤਾਂ ਮੋਨਾ ਲੀਸਾ ਨੂੰ ਅੱਧਾ ਬੰਦਾ ਤੇ ਅੱਧੀ ਔਰਤ ਵੀ ਦਰਸਾਇਆ ਹੈ। ਇਸ ਪੇਂਟਿੰਗ ਨੂੰ ਗਹੁ ਨਾਲ ਵੇਖਣ 'ਤੇ ਇਸ 'ਚ ਲੁੱਕਵੇਂ ਰੂਪ ਵਿਚ ਪੇਂਟ ਕੀਤੇ ਗਏ ਸ਼ੇਰ ਘੋੜੇ ਵੀ ਨਜ਼ਰ ਆਉਂਦੇ ਹਨ ਇਸ ਤਰ੍ਹਾਂ ਨਾਲ ਲਿਓਨਾਰਡੋ ਨੇ ਇੱਥੇ ਆਪਣਾ ਕੁਦਰਤ ਨਾਲ ਪ੍ਰੇਮ ਜ਼ਾਹਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਲਿਓਨਾਰਡੋ ਨੇ ਮੋਨਾ ਲੀਸਾ ਨਾਂ ਦੀ ਇਹ ਪੇਂਟਿੰਗ ਸੰਨ 1503 ਵਿਚ ਸ਼ੁਰੂ ਕੀਤੀ ਅਤੇ 1506 ਵਿਚ ਅਧੂਰੀ ਹੀ ਰੋਕ ਲਈ ਤੇ ਫਿਰ ਇਸ ਨੂੰ 1519 ਨੂੰ ਆਪਣੇ ਆਖ਼ਰੀ ਸਾਹਾਂ ਤੀਕ ਬਣਾਉਣਾ ਜਾਰੀ ਰੱਖਿਆ। ਮੋਨਾ ਲੀਸਾ ਦੇ ਬੁੱਲ਼ਾਂ ਉੱਤੇ ਜਾਦੂਮਈ ਮੁਸਕਾਨ ਸਜਾਉਣ ਲਈ ਹੀ ਲ਼ਿਓਨਾਰਡੋ ਨੂੰ 12 ਸਾਲ ਲੱਗ ਗਏ। ਅਜਿਹੇ ਕਾਰਨਾਂ ਕਰਕੇ ਹੀ ਇਹ ਪੇਂਟਿੰਗ ਉਸ ਸਿਲਕ ਵਪਾਰੀ ਫਰਾਂਸਿਸਿਕੋ ਡਿਲ ਜਿਓਕੌਂਡਾ ਨੂੰ ਨਾ ਸੌਂਪੀ ਜਾ ਸਕੀ ਤੇ ਨਾ ਹੀ ਲਿਓਨਾਰਡੋ ਇਸਦਾ ਮਿਹਨਤਾਨਾ ਪ੍ਰਾਪਤ ਕਰ ਸਕੇ। ਲਿਓਨਾਰਡੋ ਦੀ ਮੌਤ ਉਪਰੰਤ ਇਹ ਪੇਂਟਿੰਗ ਲੰਬਾ ਸਮਾਂ ਨੈਪੋਲੀਅਨ ਬੋਨਾਪਾਰਟ ਦੇ ਬੈੱਡਰੂਮ ਦੀ ਸ਼ਾਨ ਬਣੀ ਰਹੀ ਤੇ ਫਿਰ ਰਾਜਿਆਂ ਦੇ ਕਬਜ਼ੇ ਵਿਚ ਆ ਗਈ।

21 ਅਗਸਤ 1911 ਨੂੰ ਦੁਨੀਆ ਦੀ ਸਭ ਤੋਂ ਮਸ਼ਹੂਰ ਪੇਂਟਿੰਗ ਮੋਨਾ ਲੀਸਾ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਪੈਰਿਸ ਸਥਿੱਤ ਲਿਊਵਰ ਮਿਊਜ਼ੀਅਮ ਵਿੱਚੋਂ ਚੁਰਾ ਲਿਆ ਗਿਆ। ਸ਼ੱਕ ਦੇ ਘੇਰੇ ਵਿਚ ਵਿੱਸ਼ਵ ਪ੍ਰਸਿੱਧ ਪੇਂਟਰ ਪਾਬਲੋ ਪਿਕਾਸੋ ਨੂੰ ਦੋ ਸਾਲਾਂ ਤਕ ਪਰੇਸ਼ਾਨ ਕੀਤਾ ਜਾਂਦਾ ਰਿਹਾ। ਜਦੋਂ ਕਿ ਇਹ ਪੇਂਟਿੰਗ ਲਿਊਵਰ ਮਿਊਜ਼ੀਅਮ ਵਿਚ ਸੈਨਿਕ ਵਜੋਂ ਕੰਮ ਕਰਦੇ ਇਟਲੀ ਮੂਲ ਦੇ ਇਕ ਦੇਸ਼ ਭਗਤ ਰਿਨਾਲਡੋ ਵਿਨਸੈਂਜੋ ਪਿਰੋਗੀਆ ਨੇ ਚੁਰਾਈ ਸੀ। ਉਹ ਆਪਣੇ ਦੇਸ਼ ਦੇ ਜੰਮਪਲ ਲਿਓਨਾਰਡੋ ਦੀ ਇਹ ਪੇਂਟਿੰਗ ਇਟਲੀ ਦੇ ਫਿਲੋਰੈਂਸ ਮਿਊਜ਼ੀਅਮ 'ਚ ਸੁਸ਼ੋਭਿਤ ਕਰਨਾ ਚਾਹੁੰਦਾ ਸੀ। ਦੋ ਸਾਲ ਬਾਅਦ ਪਿਰੋਗੀਆ ਨੇ ਜਦੋਂ ਇਸ ਇੱਛਾ ਨੂੰ ਅੰਜ਼ਾਮ ਦੇਣ ਦੀ ਕੋਸ਼ਿਸ਼ ਕੀਤੀ ਤਾਂ ਫਰਾਂਸ ਸਰਕਾਰ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਇਹ ਪੇਂਟਿੰਗ ਨੂੰ ਮੁੜ ਤੋਂ 4 ਜਨਵਰੀ 1914 ਨੂੰ ਆਪਣੇ ਕਬਜ਼ੇ ਵਿਚ ਲੈਂਦਿਆਂ ਲਿਊਵਰ ਮਿਊਜ਼ੀਅਮ ਵਿਚ ਸਜਾ ਦਿੱਤਾ ਗਿਆ।

ਪੈਰਿਸ ਦੇ ਲਿਊਵਰ ਮਿਊਜ਼ੀਅਮ ਨੂੰ ਅੱਜ ਵੀ ਦੁਨੀਆ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਪ੍ਰੇਮ ਪੱਤਰ ਪ੍ਰਾਪਤ ਹੁੰਦੇ ਹਨ ਜੋ ਮੋਨਾ ਲੀਸਾ ਦੇ ਦੀਵਾਨਿਆਂ ਵੱਲੋਂ ਮੋਨਾ ਲੀਸਾ ਦੇ ਨਾਂ ਲਿਖੇ ਗਏ ਹੁੰਦੇ ਹਨ।

**- ਰਾਜ ਹੀਉਂ (ਬੰਗਾ)**
**98154-61875**

ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?



## ਚੁਟਕਲੇ

ਸਬਜ਼ੀ ਵਾਲਾ ਸਬਜ਼ੀ 'ਤੇ ਪਾਣੀ ਛਿੜਕ ਰਿਹਾ ਸੀ। ਕਾਫੀ ਦੇਰ ਹੋ ਗਈ ਤਾਂ ਰਾਜੂ ਨੇ ਸਬਜ਼ੀ ਵਾਲੇ ਨੂੰ ਕਿਹਾ :

***"ਜੇਕਰ ਸਬਜ਼ੀ ਨੂੰ ਹੋਸ਼ ਆ ਗਿਆ ਹੈ ਤਾਂ ਇਕ ਕਿੱਲੋ ਆਲੂ ਦੇ ਦਿਓ।"***

ਗਰਮੀ ਦੇ ਦਿਨਾਂ 'ਚ ਇਕ ਅੰਗਰੇਜ਼ ਪੰਜਾਬੀ ਸਿੱਖਣ ਲਈ ਪੰਜਾਬ ਗਿਆ।

ਪਰਤ ਕੇ ਜਦੋਂ ਉਹ ਲੰਡਨ ਪਹੁੰਚਿਆ ਤਾਂ ਉਸਦੇ ਦੋਸਤਾਂ ਨੇ ਪੁੱਛਿਆ, ***"ਕੀ ਸਿੱਖਿਆ ?"***


ਅੰਗਰੇਜ਼ ਬੋਲਿਆ, ***"ਬਿਜਲੀ ਚਲੀ ਗਈ, ਬਿਜਲੀ ਆ ਗਈ।"***

**ਡਾਕਟਰ ਮਰੀਜ਼ ਦੇ ਦੋਸਤ ਨੂੰ :**
ਜੇ 1 ਘੰਟਾ ਪਹਿਲਾਂ ਲੈ ਆਉਂਦੇ ਤਾਂ ਅਸੀਂ ਇਸ ਨੂੰ ਬਚਾ ਲੈਂਦੇ।


**ਮਰੀਜ਼ ਦਾ ਦੋਸਤ:** ਡਾਕਟਰ ਸਾਬ੍ਹ ਅਜੇ 15 ਮਿੰਟ ਪਹਿਲਾਂ ਤਾਂ ਹਾਦਸਾ ਹੋਇਆ।

ਸੰਤਾ : ਤੈਨੂੰ ਤੈਰਨਾ ਆਉਂਦਾ ਹੈ ?
ਬੰਤਾ : ਨਹੀ
ਸੰਤਾ : ਤੇਰੇ ਨਾਲੋਂ ਤਾਂ ਕੁੱਤੇ ਚੰਗੇ ਨੇ ਜੇਹੜੇ ਤੈਰ ਲੇਂਦੇ ਨੇ
ਬੰਤਾ : ਤੈਨੂੰ ਤੈਰਨਾ ਆਉਂਦਾ ਹੈ ?
ਸੰਤਾ : ਆਹੋ
ਬੰਤਾ : ਫੇਰ ਤੇਰੇ ਤੇ ਕੁੱਤੇ ਚ ਕੀ ਫ਼ਰਕ ਹੈ ?

## ਰਸਤਾ ਲੱਭੋ



## ਬਿੰਦੂ ਮਿਲਾਓ





# ਕਾਵਿ-ਲਹਿਰਾਂ

## ਐਨੇ ਖ਼ਾਨੇ ਰਿਸ਼ਤਿਆਂ ਦੇ...

ਅੱਜ ਮੌਕਾ ਨਹੀਂ ਮਿਲਿਆ
ਆਪਣੀ ਸੁਣਾਉਣ ਦਾ।
ਤੁਸਾਂ ਦੇ ਘਰ ਖਾਧੇ ਨਮਕ ਦਾ
ਕਰਜ਼ ਲਾਹੁਣ ਦਾ।
ਕੇਹੀ ਭੈੜੀ ਘੜੀ ਰੱਬ ਨੂੰ
ਸੁਲੱਖਣੀ ਲੱਗ ਗਈ ਸੀ ?
ਮੈਂ ਮਰਜਾਣੀ ਰਾਹਾਂ "ਚ
ਅਟਕ- ਭਟਕ ਗਈ ਸੀ।
ਪਿੱਠ ਪਿੱਛੇ ਆਪਣੇ ਹੀ ਦੋਸ਼
ਵੱਡੇ ਲਾ ਗੱਲਾਂ ਕਰਦੇ ।
ਵਿਛੋੜੇ ਦੀ ਘੜੀ ਦੇ ਬਹਾਨੀ
ਅਸਾਂ ਹਾਉਂਕੇ ਭਰਦੇ।
ਖੁਸ਼ੀ ਭਰੇ ਰੂਪ ਪਿਤਾ ਵਾਂਗ
ਅੱਤ ਭੁਲੇਖੇ ਹੀ ਗਏ।
ਘਰ ਖੂੰਜੇ ਵਿੱਚ ਹੁਬਕੀਂ ਅਸਾਂ
ਅੱਜ ਰੋਈ ਹੀ ਗਏ।
ਕਿੰਨੇ ਸਾਏ ਖੋਹੇ ਦੇਖੋ ਨਾ
ਰੂਹਾਂਨੀ ਹਵਾ ਵਗਦੀ !
ਕਾਸ਼! ਹੋਜੇ ਜਾਨ ਸੌਖੀ
ਰੱਬ ਦੀ ਨਾ ਰਜ਼ਾ ਲੱਗਦੀ।
ਜਹਾਨੋਂ ਰੁਖ਼ਸਤ ਕੀਤੇ
ਤੂੰ ਖੁਸ਼ੀ ਦੇ ਰੂਪ ਵੱਖਰੇ।
ਜੱਗ -ਜੀਤ ਰਾਹ ਬੰਦ ਕੀਤੇ
ਗੁਰ ਦਾਸ ਵੀ ਵੱਖਰੇ।
ਗੁਰੂ ਦੇ ਚਰਨ ਜੀ ਵੀ
ਅੱਜ ਦੇ ਕੇ ਚਕਮਾ ਗਏ ।
ਮੱਤ ਗਈ ਮਾਰੀ ਮੂਹਰੇ
ਗਏ ਸਭ ਯਾਦ ਆ ਗਏ।
ਮਰਨ -ਮੁਕਾਵਾ ਭਾਵੇਂ
ਕਿਤੇ ਵੀ ਪਤਾ ਲੱਗ ਜਾਂਦਾ।
ਦੂਰ ਜਲੇ ਸਿਵਾ ਰੂਹ
ਤਾਂ ਅਸਾਂ ਦੀ ਵੀ ਤੜਪਾਵੰਦਾ।
ਕਿਉਂ ਰੱਬਾ ਨੇੜੇ ਵਾਲੇ
ਸਾਡੇ ਹੀ ਅੱਤ ਚੰਗੇ ਲੱਗਦੇ ?
ਐਨੇ ਖਾਨੇ ਰਿਸ਼ਤਿਆਂ ਦੇ
ਨਿੱਘ ਵਾਲੇ ਖਾਲੀ ਜੱਗਦੇ।

**ਲਿਖਤ : ਸ਼ਮਿੰਦਰ ਕੌਰ ਭੁਮੱਦੀ**

## ਧੀ ਰਾਣੀ

ਘਰ ਵਿੱਚ ਤੇਰੇ ਨਾਲ ਖੁਸ਼ੀ ਰਹਿੰਦੀ ਏ,
ਤੋਤਲੀ ਜੁਬਾਨ ਪਾਪਾ-ਪਾਪਾ ਕਹਿੰਦੀ ਏ,
ਰਹਿਮਤਾਂ ਦਾ ਵਰਦਾ ਏ ਮੀਂਹ ਧੀਏ ਰਾਣੀਏ,
ਜੁੱਗ ਜੁੱਗ ਦੁਨੀਆ ਤੇ ਜੀਅ ਧੀਏ ਰਾਣੀਏ,
ਜਿੰਦਗੀ ਨੂੰ ਵਾਰ ਦੇਵਾ ਮੈ ਤੇਰੇ ਸਿਰ ਤੋ,
ਪੂਰੀ ਹੋ ਜੇ ਰੀਝ ਦਿਲ ਦੀ ਸੀ ਚਿਰ ਤੋ,
ਗਮ ਤੇਰੇ ਸਾਰੇ ਜਾਵਾਂ ਪੀ ਧੀਏ ਰਾਣੀਏ,
ਜੁੱਗ ਜੁੱਗ ਦੁਨੀਆ ਤੇ ਜੀਅ ਧੀਏ ਰਾਣੀਏ,
ਔਰਤ ਨੂੰ ਮੁੱਢ ਤੋਂ ਮੈ ਰਿਹਾ ਸਤਿਕਾਰ ਦਾ,
ਤੇਰੀ ਦਾਤ ਦਿੱਤੀ ਧੰਨਵਾਦ ਕਰਤਾਰ ਦਾ,
ਹੋਰ ਰੱਬ ਕੋਲੋ ਮੰਗਣਾ ਮੈ ਕੀ ਧੀਏ ਰਾਣੀਏ,
ਜੁੱਗ ਜੁੱਗ ਦੁਨੀਆ ਤੇ ਜੀਅ ਧੀਏ ਰਾਣੀਏ,
ਦਾਦਾ ਤੇਰਾ ਜਾਦਾ-ਜਾਦਾ ਹੁਕਮ ਸੁਣਾ ਗਿਆ,
ਪੁੱਤਾਂ ਵਾਂਗ ਪਾਲੀ ਮੇਰੇ ਗੱਲ ਖਾਨੇ ਪਾ ਗਿਆ,
ਕਹਿ ਗਿਆ ਕਰਾਈ ਪੀ.ਐਚ.ਡੀ ਧੀਏ ਰਾਣੀਏ,
ਜੁੱਗ ਜੁੱਗ ਦੁਨੀਆ ਤੇ ਜੀਅ ਧੀਏ ਰਾਣੀਏ,
ਵੱਡੀ ਹੋ ਕੇ ਮੁੱਲ ਪੁੱਤ ਮੋੜ ਦੀ ਪਿਆਰ ਦਾ,
ਦੁਨੀਆ ਤੇ ਨਾਮ ਚਮਕਾ ਦੀ ਮੁਹਾਰ ਦਾ,
ਪੁੱਤਾਂ ਨਾਲੋ ਵੱਧ ਦੇਵਾਂ ਤਰਜੀਹ ਧੀਏ ਰਾਣੀਏ,
ਜੁੱਗ ਜੁੱਗ ਦੁਨੀਆ ਤੇ ਜੀਅ ਧੀਏ ਰਾਣੀਏ,

**ਲੇਖਕ : ਸੁਖਜਿੰਦਰ ਮੁਹਾਰ**

## ਕੋਈ ਗੱਲ ਨਹੀਂ

ਕੋਈ ਗੱਲ ਨਹੀਂ, ਜੇ ਮੇਰੇ ਕੋਲ ਹਨੇਰਾ ਹੈ।
ਤੂੰ ਆਪਣੀ ਸ਼ਮਾਂ, ਜਗਾ ਕੇ ਰੱਖ।
ਕੋਈ ਗੱਲ ਨਹੀਂ, ਜੇ ਮੇਰੇ ਕੋਲ ਕੋਈ ਨਹੀਂ,
ਤੂੰ ਆਪਣਾ ਰਾਂਝਾ, ਮਨਾ ਕੇ ਰੱਖ।

ਕੋਈ ਗੱਲ ਨਹੀਂ, ਜੇ ਮੇਰਾ ਪੇਟ ਖ਼ਾਲੀ ਹੈ,
ਤੂੰ ਆਪਣੀ ਥਾਲ਼ੀ, ਸਜਾ ਕੇ ਰੱਖ ।
ਕੋਈ ਗੱਲ ਨਹੀਂ, ਜੇ ਮਸਲਾ ਹੀ ਮੇਰਾ ਹੈ,
ਤੂੰ ਆਪਣਾ ਨਾਮ, ਬਚਾ ਕੇ ਰੱਖ।

ਕੋਈ ਗੱਲ ਨਹੀਂ, ਜੇ ਅੱਗ ਮੈਨੂੰ ਹੀ ਲੱਗੀ ਹੈ।
ਤੂੰ ਆਪਣਾ ਬੱਸ ਪੱਲੂ, ਹਟਾ ਕੇ ਰੱਖ।
ਕੋਈ ਗੱਲ ਨਹੀਂ, ਜੇ ਤੇਰਾ ਜ਼ਿਕਰ ਨਹੀਂ ਕੀਤਾ,
ਤੂੰ ਆਪਣੇ ਅੰਦਰ ਦੀ ਗੱਲ, ਦਬਾ ਕੇ ਰੱਖ।

ਕੋਈ ਗੱਲ ਨਹੀਂ, ਜੇ ਸੂਰਜ ਦੂਰ ਤੈਥੋਂ ਹੈ,
ਤੂੰ ਆਪਣੇ ਮਨ ਦਾ ਦੀਵਾ, ਜਗਾ ਕੇ ਰੱਖ।
ਕੋਈ ਗੱਲ ਨਹੀਂ, ਜੇ ਹੀਰੇ ਨਹੀਂ ਮਿਲਦੇ,
ਹੰਝੂ ਖਾਰਿਆਂ ਦਾ ਹਾਰ, ਬਣਾ ਕੇ ਰੱਖ।

ਕੋਈ ਗੱਲ ਨਹੀਂ, ਜੇ ਇੰਤਜ਼ਾਰ ਨਹੀਂ ਤੇਰਾ,
ਤੂੰ ਆਪਣੀ ਮਹਿਫ਼ਿਲ, ਭਖਾ ਕੇ ਰੱਖ।

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ :** 94646-33059

## ਕਾਹਦੀ ਏ ਦਿਵਾਲ਼ੀ ਸਾਡੀ

ਕਾਹਦੀ ਏ ਦੀਵਾਲ਼ੀ ਸਾਡੀ
ਸਰਕਾਰਾਂ ਦੇ ਦਿਲ ਕਾਲ਼ੇ ਨੇ

ਉਹ ਹੀ ਸਾਡੇ ਕਾਤਲ ਨੇ
ਜੋ ਬਣੇ ਹੋਏ ਸਾਡੇ ਰੱਖਵਾਲੇ ਨੇ

ਨਸ਼ੇ ਵਿੱਚ ਲਹੂ ਦੇ ਵੱਗਣ
ਹਾਲ ਸਾਡੇ ਬਦਤਰ ਬੇਹਾਲੇ ਨੇ

ਨਸ਼ਲਕੁਸ਼ੀ ਇਹ ਕਰਦੇ ਸਾਡੀ
ਆਗੂ ਇਹ ਸਰਕਾਰਾਂ ਹੀ ਪਾਲੇ ਨੇ

ਪੰਜਾਬ ਨਾਲ ਸਲੂਕ ਮਤਰੇਆ
ਜ਼ੁਬਾਨਾਂ ਤੇ ਲੱਗੇ ਹੋਏ ਤਾਲੇ ਨੇ

ਹੱਕ ਵਿੱਚ ਨਹੀਂ ਇਹ ਬੋਲਦੇ
ਮੂੰਹ ਵਿੱਚ ਪਏ ਅਸਾਧ ਛਾਲੇ ਨੇ

ਤੇਰੇ ਲਈ ਡਟਣ ਹਿੱਕਾਂ ਡਾਹਕੇ
ਹੁਣ ਉਹ ਸਾਨੂੰ ਲੱਭਦੇ ਨਾ ਭਾਲੇ ਨੇ

ਵਤਨ ਪੰਜਾਬ ਲਈ ਕਰੀਏ ਕੁਝ
ਖ਼ਾਲੀ ਹੱਥ ਕਿਓਂ ਪਾਉਣੇ ਚਾਲੇ ਨੇ

ਮੁੱਕ ਜਾਂਦੇ ਸ਼ਾਇਦ ਕਦ ਦੇ ਸਿੰਘਦਾਰਾ
ਅਜੇ ਅਣਖਾਂ ਵਾਲੇ ਸਾਡੇ ਅੜੇ ਫਾਲ਼ੇ ਨੇ

**ਲਿਖਤ : ਸਿੰਘਦਾਰ ਇਕਬਾਲ ਸਿੰਘ**
**ਸੰਪਰਕ :** 713-918-9611

## ਪੈਰ ਚੱਕਰ

ਚੰਗਾ ਭਲਾ ਸੀ ਬਣਾਈ ਟੌਹਰ ਬੈਠਾ,
ਦਲ ਬਦਲ ਕੇ ਹੋ ਖ਼ੁਆਰ ਗਿਆ।
ਆਇਆ ਛੱਡ ਸੀ ਜਿਹੜੀ ਝਾਕ ਉਤੇ,
ਲੱਗੀ ਦੇਰ ਨਾ ਫੇਲ੍ਹ ਵਪਾਰ ਗਿਆ।

ਚਾਰ ਪਲ ਨਾ ਮੌਜ ਮਾਣ ਹੋਈ,
ਤੋਰੇ ਫੇਰੇ 'ਚ ਸਮਾਂ ਗੁਜ਼ਾਰ ਗਿਆ।
ਆਇਆ ਕਦੋਂ ਤੇ ਗਿਆ ਮੁੜ ਕਦੋਂ,
ਲਾ ਚਿਤਵਣੀ ਝੱਟ ਪਾਰ ਗਿਆ।

ਨੌ ਨਗਦ ਤੇਰਾਂ ਉਧਾਰ ਵਾਲੀ,
ਬਣੀ ਕਹਾਵਤ ਸੱਚ ਉਚਾਰ ਗਿਆ।
ਨਵੀਂ ਛੱਡ ਪੁਰਾਣੀ ਗਈ ਹੱਥੋਂ,
ਜੋ ਪਹਿਲਾਂ ਵਾਲੀ ਹਾਰ ਗਿਆ।

ਛੱਡ ਪੰਜਾ ਚੁੱਕਿਆ ਸੀ ਝਾੜੂ,
ਹੋ ਝਾੜੂ ਤੋਂ ਵੀ ਬਾਹਰ ਗਿਆ।
ਰਿਹਾ ਘਰ ਦਾ ਨਾ ਘਾਟ ਦਾ ਵੀ,
ਹੁਣ 'ਭਗਤਾ' ਹੋ ਬਿਮਾਰ ਪਿਆ।

**ਲਿਖਤ : ਬਰਾੜ-ਭਗਤਾ ਭਾਈ ਕਾ**
1-604-751-1113

## ਕੂਕ

ਨੀ ਚਿੜੀਏ,ਚੱਲ ਉਡ ਚੱਲੀਏ,
ਜਿਥੇ ਸੁਣੇ ਨਾ ਕੋਈ ਬਾਤ
ਮੈਂ ਉਥੇ ਰਹਿਣਾ ਨਹੀਂ।
ਮੈਂ ਉਥੇ ਰਹਿਣਾ ਨਹੀਂ।
ਚਿੜੀਏ ਨੀ ਚਿੜੀਏ
ਮੈਂ ਬੜਾ ਕੁਰਲਾਈ।੨
ਹਾਲ ਪਾਰਿਆ ਮੈਂ ਬੜੀ
ਦਿੱਤੀ ਦੁਹਾਈ ੨
ਕਿਸੇ ਭੜੂਏ ਨਾ ਮੇਰੀ
ਪੀੜ ਵੰਡਾਈ।
ਮੈਂ ਇਥੇ ਰਹਿਣਾ ਨਹੀਂ
ਸਾਵਾ ਮੈਂ ਇਥੇ ਰਹਿਣਾ ਨਹੀਂ
ਕਾਵਾਂ ਨਾਲ ਰਲ ਜਾਵੇ
ਕਹਿੰਦੇ ਜਿਥੇ ਬਾਜ਼ ਨੀ
ਅੰਨ੍ਹੇ, ਬੋਲਿਆ ਦੇ ਹੱਥ
ਆਜੇ ਜਦੋਂ ਰਾਜ ਨੀ
ਆਪਣਿਆਂ ਦਾ ਜਿਥੇ
ਰਹਿਣ ਲੱਗਜੇ ਲਿਹਾਜ ਨੀ।
ਮੈਂ ਇਥੇ ਰਹਿਣਾ ਨਹੀਂ
ਸਾਵਾ ਮੈਂ ਇਥੇ ਰਹਿਣਾ ਨਹੀਂ।
ਜਿਥੇ ਗਿਰ ਜਾਣ ਇਖ਼ਲਾਕ
ਮੈਂ ਇਥੇ ਰਹਿਣਾ ਨਹੀਂ
ਜਿਥੇ ਮੁਕ ਜਾਏ ਨਿਆਂ ਦੀ ਝਾਕ
ਮੈਂ ਇਥੇ ਰਹਿਣਾ ਨਹੀਂ
ਦਿਲ ਵਿੱਚੋਂ ਨਿਕਲੀ ਸੀ
ਉੱਚੀ ਉੱਚੀ ਕੂਕ ਨੀ
ਸਮਝ ਗਈ ਪੀੜਾ ਮੇਰੀ
ਪੂਰੀ ਮਖ਼ਲੂਕ ਨੀ।
ਅਲੀ ਦੁਨੀਆਂ ਚ ਗੂੰਜੇਗੀ ਆਵਾਜ਼।
ਮੈਂ ਇਥੇ ਰਹਿਣਾ ਨਹੀਂ
ਨੀ ਚਿੜੀਏ ਚੱਲ ਉੱਡ ਚੱਲੀਏ...

**ਲਿਖਤ : ਮੁਖਤਿਆਰ ਅਲੀ**
**ਸੰਪਰਕ :** 98728 96450

## ਆਜ਼ਾਦੀ

ਰੌਲਾ ਖੂਬ ਹੈ ਪਾਇਆ ਲੋਕਾਂ।
ਖ਼ੂਨ ਪੀਣੀਆਂ ਫਿਰਦੀਆਂ ਜੋਕਾਂ।

ਔਖੇ ਸੌਖੇ ਲਾਇਆ ਕਰਜ਼ਾ,
ਫੇਰ ਵੀ ਮੁੱਕੀਆਂ ਅਜੇ ਨਾ ਟੋਕਾਂ।

ਕਿਹਾ ਬਥੇਰਾ ਮੈਂ ਨ੍ਹੀਂ ਲੜ੍ਹਨਾ,
ਲਾਂਈ ਜਾਵਣ ਮੁੜ ਮੁੜ ਚੋਕਾਂ।

ਹੱਕ ਜੇ ਮੰਗੀਏ ਕੱਠੇ ਹੋ ਕੇ,
ਲਾ ਦਿੰਦੇ ਨੇ ਥਾਂ ਥਾਂ ਰੋਕਾਂ।

ਥੱਕਗੀ ਲਾ ਲਾ ਅਤਰ ਫਲੇਲਾਂ,
ਬਣ ਸਕੀ ਨਾ ਰਾਣੀ ਕੋਕਾਂ।

ਨਾ ਭਗਤ ਸਿੰਘ, ਊਧਮ ਦਿਸਦਾ,
ਆਜਾਦੀ ਲਈ ਕੀਹਨੂੰ ਝੋਕਾਂ।

ਆ ਗਈਆਂ ਨੇ ਚੋਣਾਂ 'ਬੁਜਰਕ',
ਲਾ ਦਿਉ ਰਲ ਕੇ ਐਤਕਾਂ ਨੋਕਾਂ।

**ਲਿਖਤ : ਹਰਮੇਲ ਸਿੰਘ ਬੁਜਰਕੀਆ**
**ਸੰਪਰਕ :** 94175-97204

## ਹੰਕਾਰ ਨਾ ਹੋਵੇ...

ਨਾ ਰੋਵੇ ਅੱਖ ਕਿਸੇ ਧੀ ਦੀ,
ਤੇ ਨਾ ਹੀ ਵੱਖ ਹੋਵੇ।
ਤੜਪੇ ਨਾ ਕੋਈ ਵੀਰ- ਸਖਾ,
ਬੰਧਪੁ ਵੀ ਨਾ ਰੋਵੇ।
ਬੋਲੀ ਤੋਂ ਪਛਾਣੀ ਜਾਵੇ ,
ਨਾਰ ਭਲੇ ਮਾਂ ਹੀ ਹੋਵੇ।
ਪੁਆੜੇ ਪਵਾਏ ਬੁਰੇ-ਬੋਲ,
ਭਲੇ ਕੋਈ ਪ੍ਰਾਣੀ ਹੋਵੇ।
ਮਾਤਾ ਰੱਬ ਰੂਪ ਏ ,
ਧੀ-ਭੈਣ "ਚ ਹੈਂਕੜ ਨਾ ਹੋਵੇ।
ਇਸ ਹੈਂਕੜ ਵਿੱਚ ਹੀ,
ਪਹਿਲ ਰਾਵਣ ਤੋਂ ਹੀ ਹੋਵੇ।
ਚੱਲੀ ਨਾ ਜੇ ਵਾਹ ਉਸ ਦੀ,
ਕਿਉਂ ਭੈਣ ਅੱਗੇ ਹੋਵੇ!
ਕਿਉਂ ਸੀਤਾ ਵਰਗਿਆਂ ਦਾ,
ਧੋਖੇ ਨਾਲ ਹਰਣ ਹੋਵੇ।
ਸੱਚ ਨੂੰ ਆਂਚ ਨਾ ਲੱਗੀ,
ਨਿਰਣਾ ਸਤਯੁਗ ਦੇਵੇ।
ਐਸੀ ਕਿਹੜੀ ਭੈਣ ਏ,
ਅੱਜ ਵੀ ਮਾਪੇ ਬਾਹਰੀ ਹੋਵੇ।
ਮਤਾ ਬਣਾ ਕੇ ਰਾਵਣ,
ਵਰਗਿਆਂ ਤੋਂ ਦੁੱਖ ਵੀ ਹੋਵੇ।
ਅੱਜ ਵੀ ਅਨੇਕਾਂ ਲੁੱਟ ਭੱਜਣ,
ਇੱਕ ਮਾਂ ਹੀ ਰੋਵੇ।
ਹਾਂ ਰੀਤ ਪੁਰਾਣੀ ਨਾਮੰਜ਼ੂਰ ਹੈ,
ਪਰਖ਼ ਝੂਠੀ ਹੋਵੇ।
ਅਣਗਿਣਤ ਸੀਤਾ ਨੇ ਪਾਕ,
ਜੱਗ ਵਸਣ ਨਾ ਦੇਵੇ।
ਦੇਖੋ ਪੜ੍ਹ ਇਤਿਹਾਸ,
ਕਿਉਂ ਏ ਦੋਹਰਾਇਆ ਹੋਵੇ ?
ਲੱਖਾਂ ਅੱਜ ਆਪੇ ਦਾ,
ਮਤਾ ਮਿੱਥਿਆ ਪੱਕਾ ਹੋਵੇ !
ਜੇ ਹੋਣ ਨਾ ਵਿਤਕਰੇ,
ਬੰਨ੍ਹੀ ਰੇਖਾ ਪਾਰ ਨਾ ਹੋਵੇ
ਪਹਿਲ ਕਰੋ ਨਾ ਐਵੇਂ ਕੋਝੀ,
ਹਾਂ ਹੰਕਾਰ ਨਾ ਹੋਵੇ।

**ਲਿਖਤ : ਸ਼ਮਿੰਦਰ ਕੌਰ ਭੁਮੱਦੀ**

## ਬੁੱਲਾ

ਬਣਕੇ ਆਇਆ ਹਵਾ ਦਾ ਬੁੱਲਾ,
ਮੇਰੇ ਤੇ ਅਹਿਸਾਨ ਕਰ ਗਿਆ।

ਹਸਦੀ ਵਸਦੀ ਦੁਨੀਆਂ ਮੇਰੀ,
ਪਲਾਂ ਵਿਚ ਸ਼ਮਸ਼ਾਨ ਕਰ ਗਿਆ।

ਦੁਨੀਆਂ ਦੇ ਵਿਚ ਆ ਕੇ ਮੇਰੀ,
ਵੱਡੇ ਵੱਡੇ ਖ਼ਾਬ ਦਿਖਾਏ।

ਅੱਖਾਂ ਤੋਂ ਝੱਟ ਹੋ ਕੇ ਉਹਲੇ,
ਬਿਲਕੁਲ ਹੀ ਅਣਜਾਣ ਕਰ ਗਿਆ।

ਟੁੱਟ ਜਾਵੇਗੀ ਡੋਰ ਸਾਹਾਂ ਦੀ,
ਪਲ ਘੜੀ ਦੀ ਖੇਡ ਹੈ ਬਾਕੀ।

ਲਾਂਬੂ ਲਾ ਜੁਦਾਈ ਵਾਲਾ,
ਔਖੀ ਉਹ ਜਿੰਦਜਾਨ ਕਰ ਗਿਆ।

ਤਾੜੀ ਵੱਜਦੀ ਦੋ ਹੱਥਾਂ ਨਾਲ,
ਪਰ ਉਸ ਇੱਕ ਪਾਸੜ ਗੱਲ ਕੀਤੀ।

ਆਪ ਹੋ ਗਿਆ ਪਾਕ ਸਾਫ਼ ਉਹ,
ਮੇਰੇ ਤੇ ਇਲਜਾਮ ਧਰ ਗਿਆ।

ਬੇਵਫ਼ਾਈ ਵਾਲਾ ਤਮਗਾ,
ਗਲ਼ ਸਾਡੇ ਵਿੱਚ ਗਿਆ ਉਹ ਪਾ ਕੇ।

ਗਲੀ ਗਲੀ ਵਿਚ ਦੇ ਕੇ ਹੋਕਾ,
ਜਾਂਦਾ ਹੋਇਆ ਬਦਨਾਮ ਕਰ ਗਿਆ।

**ਲਿਖਤ : ਸੁਖਵਿੰਦਰ ਸਿੰਘ,** 9592701096

## ਗ਼ਜ਼ਲ

ਕਿਰਦਾਰ ਬਣਾ ਯਾਰਾ, ਹੋ ਉਂਝ ਬਦਨਾਮ ਨਹੀਂ
ਬਦਨਾਮ ਜਹਾਂ ਵਿਚ ਜੋ , ਸ਼ਾਮ ਨਹੀਂ ਰਾਮ ਨਹੀਂ

ਹੈ ਹੀਂ ਬਦਨਾਮ ਅਗਰ, ਕਾਲਖ ਲਾ ਰੌਸ਼ਨ ਹੋ
ਮਰ ਨਾ ਝੁਰ-ਝੁਰ ਲੁਕ ਕੇ, ਹੋ ਤੂੰ ਬੇਨਾਮ ਨਹੀਂ

ਜਿਉਣਾ ਪਹਿਚਾਣ ਗਵਾ , ਕੀ ਜਿਉਣਾ ਕੀ ਆਉਣਾ
ਬੇਕਾਰ ਜਿਹਾ ਜੀਵਨ, ਜਿਸਦਾ ਤਾਂ ਨਾਮ ਨਹੀਂ

ਚੰਦਨ ਹੋ ਵੰਡ ਖੁਸ਼ਬੂਆਂ, ਲਿਪਟਣ ਦੇ ਨਾਗਾਂ ਨੂੰ
ਸੁਕਰਾਤ ਨਹੀਂ ਤੂੰ ਜੇ , ਪੀਂਦਾਂ ਵਿਸ਼ ਜਾਮ ਨਹੀਂ

ਲੈਣਾ -ਦੇਣਾ ਕਰਮੀਂ, ਕਰਜ਼ ਸਿਰਾਂ ਤੋਂ ਲਾਹੀਂ
ਕਰਜ਼ ਚੁਕਾਏ ਬਿਨ ਤਾਂ, ਥਾਂ ਮੁਕਤੀ ਧਾਮ ਨਹੀ।


ਸਤਰੰਗੀ ਹੈ ਕੁਦਰਤ, ਕੁਦਰਤ ਹੈ ਬਹੁ-ਰੰਗੀ
ਮਨਫ਼ੀ ਹੀ ਸਭ ਰੰਗ ਜੇ, ਪਿਆਰ ਨਹੀਂ ਕਾਮ ਨਹੀਂ

ਪੀਰ ਪੈਗੰਬਰ ਹੋ ਕੇ, ਫੇਰ ਦਮਾਂ ਦੀ ਤਸਬੀਹ
ਨਾਨਕ ਹੋ ਕੇ ਮਿਲਦਾ, ਦੋ ਪਲ ਆਰਾਮ ਨਹੀਂ

ਹਰ ਬੰਦਾ ਮਿਟ ਜਾਂਦੈ, ਖਾਕ ਬਣੇ ਸ਼ਮਸ਼ਾਨੀਂ
ਸ਼ਬਦ ਅਮਰ ਨੇ, ਆਉਂਦੀ, ਇਹ ਮੌਤ ਕਲਾਮ ਨਹੀਂ

ਰੋ ਮਰਸੀਏ ਗਾਉਣਾ, ਖਾ ਪੀ ਜਸ਼ਨ ਮਨਾਉਣਾ
ਮੂਰਖਪਣ ਹੈ "ਬਾਲੀ", ਇਹ ਅੰਤ ਮੁਕਾਮ ਨਹੀਂ

**ਲਿਖਤ : ਬਾਲੀ ਰੇਤਗੜ੍ਹ**
+919465129168



# ਨਾਰੀ ਸੰਸਾਰ





## ਰਿਸ਼ਤਿਆਂ ਨੂੰ ਸੰਜੋਅ ਕੇ ਰੱਖਣ ਵਿਚ ਔਰਤ ਦੀ ਭੂਮਿਕਾ

ਇਹ ਵਿਗਿਆਨਕ ਸੱਚ ਹੈ ਕਿ ਸੂਰਜ ਆਪਣੇ ਧੁਰੇ ਦੁਆਲੇ ਘੁੰਮਦਾ ਹੈ। ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਇਸੇ ਤਰ੍ਹਾਂ ਹੋਰ ਸੌਰ ਮੰਡਲ ਦਾ ਗ੍ਰਹਿਆਂ ਦਾ ਚੱਕਰ ਚਲਦਾ ਰਹਿੰਦਾ ਹੈ, ਜਿਸ ਸਦਕਾ ਦਿਨ-ਰਾਤ ਬਣਦੇ ਹਨ ਅਤੇ ਅੱਗੋਂ ਹੋਰ ਪ੍ਰਕਿਰਤੀ ਅਤੇ ਸ੍ਰਿਸ਼ਟੀ ਦੀ ਸੰਰਚਨਾ ਬਣਦੀ, ਵਿਗਸਦੀ ਅਤੇ ਕਈ ਪ੍ਰਭਾਵਾਂ ਅਧੀਨ ਆਪਣੀ ਨੁਹਾਰ ਨੂੰ ਬਦਲਦੀ ਰਹਿੰਦੀ ਹੈ। ਭਾਵੇਂ ਕੁਝ ਵੀ ਹੋਵੇ, ਇਹ ਸੱਚ ਹੈ ਕਿ ਸ੍ਰਿਸ਼ਟੀ ਦੀ ਸਰਬ ਉੱਤਮ ਰਚਨਾ ਔਰਤ ਹੈ, ਜਿਸ ਦੀ ਆਕਿਰਤੀ-ਪ੍ਰਕਿਰਤੀ ਅਨੇਕਾਂ ਰਿਸ਼ਤਿਆਂ ਨੂੰ ਸਿਰਜਦੀ ਹੈ ਅਤੇ ਇਹ ਸਿਰਜੇ ਹੋਏ ਰਿਸ਼ਤੇ ਔਰਤ ਜਾਤੀ ਦੀ ਪਰਿਕਰਮਾ ਕਰਦੇ ਹੋਏ ਆਪਣਾ ਪਸਾਰਾ ਰਚਦੇ ਹਨ। ਮੂਲ ਭਾਵ ਇਹ ਹੈ ਕਿ ਔਰਤ ਮਾਨਵੀ ਰਿਸ਼ਤਿਆਂ ਦਾ ਧੁਰਾ ਹੈ, ਕੇਂਦਰ ਬਿੰਦੂ ਹੈ ਅਤੇ ਹੋਰ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਰੱਬੀ ਸਿਰਜਣਾ ਸ਼ਕਤੀ ਦਾ ਉੱਤਮ ਹਾਸਲ ਹੈ। ਮੋਤੀ ਤਾਂ ਵਿਭਿੰਨ ਰਿਸ਼ਤੇ ਨੇ, ਪਰ ਮਾਲਾ ਔਰਤ ਹੈ, ਜਿਸ ਦੀ ਪਰਿਕਰਮਾ ਇਹ ਸਾਰੇ ਰਿਸ਼ਤੇ ਕਰਦੇ ਹਨ। ਜੇ ਕਿਧਰੇ ਮਾਲਾ ਦਾ ਧਾਗਾ ਘਸ ਜਾਵੇ ਜਾਂ ਕਮਜ਼ੋਰ ਪੈ ਜਾਵੇ ਤਾਂ ਇਹ ਸਾਰੇ ਮੋਤੀ ਬਿਖਰ ਜਾਂਦੇ ਹਨ। ਇਨ੍ਹਾਂ ਰਿਸ਼ਤਿਆਂ ਦੇ ਬਿਖਰ ਜਾਣ ਦੀ ਅਵਸਥਾ ਤੋਂ ਪਹਿਲਾਂ ਹੀ ਇਹ ਔਰਤ ਜਾਣ ਜਾਂਦੀ ਹੈ। ਘਰ, ਪਰਿਵਾਰ, ਪਰਿਵਾਰ ਭਾਵੇਂ ਸੰਯੁਕਤ ਹੈ ਜਾਂ ਇਕਹਿਰਾ, ਦੇ ਸੰਗਠਨ ਨੂੰ ਮਜ਼ਬੂਤ ਕਰਨ ਵਿਚ ਔਰਤ ਨੇ ਸਮਾਜਿਕ, ਮਾਨਸਿਕ ਅਤੇ ਘਰੇਲੂ ਵਰਤਾਰੇ ਦਾ ਸੰਤਾਪ ਤਾਂ ਹੰਢਾਇਆ ਹੀ ਹੈ, ਨਾਲ ਹੀ ਜਿਨਸੀ ਜਾਂ ਅਪ੍ਰਵਾਨਿਤ ਸੰਬੰਧਾਂ ਦੀ ਆਹੂਤੀ ਵੀ ਪਾਈ ਹੈ, ਜਿਸ ਵਿਚ ਉਸ ਦਾ ਮੰਤਵ ਨਿਰੋਲ ਰੂਪ ਵਿਚ ਰਿਸ਼ਤਿਆਂ ਨੂੰ ਸੰਜੋਅ ਕੇ ਰੱਖਣਾ ਹੀ ਰਿਹਾ ਹੈ।

ਬਹੁਤੀ ਦੂਰ ਨਾ ਜਾਂਦਿਆਂ ਹੋਇਆਂ, ਅੱਜ ਅਸੀਂ ਦੇਖਦੇ ਹਾਂ ਕਿ ਅਨੇਕਾਂ ਰਿਸ਼ਤਿਆਂ ਵਿਚ ਵੀ ਤਰੇੜਾਂ ਆ ਚੁੱਕੀਆਂ ਹਨ ਪਰ 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਅਨੁਸਾਰ ਸਭ ਰਿਸ਼ਤੇ ਪਾਕੀਜ਼ਗੀ ਦੇ ਹਨ, ਜਿਨ੍ਹਾਂ ਨੂੰ ਅੱਜ ਦੀ ਪੜ੍ਹੀ-ਲਿਖੀ ਔਰਤ ਠੀਕ ਅਤੇ ਉਸਾਰੂ ਦ੍ਰਿਸ਼ਟੀਕੋਣ ਤੋਂ ਸਮਝ ਰਹੀ ਹੈ ਅਤੇ ਰਿਸ਼ਤਿਆਂ ਦੇ ਮਿਲਵਰਤਣ ਦੇ ਸਰੋਕਾਰਾਂ ਨੂੰ ਉਜਲਾ ਮਾਰਗ ਪ੍ਰਦਾਨ ਕਰ ਰਹੀ ਹੈ। ਜੇ ਕਿਤੇ ਊਣਤਾਈਆਂ ਵੀ ਰਹਿ ਰਹੀਆਂ ਹਨ ਤਾਂ ਸਮਝਣਾ ਚਾਹੀਦਾ ਹੈ ਕਿ ਉਸ ਦੇ ਕਾਰਨ ਸਮਾਜਿਕਤਾ, ਆਰਥਿਕਤਾ ਅਤੇ ਅਨੈਤਿਕਤਾ ਦੀ ਸਹੀ ਪਛਾਣ ਨਾ ਹੋਣ ਵਿਚ ਜਾਂ ਗ਼ਫ਼ਲਤ ਦੀ ਲਪੇਟ ਵਿਚ ਹੋਣ ਕਰਕੇ ਹੀ ਹੈ।

ਮੌਜੂਦਾ ਸਮੇਂ 'ਚ ਪਤੀ-ਪਤਨੀ ਦੇ ਰਿਸ਼ਤੇ ਵਿਚ ਡੂੰਘਾ ਨਿੱਘ ਸਮੂਹਿਕ ਰਿਸ਼ਤਿਆਂ ਦੀ ਏਕਤਾ ਦਾ ਸੂਚਕ ਬਣਦਾ ਹੈ। ਪਿਛਲੇ ਸਮਿਆਂ ਵਿਚ ਆਰਥਿਕ ਪੱਖੋਂ ਪਿਛਲੱਗ ਜਾਂ ਅਸਾਵੀਂ ਰਹੀ ਪਤਨੀ ਭਾਵੇਂ ਬੜੇ ਕਸ਼ਟ ਸਹਿੰਦੀ, ਸਹਾਰਦੀ ਅਤੇ ਇਸੇ ਤਰ੍ਹਾਂ ਅਨਪੜ੍ਹਤਾ ਦੀ ਜਕੜ ਵਿਚ ਫਸੀ ਰਹਿਣ ਸਦਕਾ ਕਈ ਔਕੜਾਂ ਭੁਗਤਦੀ ਹੋਈ ਰਿਸ਼ਤਿਆਂ ਦੀ ਤੰਦ ਨੂੰ ਗੰਢਣ-ਪਿਰੋਣ ਅਤੇ ਸਾਵੀਂ ਪੱਧਰੀ ਜ਼ਿੰਦਗੀ ਜਿਊਣ ਦੇ ਆਸਾਰਾਂ ਨੂੰ ਸਿਰਜਣੋਂ ਖੁੰਝ ਵੀ ਜਾਂਦੀ ਰਹੀ ਹੈ, ਫਿਰ ਵੀ ਉਹ ਆਪਣੀ ਔਲਾਦ, ਸ਼ਰੀਕੇ, ਭਾਈਚਾਰੇ, ਪੇਕਿਆਂ-ਸਹੁਰਿਆਂ ਆਦਿ ਨਾਲ ਸਬੰਧਤ ਰਿਸ਼ਤਿਆਂ ਨੂੰ ਇਕਸੁਰ ਅਤੇ ਇਕਜੁੱਟ ਰੱਖਣ ਵਾਸਤੇ ਕਈ ਪ੍ਰਕਾਰ ਦੇ ਤਿਆਗ, ਕੁਰਬਾਨੀਆਂ ਅਤੇ ਆਪੇ ਦੇ ਹਿੱਤਾਂ ਦਾ ਬਲੀਦਾਨ ਦੇ ਕੇ ਆਪਣੇ ਘਰ-ਪਰਿਵਾਰ ਅਤੇ ਔਲਾਦ ਵਾਸਤੇ ਸਾਂਝਾਂ ਦਾ ਪੁਲ ਉਸਾਰਦੀ ਰਹੀ ਹੈ। ਪਰ ਅਜੋਕੀ ਔਰਤ ਜੋ ਕਿ ਪੜ੍ਹ-ਲਿਖ ਕੇ ਉੱਚੇ ਅਹੁਦਿਆਂ ਦੀ ਧਾਰਨੀ ਹੋਣ ਸਦਕਾ ਆਰਥਿਕ ਪੱਖੋਂ ਕਾਫੀ ਮਜ਼ਬੂਤ ਹੋ ਗਈ ਹੈ ਅਤੇ ਅੰਧਵਿਸ਼ਵਾਸਾਂ ਤੇ ਪਰੰਪਰਾਈ ਵਲਗਣਾਂ ਤੋਂ ਅਗਾਂਹ ਲੰਘ ਆਈ ਹੈ, ਉਹ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਵੀ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੋ ਚੁੱਕੀ ਹੈ ਅਤੇ ਨਿਭਾਓ-ਪ੍ਰਸੰਗਤਾ 'ਚ ਵੀ ਨਿਸਚੈ ਬਾਖ਼ੂਬੀ ਉਸਾਰੂ ਰੋਲ ਅਦਾ ਕਰ ਰਹੀ ਹੈ। ਹੁਣ ਲੋੜ ਇਸ ਗੱਲ ਨੂੰ ਸਮਝਣ ਦੀ ਹੈ ਕਿ ਅਜੋਕੀ ਔਰਤ ਜੋ ਕਿ ਮਮਤਾ, ਤਿਆਗ, ਕੁਰਬਾਨੀ, ਪਿਆਰ ਅਤੇ ਮੁਹੱਬਤ ਦੀ ਮੂਰਤ ਹੈ, ਦੀ ਕਿਰਿਆਸ਼ੀਲਤਾ ਨੂੰ ਵਿਗਿਆਨਕ ਅਤੇ ਦਾਰਸ਼ਨਿਕ ਪੱਧਰ 'ਤੇ ਪਛਾਣਿਆ ਜਾਵੇ ਅਤੇ ਇਸ ਦੀਆਂ ਅੰਦਰੂਨੀ ਅਤੇ ਬਾਹਰੀ ਭਾਵਨਾਵਾਂ, ਕੰਮਾਂ, ਕਿੱਤਿਆਂ ਦੀ ਮਹਾਨਤਾ ਦੀ ਕਦਰ ਪਾਈ ਜਾਵੇ, ਤਾਂ ਜੋ ਇਹ ਹੋਰ ਉਸਾਰੂ ਢੰਗ ਅਤੇ ਪਿਆਰ-ਨੇਹ ਅਤੇ ਖੁਸ਼ੀ-ਖੁਸ਼ੀ ਰਿਸ਼ਤਿਆਂ ਦੀਆਂ ਪਰਤ-ਦਰ-ਪਰਤ ਨੂੰ ਹੋਰ ਪੱਕਿਆਂ ਕਰ ਸਕੇ।

**ਪਰਮਜੀਤ ਕੌਰ ਨੂਰ, ਮੋਬਾ: 98551-09732**

## ਜਦੋਂ ਜਾਓ ਬਾਹਰ ਖਾਣਾ ਖਾਣ



- ਸਭ ਤੋਂ ਪਹਿਲਾਂ ਇਹ ਨਿਸ਼ਚਾ ਕਰੋ ਕਿ ਕਿੰਨੇ ਲੋਕਾਂ ਨੇ ਖਾਣੇ ਲਈ ਜਾਣਾ ਹੈ, ਸਭ ਤੋਂ ਪਹਿਲਾਂ ਉਨ੍ਹਾਂ ਸਾਰਿਆਂ ਤੋਂ ਪੱਕਾ ਕਰ ਲਓ। ਫਿਰ ਕਿਥੇ ਜਾਣਾ ਹੈ, ਕਿਵੇਂ ਪਹੁੰਚਣਾ ਹੈ, ਇਹ ਸਭ ਪਹਿਲਾਂ ਜਾਣ ਲਓ।
- ਫੈਸਲਾ ਕਰਨ ਤੋਂ ਬਾਅਦ ਜਿਸ ਰੈਸਟੋਰੈਂਟ ਵਿਚ ਜਾਣਾ ਹੈ, ਉਥੇ ਬੁਕਿੰਗ ਕਰਵਾ ਲਓ। ਅਤੇ ਕੁਝ ਜਾਣਕਾਰੀ ਵੀ ਇਕੱਠੀ ਕਰਨੀ ਚਾਹੋ ਤਾਂ ਫੋਨ 'ਤੇ ਕਰ ਲਓ, ਜਿਵੇਂ ਮੈਨਿਊ, ਪਾਰਕਿੰਗ, ਡੇਜਰਟਸ ਆਦਿ ਦੇ ਬਾਰੇ ਵਿਚ।
- ਜੇਕਰ ਤੁਸੀਂ ਸਮੇਤ ਪਰਿਵਾਰ ਜਾ ਰਹੇ ਹੋ ਤਾਂ ਘਰੋਂ ਸੋਚ ਕੇ ਜਾਓ ਕਿ ਕਿਸ ਰੈਸਟੋਰੈਂਟ ਵਿਚ ਜਾਣਾ ਹੈ ਅਤੇ ਕਿਸ ਤਰ੍ਹਾਂ ਦਾ ਖਾਣਾ ਖਾਣਾ ਹੈ, ਮੁਗਲਾਈ, ਚਾਈਨੀਜ਼, ਸਾਊਥ ਇੰਡੀਅਨ, ਗੁਜਰਾਤੀ, ਵੈਸ਼ਨੋ ਆਦਿ।
- ਜਦੋਂ ਰੇਸਤਰਾਂ ਵਿਚ ਪਹੁੰਚੋ, ਜਿਸ ਮੇਜ਼-ਕੁਰਸੀ 'ਤੇ ਬੈਠ ਕੇ ਖਾਣਾ ਖਾਣਾ ਹੋਵੇ, ਉਥੇ ਤੁਸੀਂ ਆਪਣੇ ਹੱਥਾਂ ਨੂੰ ਮੇਜ਼ 'ਤੇ ਨਾ ਟਿਕਾਓ। ਹੱਥ ਆਪਣੀ ਗੋਦ ਵਿਚ ਰੱਖੋ।
- ਖਾਣਾ ਸਾਰਿਆਂ ਦੀ ਰਾਏ ਜਾਣ ਕੇ ਆਰਡਰ ਕਰੋ। ਘਰ ਦਾ ਇਕ ਹੀ ਮੈਂਬਰ ਸਾਰੇ ਆਰਡਰ ਦੇਵੇ। ਇਕਦਮ ਸਾਰੀਆਂ ਚੀਜ਼ਾਂ ਦਾ ਆਰਡਰ ਨਾ ਕਰੋ, ਕਿਉਂਕਿ ਇਕੱਠਾ ਖਾਣਾ ਆ ਜਾਣ 'ਤੇ ਕੁਝ ਚੀਜ਼ਾਂ ਠੰਢੀਆਂ ਹੋ ਕੇ ਬੇਕਾਰ ਹੋ ਜਾਂਦੀਆਂ ਹਨ।
- ਬਰਤਨ ਆ ਜਾਣ 'ਤੇ ਨੈਪਕਿਨ ਆਪਣੀ ਗੋਦੀ ਵਿਚ ਫੈਲਾਅ ਲਓ ਤਾਂ ਕਿ ਕੁਝ ਖਾਣਾ ਡਿਗੇ ਤਾਂ ਤੁਹਾਡੇ ਕੱਪੜੇ ਖਰਾਬ ਨਾ ਹੋਣ।
- ਖਾਣਾ ਆਉਣ 'ਤੇ ਆਪਣੀ ਪਲੇਟ ਵਿਚ ਥੋੜ੍ਹਾ-ਥੋੜ੍ਹਾ ਖਾਣਾ ਪਹਿਲਾਂ ਪਾਓ। ਲੋੜ ਹੋਣ 'ਤੇ ਦੁਬਾਰਾ ਲਓ। ਖਾਣਾ ਚੱਖਣ ਤੋਂ ਬਾਅਦ ਹੀ ਲੂਣ ਜਾਂ ਮਸਾਲਾ ਪਾਉਣਾ ਹੋਵੇ ਤਾਂ ਪਾਓ।
- ਖਾਣਾ ਹੌਲੀ-ਹੌਲੀ ਚਬਾਅ ਕੇ ਖਾਓ। ਖਾਂਦੇ ਸਮੇਂ ਆਵਾਜ਼ ਨਾ ਪੈਦਾ ਕਰੋ, ਨਾ ਹੀ ਮੂੰਹ ਖੋਲ੍ਹ ਕੇ ਖਾਣਾ ਖਾਓ। ਜਦੋਂ ਮੂੰਹ ਵਿਚ ਜ਼ਿਆਦਾ ਖਾਣਾ ਹੋਵੇ ਤਾਂ ਉਸ ਸਮੇਂ ਗੱਲ ਨਾ ਕਰੋ। ਛੋਟੇ ਟੁਕੜਿਆਂ ਵਿਚ ਖਾਣਾ ਖਾਓ।
- ਗੱਲਾਂ ਦਾ ਵਿਸ਼ਾ ਅਜਿਹਾ ਰੱਖੋ ਕਿ ਸਾਰੇ ਉਸ ਵਿਚ ਹਿੱਸਾ ਲੈ ਸਕਣ। ਕਿਸੇ ਵੀ ਤਰ੍ਹਾਂ ਦੀ ਬਹਿਸ ਤੋਂ ਬਚੋ।
- ਜੇ ਕੋਈ ਚਮਚਾ, ਛੁਰੀ ਜਾਂ ਕਾਂਟਾ ਹੇਠਾਂ ਡਿਗ ਜਾਵੇ ਤਾਂ ਉਸ ਨੂੰ ਚੁੱਕ ਕੇ ਇਕ ਪਾਸੇ ਰੱਖ ਦਿਓ ਅਤੇ ਵੇਟਰ ਨੂੰ ਨਵਾਂ ਲਿਆਉਣ ਨੂੰ ਕਹੋ। ਜੇਕਰ ਉਹ ਕੁਝ ਦੂਰੀ 'ਤੇ ਡਿਗ ਜਾਵੇ ਤਾਂ ਵੇਟਰ ਨੂੰ ਕਹੋ ਕਿ ਉਹ ਉਸ ਨੂੰ ਚੁੱਕ ਲਵੇ ਅਤੇ ਤੁਹਾਨੂੰ ਨਵਾਂ ਦੇ ਦੇਵੇ।
- ਜੇ ਖਾਣਾ ਮੇਜ਼ 'ਤੇ ਡਿਗ ਜਾਵੇ ਤਾਂ ਅਜਿਹੇ ਵਿਚ ਚਮਚੇ ਨਾਲ ਚੁੱਕ ਕੇ ਪਲੇਟ ਦੇ ਇਕ ਪਾਸੇ ਰੱਖ ਦਿਓ ਤਾਂ ਕਿ ਮੇਜ਼ ਗੰਦਾ ਨਾ ਲੱਗੇ।
- ਕੁਝ ਲੋਕ ਖੱਬੇ ਹੱਥ ਨਾਲ ਖਾਣਾ ਖਾਂਦੇ ਹਨ। ਉਨ੍ਹਾਂ ਨੂੰ ਮੇਜ਼ ਦੇ ਖੂੰਜੇ 'ਤੇ ਬਿਠਾਓ ਤਾਂ ਕਿ ਉਨ੍ਹਾਂ ਨੂੰ ਅਤੇ ਬਾਕੀਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।
- ਮੂੰਹ ਵਿਚ ਕੁਝ ਅਜਿਹਾ ਆ ਜਾਵੇ, ਜਿਸ ਨੂੰ ਤੁਸੀਂ ਅੰਦਰ ਨਹੀਂ ਲਿਜਾ ਸਕਦੇ ਤਾਂ ਵਾਸ਼ਰੂਮ ਵਿਚ ਜਾ ਕੇ ਡਸਟਬਿਨ ਵਿਚ ਥੁੱਕੋ ਅਤੇ ਕੁਰਲੀ ਕਰ ਲਓ।
- ਖਾਣਾ ਖਾ ਲੈਣ ਤੋਂ ਬਾਅਦ ਪਲੇਟ ਨੂੰ ਖਿਸਕਾਓ ਨਾ, ਸਗੋਂ ਛੁਰੀ ਕਾਂਟਾ ਤਿਰਛਾ ਕਰਕੇ ਰੱਖ ਦਿਓ ਤਾਂ ਕਿ ਵੇਟਰ ਸਮਝ ਸਕੇ ਕਿ ਤੁਸੀਂ ਖਾਣਾ ਖਾ ਚੁੱਕੇ ਹੋ। ਸੂਪ ਲੈਂਦੇ ਸਮੇਂ ਜਾਂ ਡੇਜਰਟ ਲੈਂਦੇ ਸਮੇਂ ਅੱਧਾ ਸਪੂਨ ਭਰੋ ਅਤੇ ਕਿਨਾਰੇ ਤੋਂ ਉਸ ਨੂੰ ਮੂੰਹ ਵਿਚ ਪਾਓ ਤਾਂ ਕਿ ਉਹ ਬਾਹਰ ਨਾ ਡਿਗੇ। ਸੂਪ ਪੀਂਦੇ ਸਮੇਂ ਸੁੜਕੋ ਨਾ, ਹੌਲੀ-ਹੌਲੀ ਪੀਓ। ਸੂਪ ਅਤੇ ਡੇਜਰਟ ਸਮਾਪਤ ਹੋਣ 'ਤੇ ਸਪੂਨ ਪਲੇਟ ਦੀ ਸਾਈਡ ਵਿਚ ਰੱਖੋ। ਗੱਲਾਂ ਹੌਲੀ-ਹੌਲੀ ਕਰੋ, ਤਾਂ ਕਿ ਬਾਕੀ ਲੋਕ ਤੁਹਾਡੇ ਹੱਸਣ ਅਤੇ ਗੱਲਾਂ ਕਰਨ 'ਤੇ ਪ੍ਰੇਸ਼ਾਨ ਨਾ ਹੋਣ।

**-ਨੀਤੂ ਗੁਪਤਾ**

## 13-14 ਸਾਲ ਦੀ ਉਮਰ ਵਿਚ ਬੱਚੇ ਦਾ ਪਾਲਣ-ਪੋਸ਼ਣ

ਜਿਉਂ-ਜਿਉਂ ਬੱਚੇ ਵੱਡੇ ਹੁੰਦੇ ਹਨ, ਤਿਉਂ-ਤਿਉਂ ਉਨ੍ਹਾਂ ਵਿਚ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ। ਇਨ੍ਹਾਂ ਤਬਦੀਲੀਆਂ ਕਾਰਨ ਬੱਚੇ ਦੇ ਵਰਤਾਓ, ਬੋਲਣ-ਚੱਲਣ ਦੇ ਢੰਗ, ਸੋਚਣ ਦੇ ਢੰਗ, ਮਾਪਿਆਂ ਤੇ ਸਮਾਜ ਪ੍ਰਤੀ ਉਨ੍ਹਾਂ ਦਾ ਵਤੀਰਾ ਬਦਲਦਾ ਰਹਿੰਦਾ ਹੈ। ਇਸ ਲਈ ਬੱਚਿਆਂ ਦਾ ਪਾਲਣ-ਪੋਸ਼ਣ ਸਹੀ ਢੰਗ ਨਾਲ ਕਰਨ ਲਈ ਬੱਚਿਆਂ ਵਿਚ ਆਈਆਂ ਸਮੇਂ-ਸਮੇਂ 'ਤੇ ਤਬਦੀਲੀਆਂ ਨੂੰ ਸਮਝਣਾ ਜ਼ਰੂਰੀ ਬਣ ਜਾਂਦਾ ਹੈ।

ਪਹਿਲੀ ਸਟੇਜ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਬੱਚਾ ਲਗਪਗ ਤਿੰਨ ਸਾਲ ਦਾ ਹੁੰਦਾ ਹੈ। ਪਹਿਲੀ ਵਾਰ ਘਰੋਂ ਬਾਹਰ ਪਲੇਅ-ਵੇਅ ਜਾਂ ਪ੍ਰੀ-ਨਰਸਰੀ ਲਈ ਕਦਮ ਰੱਖਦਾ ਹੈ। ਹੁਣ ਬੱਚੇ ਨੇ ਪਹਿਲੀ ਵਾਰ ਘਰੋਂ ਬਾਹਰ ਕਦਮ ਰੱਖਿਆ ਹੈ ਅਤੇ ਉਸ ਨੂੰ ਪਤਾ ਲੱਗਿਆ ਹੈ ਕਿ ਮਾਂ ਤੋਂ ਇਲਾਵਾ ਵੀ ਕੋਈ ਹੋਰ ਦੁਨੀਆ ਹੈ।

ਜਦੋਂ ਬੱਚਾ 6 ਕੁ ਸਾਲ ਦਾ ਹੋ ਜਾਂਦਾ ਹੈ ਤਾਂ ਉਸ ਲਈ ਇਹ ਨਵੀਂ ਦੁਨੀਆ, ਨਵੀਂ ਨਹੀਂ ਰਹਿੰਦੀ। ਹੁਣ ਉਹ ਇਕ ਮੂਕ ਦਰਸ਼ਕ ਨਾ ਰਹਿ ਕੇ ਇਸ ਦੁਨੀਆ ਬਾਰੇ ਹੋਰ ਦੱਸਣਾ ਸ਼ੁਰੂ ਕਰ ਦਿੰਦਾ ਹੈ, ਜਿਵੇਂ ਕਿ ਮੇਰੇ ਦੋਸਤ ਦਾ ਨਾਂਅ ਕੀ ਹੈ ? ਮੇਰਾ ਦੋਸਤ ਕਿੱਥੇ ਰਹਿੰਦਾ ਹੈ ?



ਦੂਸਰਾ ਪੜਾਅ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਬੱਚਾ 7-8 ਸਾਲ ਦੀ ਉਮਰ ਦਾ ਹੋ ਜਾਂਦਾ ਹੈ। ਉਦੋਂ ਉਹ ਆਪਣੇ ਆਲੇ-ਦੁਆਲੇ ਬਾਰੇ ਸਵਾਲ ਕਰਨੇ ਸ਼ੁਰੂ ਕਰ ਦਿੰਦਾ ਹੈ, ਜਿਵੇਂ ਕਿ ਤੁਸੀਂ ਰੋਜ਼ ਕਿੱਥੇ ਜਾਂਦੇ ਹੋ ? ਅਸਮਾਨ ਨੀਲਾ ਕਿਉਂ ਹੈ ? ਸੂਰਜ ਕਿਥੋਂ ਆਉਂਦਾ ਹੈ ? ਇਸ ਸਟੇਜ 'ਤੇ ਜ਼ਰੂਰੀ ਹੈ ਕਿ ਮਾਪੇ ਉਸ ਦੇ ਹਰ ਸਵਾਲ ਦਾ ਉੱਤਰ ਦੇਣ, ਤਾਂ ਜੋ ਉਸ ਦੀ ਉਤਸੁਕਤਾ ਨੂੰ ਸੰਤੁਸ਼ਟ ਕੀਤਾ ਜਾ ਸਕੇ। ਜਦੋਂ ਮਾਪਿਆਂ ਕੋਲ ਬੱਚੇ ਲਈ ਸਮਾਂ ਨਹੀਂ ਹੁੰਦਾ ਤਾਂ ਬੱਚੇ ਜਾਂ ਤਾਂ ਸਵਾਲ ਪੁੱਛਣੇ ਬੰਦ ਕਰ ਦਿੰਦੇ ਹਨ ਜਾਂ ਇਹੀ ਸਵਾਲ ਘਰ ਦੇ ਨੌਕਰਾਂ, ਆਪਣੇ ਦੋਸਤ-ਮਿੱਤਰਾਂ ਤੋਂ ਪੁੱਛਣਾ ਸ਼ੁਰੂ ਕਰ ਦਿੰਦੇ ਹਨ, ਜੋ ਉਸ ਦੀ ਜਗਿਆਸਾ ਨੂੰ ਸ਼ਾਂਤ ਨਹੀਂ ਕਰ ਸਕਦੇ।

ਜਿਉਂ ਹੀ ਬੱਚਾ 13-14 ਸਾਲ ਦੀ ਉਮਰ ਵਿਚ ਪੈਰ ਰੱਖਦਾ ਹੈ ਤਾਂ ਉਹ ਸਮਝਣ ਲੱਗ ਜਾਂਦਾ ਹੈ ਕਿ ਹੁਣ ਉਹ ਵੱਡਾ ਹੋ ਗਿਆ ਤੇ ਆਪਣੇ ਫੈਸਲੇ ਆਪ ਕਰ ਸਕਦਾ ਹੈ, ਉਸ ਨੂੰ ਚੰਗੀ-ਮਾੜੀ ਦੀ ਸਮਝ ਹੈ। ਇਸ ਸਟੇਜ 'ਤੇ ਬੱਚਾ ਮਾਪਿਆਂ ਨੂੰ ਤਰਜੀਹ ਨਾ ਦੇ ਕੇ ਦੋਸਤਾਂ-ਮਿੱਤਰਾਂ ਤੋਂ ਰਾਏ ਲੈਣੀ, ਉਨ੍ਹਾਂ ਦੀ ਗੱਲ ਮੰਨਣੀ ਸ਼ੁਰੂ ਕਰ ਦਿੰਦਾ ਹੈ। ਉਸ ਨੂੰ ਦੋਸਤ-ਮਿੱਤਰ ਜ਼ਿਆਦਾ ਚੰਗੇ ਲੱਗਣ ਲੱਗ ਜਾਂਦੇ ਹਨ। ਮਾਪਿਆਂ ਨਾਲ ਬਾਹਰ ਜਾਣਾ, ਪਾਰਟੀਆਂ, ਵਿਆਹ-ਸ਼ਾਦੀ 'ਤੇ ਜਾਂ ਹੋਰ ਪਾਸੇ ਜਾਣਾ ਉਸ ਨੂੰ ਚੰਗਾ ਨਹੀਂ ਲਗਦਾ, ਸਗੋਂ ਹੁਣ ਉਹ ਆਪਣੇ ਦੋਸਤਾਂ-ਮਿੱਤਰਾਂ ਨਾਲ ਹੱਸਣਾ-ਖੇਡਣਾ, ਪਾਰਟੀ ਕਰਨਾ, ਬਾਹਰ ਜਾਣਾ, ਸੈਰ ਸਪਾਟੇ 'ਤੇ ਜਾਣਾ ਚੰਗਾ ਸਮਝਣ ਲੱਗ ਜਾਂਦਾ ਹੈ।

ਬਹੁਤ ਸਾਰੀਆਂ ਗੱਲਾਂ ਆਪਣੇ ਮਾਪਿਆਂ ਤੋਂ ਛੁਪਾਉਣਾ ਸ਼ੁਰੂ ਕਰ ਦਿੰਦਾ ਹੈ। ਇਹ ਸਭ ਨੂੰ 'ਪੀਅਰ ਪਰੈਸਰ' ਕਿਹਾ ਜਾਂਦਾ ਹੈ। ਇਸ ਉਮਰ ਵਿਚ ਬੱਚੇ ਦੀ ਪਹਿਰਾਵੇ ਪ੍ਰਤੀ, ਵਾਲਾਂ ਦੇ ਸਟਾਈਲ ਪ੍ਰਤੀ, ਫੈਸ਼ਨਏਬਲ ਤੇ ਬ੍ਰਾਂਡਿਡ ਕੱਪੜਿਆਂ ਪ੍ਰਤੀ ਦਿਲਚਸਪੀ ਵਧ ਜਾਂਦੀ ਹੈ। ਇਸ ਉਮਰ ਵਿਚ ਇਕ ਹੋਰ ਤਬਦੀਲੀ ਇਹ ਆਉਂਦੀ ਹੈ ਕਿ ਹੁਣ ਉਸ ਨੂੰ ਇੱਜ਼ਤ-ਬੇਇੱਜ਼ਤੀ ਮਹਿਸੂਸ ਹੋਣ ਲੱਗ ਜਾਂਦੀ ਹੈ। ਛੋਟੀ-ਛੋਟੀ ਗੱਲ 'ਤੇ ਬੇਇੱਜ਼ਤੀ ਮਹਿਸੂਸ ਕਰਨਾ, ਮੋਬਾਈਲ 'ਤੇ ਲਗਾਤਾਰ ਚੈਟਿੰਗ ਕਰਦੇ ਰਹਿਣਾ, ਸ਼ੀਸ਼ੇ ਅੱਗੇ ਬੈਠੇ ਰਹਿਣਾ ਆਦਿ ਇਸ ਉਮਰ ਦੇ ਲੱਛਣ ਹਨ।

ਜਿਉਂ ਹੀ ਬੱਚਾ ਇਸ ਉਮਰ ਵਿਚ ਦਾਖ਼ਲ ਹੁੰਦਾ ਹੈ ਤਾਂ ਮਾਪੇ ਸਮਝਣ ਲੱਗ ਪੈਂਦੇ ਹਨ ਕਿ ਬੱਚਾ ਉਨ੍ਹਾਂ ਤੋਂ ਬਾਹਰ ਹੋ ਗਿਆ ਹੈ, ਪਰ ਮਾਪਿਆਂ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਤਬਦੀਲੀਆਂ ਉਸ ਦੇ ਵਿਕਾਸ ਦਾ ਹਿੱਸਾ ਹਨ। ਇਸ ਸਟੇਜ 'ਤੇ ਮਾਪਿਆਂ ਨੂੰ ਇਹ ਸਮਝਣਾ ਜ਼ਰੂਰੀ ਬਣ ਜਾਂਦਾ ਹੈ ਕਿ ਬੱਚਾ ਹੁਣ ਸੱਚਮੁੱਚ ਹੀ ਵੱਡਾ ਹੋ ਗਿਆ ਹੈ। ਇਸ ਲਈ ਉਸ ਨੂੰ ਪਹਿਲਾਂ ਦੀ ਤਰ੍ਹਾਂ ਹੁਕਮ ਦੇਣ ਦੀ ਬਜਾਏ ਉਸ ਨੂੰ ਰਾਏ ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਇਸ ਸਟੇਜ 'ਤੇ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਮਾਪੇ ਬੱਚੇ ਦੇ ਦੋਸਤ ਬਣਨ, ਬੱਚੇ ਨਾਲ ਇੰਨੀ ਨੇੜਤਾ ਪੈਦਾ ਕਰਨ, ਤਾਂ ਜੋ ਬੱਚਾ ਹਰ ਗੱਲ ਉਨ੍ਹਾਂ ਨਾਲ ਬੇਝਿਜਕ ਸਾਂਝੀ ਕਰ ਸਕੇ। ਇਸ ਸਟੇਜ 'ਤੇ ਬੱਚੇ ਬਹੁਤ ਸਾਰੀਆਂ ਗੱਲਾਂ ਜਾਣਨ ਲਈ ਉਤਸੁਕ ਹੁੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚੇ ਇਨ੍ਹਾਂ ਉਤਸੁਕਤਾਵਾਂ ਨੂੰ ਸੁਭਾਵਿਕ ਲੈਣ ਅਤੇ ਉਨ੍ਹਾਂ ਬਾਰੇ ਇਸ ਤਰ੍ਹਾਂ ਜਾਣਕਾਰੀ ਦੇਣ, ਜਿਸ ਤਰ੍ਹਾਂ ਇਹ ਜ਼ਿੰਦਗੀ ਦਾ ਸੁਭਾਵਿਕ ਹਿੱਸਾ ਹਨ। ਇਸ ਸਟੇਜ 'ਤੇ ਜਦੋਂ ਮਾਪਿਆਂ ਕੋਲ ਬੱਚੇ ਲਈ ਸਮਾਂ ਨਹੀਂ ਹੁੰਦਾ ਤਾਂ ਬੱਚਾ ਆਪਣੇ ਦੋਸਤਾਂ-ਮਿੱਤਰਾਂ ਤੋਂ ਜਾਣਕਾਰੀ ਇਕੱਠੀ ਕਰਦਾ ਹੈ, ਜੋ ਖੁਦ ਵੀ ਉਸ ਜਿੰਨੇ ਹੀ ਅਣਜਾਣ ਹੁੰਦੇ ਹਨ, ਜਿਸ ਨਾਲ ਬੱਚੇ ਦੇ ਭਟਕਣ ਅਤੇ ਕੁਰਾਹੇ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

**-ਪ੍ਰੋ. ਦਰਸ਼ਨ ਕੁਮਾਰ**

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

..........................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਓਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

# ਕੀ ਖੱਟਿਆ ਅਸੀਂ ਪੰਜਾਬ ਸੂਬਾ ਲੈ ਕੇ ...

ਲਿਖਤ : ਡਾ. ਪ੍ਰਿਥੀ ਪਾਲ ਸਿੰਘ ਸੋਹੀ
ਫੋਨ: 604-653-7889



ਪਹਿਲਾਂ 1947 ਵਿਚ ਧਰਮ ਦੇ ਆਧਾਰ 'ਤੇ ਭਾਰਤ ਦੀ ਵੰਡ ਕੀਤੀ ਗਈ ਸੀ ਤੇ ਵੰਡ ਵਿਚ ਪੰਜਾਬੀਆਂ ਨੂੰ ਵੰਡਿਆ ਗਿਆ। 70 ਪਰਸੈਂਟ ਤੋਂ ਵੱਧ ਪੰਜਾਬੀ ਪਾਕਿਸਤਾਨ ਵਿਚ ਰਹਿ ਗਏ ਸਨ। ਫਿਰ 1948 ਵਿਚ ਪੰਜਾਬ ਵਿਚੋਂ ਕੁਝ ਪਹਾੜੀ ਖੇਤਰ ਕੱਢ ਕੇ ਹਿਮਾਚਲ ਨਾਮ ਦਾ ਚੀਫ ਕਮਿਸ਼ਨਰ ਪ੍ਰਾਂਤ ਬਣਾ ਦਿੱਤਾ ਗਿਆ, ਪੰਜਾਬੀ ਫਿਰ ਵੰਡੇ ਗਏ। ਅਕਾਲੀ ਦਲ ਵੱਲੋਂ ਵਿੱਢੇ ਲੰਬੇ ਸੰਘਰਸ਼ ਤੋਂ ਬਾਅਦ ਇੱਕ ਨਵੰਬਰ 1966 ਤੋਂ ਬੋਲੀ ਦੇ ਆਧਾਰ 'ਤੇ ਨਵਾਂ ਪੰਜਾਬ ਹੋਂਦ ਵਿਚ ਲਿਆਂਦਾ ਗਿਆ। ਪੰਜਾਬੀਆਂ 'ਤੇ ਫਿਰ ਕੁਹਾੜਾ ਚੱਲਿਆ, ਦਿੱਲੀ ਤੱਕ ਫੈਲੇ ਪੰਜਾਬੀ ਛੋਟੇ ਜਿਹੀ ਸੂਬੀ ਤੱਕ ਸੀਮਤ ਹੋ ਗਏ। ਕੁੱਲੂ, ਲਾਹੁਲ, ਸਪਿਤੀ ਅਤੇ ਕਾਂਗੜਾ ਦੇ ਪੰਜਾਬੀਆਂ ਨੂੰ ਪੰਜਾਬ ਨਾਲੋਂ ਕੱਟ ਕੇ, ਹਿਮਾਚਲ ਨਾਲ ਜੋੜ ਦਿੱਤਾ ਅਤੇ ਹਿਸਾਰ, ਜੀਂਦ, ਕਰਨਾਲ, ਅੰਬਾਲਾ ਗੱਲ ਕੀ ਦਿੱਲੀ ਤੱਕ ਫੈਲੇ ਪੰਜਾਬੀਆਂ ਨੂੰ ਪੰਜਾਬੀਅਤ ਤੋਂ ਦਰ ਕਿਨਾਰ ਕਰਾ ਦਿੱਤਾ ਗਿਆ। ਦਿੱਲੀ ਭਾਵੇਂ ਵੱਖਰਾ ਖੇਤਰ ਸੀ ਪਰ 1966 ਤੱਕ ਦਿੱਲੀ ਦੇ ਅੱਧੇ ਲੋਕ ਆਪਣੇ ਆਪ ਨੂੰ ਪੰਜਾਬੀ ਕਹਿੰਦੇ ਸਨ। ਹਰਿਆਣਾ, ਹਿਮਾਚਲ ਅਤੇ ਦਿੱਲੀ ਦੇ ਲੋਕ ਭਾਵੇਂ ਠੇਠ ਪੰਜਾਬੀ ਨਹੀਂ ਸਨ ਬੋਲਦੇ, ਪਰ ਉਹ ਆਪਣੀ ਸੱਭਿਆਚਾਰਕ ਪਛਾਣ ਪੰਜਾਬੀ ਹੀ ਦੱਸਦੇ ਸਨ। ਇੱਕ ਨਵੰਬਰ 1966 ਤੋਂ ਬਾਅਦ ਉਨ੍ਹਾਂ ਦੀ ਪਛਾਣ ਬਦਲ ਗਈ, ਉਹ ਆਪਣੇ ਆਪ ਨੂੰ ਹਰਿਆਣਵੀ, ਹਿਮਾਚਲੀ ਜਾਂ ਦਿੱਲੀ ਵਾਲੇ ਕਹਿਣ ਲੱਗ ਪਏ। ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਜਦੋਂ ਅੰਗੇਰਜ਼ਾਂ ਤੋਂ ਸਿੱਖਾਂ ਲਈ ਕੋਈ ਵੱਖਰਾ ਰਾਜਨੀਤਕ ਖਿੱਤਾ ਲੈਣ ਵਿਚ ਫੇਲ੍ਹ ਹੋ ਗਿਆ ਤਾਂ ਉਸ ਨੇ ਆਪਣੀਆਂ ਰਾਜਨੀਤਕ ਸੱਤਾ ਪ੍ਰਾਪਤੀ ਦੀਆਂ ਲਾਲਸਾਵਾਂ ਨੂੰ ਪੂਰਾ ਕਰਨ ਲਈ 1948 ਤੋਂ ਹੀ ਯਤਨ ਆਰੰਭ ਦਿੱਤੇ ਸਨ। ਬਾਅਦ ਵਿਚ ਜਦੋਂ ਅੰਬੇਦਕਰ ਵਰਗੇ ਲੀਡਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਧਰਮ ਦੇ ਆਧਾਰ 'ਤੇ ਨਵਾਂ ਸੂਬਾ ਹੁਣ ਨਹੀਂ ਲਿਆ ਜਾ ਸਕਦਾ, ਕੇਂਦਰੀ ਕਮਿਸ਼ਨ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਉਣ ਲਈ ਬਣ ਰਿਹਾ ਹੈ, ਫਿਰ ਅਕਾਲੀ ਆਗੂਆਂ ਨੇ ਧਰਮ ਦਾ ਨਾਮ ਲਏ ਬਗੈਰ, ਪੰਜਾਬੀ ਭਾਸ਼ਾ ਨੂੰ ਮੋਹਰੇ ਰੱਖ ਕੇ ਆਪਣੀਆਂ ਧਾਰਮਿਕ ਅਤੇ ਰਾਜਨੀਤਕ ਖਾਹਿਸ਼ਾਂ ਦੀ ਪੂਰਤੀ ਲਈ ਸੰਘਰਸ਼ ਵਿੱਢ ਦਿੱਤਾ। ਇਸ ਤਰ੍ਹਾਂ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਮੰਗ ਪਿੱਛੇ ਦੋ ਮੁੱਖ ਮੰਤਵ ਬਣ ਗਏ। ਪਹਿਲਾ ਪੰਜਾਬੀ ਬੋਲੀ ਦੀ ਰੱਖਿਆ ਅਤੇ ਵਿਸਥਾਰ, ਦੂਜਾ ਲੁਕਵਾਂ, ਪਰ ਅਸਲ ਮੁੱਦਾ ਸੀ ਸੱਤਾ ਦੀ ਲਾਲਸਾ। ਨਵਾਂ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਬੋਲੀ ਦਾ ਵਿਸਥਾਰ ਤਾਂ ਸਗੋਂ ਰੁਕ ਗਿਆ, ਪੰਜਾਬੀ ਬੋਲੀ ਦਾ ਘੇਰਾ ਸੀਮਤ ਹੋ ਗਿਆ। ਲਾਹੁਲ ਸਪਿਤੀ, ਕੁੱਲੂ, ਸ਼ਿਮਲਾ, ਕਾਂਗੜਾ ਅਤੇ ਇੱਧਰ ਦਿੱਲੀ ਤੱਕ ਪੰਜਾਬੀ ਬੋਲਣ ਵਾਲੇ ਲੋਕ ਹੁੰਦੇ ਸਨ ਜੋ ਛੋਟੇ ਜਿਹੇ ਖੇਤਰ ਵਿਚ ਸਿਮਟ ਕੇ ਰਹਿ ਗਏ। ਅੱਜ ਲੋਕ ਕਹਿ ਰਹੇ ਹਨ ਕਿ ਹੁਣ ਘਰਾਂ ਵਿਚ ਬੱਚੇ ਪੰਜਾਬੀ ਨਾਲੋਂ ਵੱਧ ਹਿੰਦੀ ਬੋਲਦੇ ਹਨ। ਸਕੂਲਾਂ ਵਿਚ ਵੀ ਹਿੰਦੀ ਅਤੇ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸੋ ਪੰਜਾਬੀ ਦੇ ਵਿਕਾਸ ਵਾਲਾ ਮਿਸ਼ਨ ਫੇਲ੍ਹ ਰਿਹਾ। ਇਹ ਫੇਲ੍ਹ ਹੋਣਾ ਹੀ ਸੀ ਕਿਉਂਕਿ ਪੰਜਾਬੀ ਸੂਬੇ ਦੇ ਸੰਘਰਸ਼ ਲਈ ਇਹ ਅਸਲ ਮੁੱਦਾ ਹੈ ਹੀ ਨਹੀਂ ਸੀ। ਅਸਲ ਮੁੱਦਾ ਤਾਂ ਸੱਤਾ ਨੂੰ ਹਾਸਲ ਕਰਨ ਦਾ ਸੀ। 1966 ਦੀ ਵੰਡ ਤੋਂ ਬਾਅਦ ਪਹਿਲੀਆਂ ਚੋਣਾਂ 1967 ਵਿਚ ਹੋਈਆਂ ਅਕਾਲੀ ਦਲ ਇੰਨੇ ਵੱਡੇ ਸੰਘਰਸ਼ ਤੋਂ ਬਾਅਦ ਵੀ ਇਕੱਲਾ ਬਹੁਮੱਤ ਨਾ ਲੈ ਸਕਿਆ, ਸਰਕਾਰ ਟੁੱਟ ਗਈ ਤੇ ਫਿਰ 1969 ਵਿਚ ਵੋਟਾਂ ਪਈਆਂ ਅਕਾਲੀ ਦਲ ਫਿਰ ਵੀ ਬਹੁਮੱਤ ਨਾ ਲੈ ਸਕਿਆ, ਪਰ 1970 ਵਿਚ ਮਿਲੀ-ਜੁਲੀ ਸਰਕਾਰ ਵਿਚ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਛੋਟੀ ਉਮਰ ਵਾਲੇ ਮੁੱਖ ਮੰਤਰੀ ਜ਼ਰੂਰ ਬਣ ਗਏ। ਦੋਵੇਂ ਵਾਰ ਸਰਕਾਰ ਬਣਾਉਣ ਲਈ ਉਸੇ ਜਨ ਸੰਘ ਦਾ ਸਹਾਰਾ ਲੈਣਾ ਪਿਆ ਜੋ ਪੰਜਾਬੀ ਸੂਬੇ ਦਾ ਵਿਰੋਧ ਕਰਦੇ ਸਨ। ਸਰਕਾਰ ਫਿਰ ਟੁੱਟ ਗਈ। 1971-72 ਵਿਚ ਲੋਕਾਂ ਨੇ ਅਕਾਲੀਆਂ ਨੂੰ ਪਰਾਂ ਕਰ ਕੇ ਉਸੇ ਕਾਂਗਰਸ ਨੂੰ ਫਿਰ ਵੱਡੀ ਜਿੱਤ ਦਵਾ ਦਿੱਤੀ ਜੋ ਪੰਜਾਬੀ ਸੂਬੇ ਦਾ ਵਿਰੋਧ ਕਰਦੀ ਸੀ ਅਤੇ ਮਹਾਂ ਪੰਜਾਬ ਦੀ ਗੱਲ ਕਰਦੀ ਸੀ। ਅਕਾਲੀ ਸੱਤਾ ਤੋਂ ਫੇਰ ਪਰਾਂ ਰਹੇ। ਬਾਅਦ ਵਿਚ ਕਦੇ ਅਕਾਲੀ ਤੇ ਕਦੇ ਕਾਂਗਰਸੀ ਸੱਤਾ ਵਿਚ ਆਉਂਦੇ ਰਹੇ। ਅਕਾਲੀਆਂ ਦੀ ਸੱਤਾ ਦੀ ਲਾਲਸਾ ਵੀ ਅਸਲ ਵਿਚ ਪੂਰੀ ਨਾ ਹੋ ਸਕੀ। ਪੰਜਾਬੀ ਸੂਬਾ ਬਣਨ ਤੋਂ ਤਿੰਨ ਸਾਲ ਬਾਅਦ ਮੁੱਖ ਮੰਤਰੀ ਬਣ ਕੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਰਾਜਨੀਤਕ ਸੀਨ 'ਤੇ ਆ ਗਏ ਸਨ, ਉਨ੍ਹਾਂ ਨੇ ਸਿੱਖ ਭਾਵਨਾਵਾਂ ਦੀ ਵਰਤੋਂ ਜਾਂ ਸ਼ੋਸ਼ਣ ਕਰ ਕੇ ਕਈ ਵਾਰ ਸੱਤਾ ਦੀ ਵਾਗਡੋਰ ਸੰਭਾਲੀ, ਪਰ ਆਖਰ ਪਰਿਵਾਰਵਾਦ ਨੂੰ ਤਰਜੀਹ ਦੇ ਕੇ ਜੋ ਕੁਝ ਸਿੱਖ ਸਮਾਜ ਜਾਂ ਪੰਜਾਬ ਲਈ ਕੀਤਾ ਉਹ ਸਭ ਦੇ ਸਾਹਮਣੇ ਹੈ। ਅਕਾਲੀ ਦਲ ਦੇ ਸੰਘਰਸ਼ ਦਾ ਸਭ ਤੋਂ ਵੱਧ ਫਾਇਦਾ ਹੋਇਆ ਹਰਿਆਣਵੀਆਂ ਨੂੰ, ਜਿਨ੍ਹਾਂ ਨੂੰ ਬਿਨਾਂ ਮੰਗਿਆਂ ਪਲੇਟ ਵਿਚ ਰੱਖ ਕੇ ਅਕਾਲੀਆਂ ਨੇ ਹਰਿਆਣਾ ਦਵਾ ਦਿੱਤਾ, ਤੇ ਉਥੇ ਬਾਦਲ ਸਾਹਿਬ ਦੇ ਜੁੱਟੀ ਦੇ ਯਾਰ ਹੀ ਨਵੇਂ ਹਾਕਮ ਬਣ ਗਏ। 1966 ਵਿਚ ਇੰਦਰਾ ਗਾਂਧੀ ਦੀ ਕਮਾਂਡ ਹੇਠ ਜੋ ਨਵਾਂ ਪੰਜਾਬ ਬਣਾਇਆ ਤਾਂ ਚੰਡੀਗੜ੍ਹ, ਅਬੋਹਰ ਅਤੇ ਫਾਜ਼ਿਲਕਾ ਦੇ ਪੰਜਾਬੀ ਬੋਲਦੇ ਇਲਾਕੇ ਉਸ ਤੋਂ ਦੂਰ ਰੱਖ ਗਏ, ਅਕਾਲੀਆਂ ਨੇ ਇਸ ਦਾ ਵਿਰੋਧ ਤਾਂ ਕੀਤਾ ਪਰ 1967 ਦੀਆਂ ਚੋਣਾਂ ਵਿਚ ਹਿੱਸਾ ਲੈ ਕੇ, ਇਸ ਨੂੰ ਇਕ ਤਰ੍ਹਾਂ ਪ੍ਰਵਾਨ ਕਰ ਲਿਆ। ਇਨ੍ਹਾਂ ਇਲਾਕਿਆਂ ਨੂੰ ਲੈਣ ਲਈ ਫਿਰ ਨਵਾਂ ਸੰਘਰਸ਼ ਵਿੱਢ ਦਿੱਤਾ। ਬਾਅਦ ਦੀਆਂ ਸਾਰੀਆਂ ਹੀ ਚੋਣਾਂ ਵਿਚ ਉਹ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਲਈ ਸੰਘਰਸ਼ ਕਰਨ ਦੇ ਨਾਮ 'ਤੇ ਵੋਟਾਂ ਲੈਂਦੇ ਰਹੇ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ਾਂ ਸਮੇਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਤੋਂ ਬਾਅਦ ਅਕਾਲੀ ਦਲ ਨੇ ਕਦੇ ਵੀ ਪੰਜਾਬ ਲਈ ਕੋਈ ਸਾਰਥਕ ਸਹੀ ਕੰਮ ਨਹੀਂ ਕੀਤਾ। ਸਾਰੇ ਮੋਰਚਿਆਂ ਪਿਛੇ ਸੱਤਾ ਦਾ ਲਾਲਚ ਹੁੰਦਾ ਸੀ ਅਤੇ ਇਹ ਮੋਰਚੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਿਚ ਸਹਾਈ ਹੁੰਦੇ ਰਹੇ। ਆਜ਼ਾਦੀ ਮੌਕੇ ਜਦੋਂ ਜਿਨਾਹ ਅਤੇ ਨਹਿਰੂ ਪਾਕਿਸਤਾਨ ਅਤੇ ਭਾਰਤ ਲਈ ਵਕਾਲਤ ਕਰ ਰਹੇ ਸਨ, ਅਕਾਲੀ ਦਲ ਕਦੇ ਵੀ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਠੋਸ ਅਤੇ ਧੜੱਲੇ ਭਰੇ ਢੰਗ ਨਾਲ ਅੰਗਰੇਜ਼ਾਂ ਤੱਕ ਨਹੀਂ ਪਹੁੰਚਾ ਸਕਿਆ। ਠੀਕ ਹੈ ਕਿ ਉਸ ਸਮੇਂ ਪੰਜਾਬ ਵਿਚ ਸਿੱਖਾਂ ਦੀ ਗਿਣਤੀ ਸਿਰਫ 13 ਪਰਸੈਂਟ ਸੀ, ਇੱਕ ਦੋ ਤਹਿਸੀਲਾਂ ਨੂੰ ਛੱਡ ਕੇ ਇਹ ਕਿਧਰੇ ਵੀ ਬਹੁਮੱਤ ਵਿਚ ਨਹੀਂ ਸਨ, ਜੇ ਧਰਮ ਦੇ ਆਧਾਰ 'ਤੇ ਨਹੀਂ ਤਾਂ ਉਹ ਪੁਰਾਣੇ ਸਿੱਖ ਰਾਜ, ਜਿਸ ਨੂੰ ਅੰਗੇਰਜ਼ਾਂ ਨੇ ਹਥਿਆਇਆ ਸੀ, ਦੇ ਆਧਾਰ 'ਤੇ ਇੱਕ ਸੈਕੂਲਰ ਪੰਜਾਬ ਸਥਾਪਤ ਕਰਨ ਦਾ ਮੁੱਦਾ ਵੀ ਧੜੱਲੇ ਨਾਲ ਨਹੀਂ ਉਠਾ ਸਕੇ। ਇੱਕ ਪੱਖ ਇਹ ਵੀ ਸੀ ਕਿ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਦਾ ਰਾਜਨੀਤਕ ਕੱਦ ਜਿਨਾਹ ਅਤੇ ਨਹਿਰੂ ਦੇ ਮੁਕਾਬਲੇ ਬਹੁਤ ਛੋਟਾ ਸੀ। ਉਹ ਅੰਗਰੇਜ਼ਾਂ ਨਾਲ ਧੜੱਲੇ ਨਾਲ ਗੱਲ ਕਰਨ ਦੀ ਸਮਰੱਥਾ ਨਹੀਂ ਸੀ ਰੱਖਦੇ ਅਤੇ ਨਾ ਹੀ ਉਨ੍ਹਾਂ ਨੂੰ ਡਿਪਲੋਮੇਸੀ ਆਉਂਦੀ ਸੀ। ਉਹ ਕਦੇ ਜਿਨਾਹ ਨਾਲ ਅਤੇ ਕਦੇ ਨਹਿਰੂ ਨਾਲ ਬਾਰਗੇਨਿੰਗ ਕਰਦੇ ਰਹੇ। ਉਹ ਵਿਜ਼ਨਰੀ ਆਗੂ ਨਹੀਂ ਸਨ। ਅਸਲ ਵਿਚ ਮਾਸਟਰ ਤਾਰਾ ਸਿੰਘ ਅੰਗਰੇਜ਼ ਹਾਕਮਾਂ ਨੂੰ ਮਿਲਣ ਦਾ ਹੀਆਂ ਜਾਂ ਦਲੇਰੀ ਹੀ ਨਹੀਂ ਸਨ ਰੱਖਦੇ। ਅਕਾਲੀ ਆਗੂਆਂ ਪਾਸ ਇੱਕ ਵਿਕਲਪ ਬੋਲੀ ਦੇ ਆਧਾਰ 'ਤੇ ਵੱਖਰਾ ਦੇਸ਼ ਮੰਗਣ ਦਾ ਵੀ ਸੀ। ਉਸ ਸਮੇਂ ਲਾਰਡ ਮੈਕਡੌਨਲਡ ਨੇ ਸਿੱਖ ਆਗੂਆਂ ਨੂੰ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਵੱਖਰਾ ਦੇਸ਼ ਮੰਗਣ ਲਈ ਇੱਕ ਅੱਧ ਵਾਰ ਗੱਲ ਕਹੀ ਦੱਸੀ ਜਾਂਦੀ ਹੈ, ਪਰ ਉਸ ਸਮੇਂ ਪੰਜਾਬੀ ਬੋਲੀ ਦੇ ਆਧਾਰ 'ਤੇ ਵੀ ਉਹ ਲਹਿਰ ਖੜੀ ਨਹੀਂ ਕਰ ਸਕੇ। ਪਰ ਇਸ ਲਈ ਲੋਕ ਲਹਿਰ ਖੜੀ ਕਰਨ ਲਈ ਅਤੇ ਇਸ ਦੇ ਹੱਕ ਵਿਚ ਬਿਰਤਾਂਤ ਖੜਾ ਕਰਨ ਲਈ, ਵੱਡੀ ਸੁਲਝੀ ਹੋਈ ਧੜੱਲੇਦਾਰ ਲੀਡਰਸ਼ਿਪ ਦੀ ਲੋੜ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੱਜ ਤੱਕ ਵੀ ਸਿੱਖਾਂ ਨੂੰ ਕੋਈ ਵਿਜ਼ਨਰੀ, ਦੂਰ ਅੰਦੇਸ਼, ਸਟੇਟਸਮੈਨਸ਼ਿੱਪ ਵਾਲਾ ਲੀਡਰ ਨਹੀਂ ਮਿਲਿਆ। ਉਹੀ ਲੀਡਰਸ਼ੀਪ ਜੋ ਅੰਗਰੇਜ਼ਾਂ ਵੇਲੇ ਪੰਜਾਬੀ ਬੋਲੀ ਦੇ ਆਧਾਰ 'ਤੇ ਵੱਖਰਾ ਦੇਸ਼ ਬਣਾਉਣ ਲਈ ਸਾਰਥਕ ਸੰਘਰਸ਼ ਤੋਂ ਖੁੰਝ ਗਈ ਸੀ, ਨੇ ਬਾਅਦ ਵਿਚ ਉਸ ਬੋਲੀ ਦੇ ਆਧਾਰ 'ਤੇ ਹੀ ਪੰਜਾਬੀ ਸੂਬੀ ਬਣਾਉਣ ਲਈ ਮਰਨ ਵਰਤ ਰੱਖਣੇ ਸ਼ੁਰੂ ਕਰ ਦਿੱਤੇ। ਸੂਬੇ ਦੇ ਮਸਲੇ ਨੂੰ ਸਿੱਖ ਧਰਮ ਨਾਲ ਜੋੜ ਕੇ, ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਸੰਘਰਸ਼ੀਆਂ ਨੂੰ ਮੋਰਚਿਆਂ ਵਿਚ ਭੇਜਣ ਦੀ ਕਿਰਿਆ ਸ਼ੁਰੂ ਕਰ ਕੇ, ਭਾਸ਼ਾਈ ਸੰਘਰਸ਼ ਨੂੰ ਵੀ ਕਮਿਊਨਲ ਰੂਪ ਦੇ ਦਿੱਤਾ, ਜਿਸ ਕਾਰਨ ਪਾਕਿਸਤਾਨ ਵੰਡ ਤੋਂ ਬਾਅਦ ਸਹਿਮੇ ਹਿੰਦੂਆਂ ਨੂੰ ਮਹਾਸ਼ਾ ਪਰੈਸ ਨੇ ਹੋਰ ਟੂਲ ਦੇ ਦਿੱਤੀ ਤੇ ਉਹ ਡਰ ਕਾਰਨ ਪੰਜਾਬੀ ਮਾਂ ਬੋਲੀ ਤੋਂ ਹੀ ਕਿਨਾਰਾ ਕਰ ਗਏ। ਇਸ ਡਰ ਅਧੀਨ ਪੰਜਾਬੀ ਹਿੰਦੂਆਂ ਨੇ ਮਜਬੂਰੀ ਵਸ ਆਪਣੀ ਮਾਂ ਭਾਸ਼ਾ ਹਿੰਦੀ ਘੋਸ਼ਤ ਕਰ ਦਿੱਤੀ। ਸਿੱਟੇ ਵਜੋਂ 1951 ਅਤੇ 1961 ਵਿਚ ਹਿੰਦੀ ਨੂੰ ਮਾਤ ਭਾਸ਼ਾ ਲਿਖਵਾ ਦਿੱਤਾ ਜਿਸ ਕਾਰਨ ਅੰਬਾਲਾ, ਹਿਸਾਰ, ਜੀਂਦ ਅਤੇ ਕਰਨਾਲ ਦੇ ਪੰਜਾਬੀ ਬੋਲਣ ਵਾਲੇ ਹਿੰਦੂ ਵੀ ਪੰਜਾਬੀ ਦੀ ਥਾਂ ਹਿੰਦੀ ਭਾਸ਼ਾਈ ਬਣ ਗਏ। ਇਹ ਖੇਤਰ ਜੋ ਪੰਜਾਬ ਵਿਚ ਆ ਸਕਦੇ ਸਨ, ਅਕਾਲੀਆਂ ਅਤੇ ਸੰਘੀਆਂ ਦੇ ਸੰਪਰਦਾਇਕ ਏਜੰਡਿਆਂ ਕਾਰਨ ਵਰਤਮਾਨ ਪੰਜਾਬ ਤੋਂ ਬਾਹਰ ਰਹਿ ਗਏ। ਅਸਲ ਵਿਚ ਤਾਂ 1947 ਤੋਂ ਬਾਅਦ ਬਣੇ ਪੰਜਾਬੀ ਸੂਬੇ ਨੂੰ ਬੋਲੀ ਦੇ ਆਧਾਰ 'ਤੇ ਵੰਡਣ ਦੀ ਲੋੜ ਹੀ ਨਹੀਂ ਸੀ। ਬੋਲੀ ਦੇ ਆਧਾਰ 'ਤੇ ਵੰਡ ਦਾ ਅਰਥ ਸੀ ਪੰਜਾਬੀਆਂ ਨੂੰ ਵੰਡਣਾ ਤੇ ਉਹ ਵੰਡ ਦਿੱਤਾ ਜਿਸ ਦਾ ਸੰਤਾਪ ਪੰਜਾਬੀ ਅੱਜ ਤੱਕ ਭੋਗ ਰਹੇ ਹਨ। ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਵੰਡ ਆਦਿ ਸਭ ਇਸ ਵੰਡ ਦੇ ਹੀ ਨਤੀਜੇ ਹਨ। ਰਾਜਨੀਤਕ ਪਾਰਟੀਆਂ ਅਤੇ ਆਗੂਆਂ ਲਈ ਇਹ ਮੁੱਦੇ ਹਨ, ਪਰ ਆਮ ਪੰਜਾਬੀਆਂ ਲਈ ਇਹ ਸੰਤਾਪ ਹੈ। ਅੱਜ ਹਰ ਸਮੇਂ ਇਨ੍ਹਾਂ ਮੁੱਦਿਆਂ 'ਤੇ ਸਿਆਸਤ ਹੁੰਦੀ ਰਹਿੰਦੀ ਹੈ। ਖੈਰ ਵਿਸ਼ਾਲ ਹਿਰਦੇ ਅਤੇ ਸੋਚ ਵਾਲੇ ਪੰਜਾਬੀ ਛੋਟੇ ਜਿਹੇ ਖਿੱਤੇ ਵਿਚ ਸੁੰਗੜ ਕੇ ਨਹੀਂ ਸਨ ਰਹਿ ਸਕਦੇ। ਉਨ੍ਹਾਂ ਨੇ ਭਾਰਤ ਵਿਚ ਫੈਲਣ ਦੇ ਨਾਲ ਨਾਲ ਦੁਨੀਆਂ ਵਿਚ ਫੈਲਣਾ ਸ਼ੁਰੂ ਕਰ ਦਿੱਤਾ। ਅੱਜ ਉਨ੍ਹਾਂ ਦੀਆਂ ਹੱਦਾਂ ਤਕਰੀਬਨ 150 ਦੇਸ਼ਾਂ ਤੱਕ ਫੈਲ ਗਈਆਂ ਹਨ। 50 ਲੱਖ ਦੇ ਕਰੀਬ ਪੰਜਾਬੀ ਵਿਸ਼ਵ ਧਰਾਤਲ 'ਤੇ ਪੰਜਾਬੀ ਸੱਭਿਆਚਾਰਕ ਤਹਿਜ਼ੀਬ ਦੀ ਖੁਸ਼ਬੋ ਫੈਲਾਅ ਰਹੇ ਹਨ।

# ਕੈਨੇਡਾ ਦੇ ਸਰਕਾਰੀ ਨੈਟਵਰਕ 'ਚ ਚੀਨੀ ਹੈਕਰਾਂ ਦੀ ਘੁਸਪੈਠ ਉੱਤੇ ਕੈਨੇਡਾ ਦੀ ਸਾਈਬਰ ਖ਼ੁਫ਼ੀਆ ਏਜੰਸੀ ਨੇ ਜਤਾਈ ਚਿੰਤਾ

ਕੈਨੇਡਾ ਦੀ ਸਾਈਬਰ ਖ਼ੁਫ਼ੀਆ ਏਜੰਸੀ, ਕਮਿਊਨੀਕੇਸ਼ਨਜ਼ ਸਿਕਿਉਰਟੀ ਇਸਟੈਬਲਿਸ਼ਮੈਂਟ (CSE), ਨੇ ਇੱਕ ਤਾਜ਼ਾ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਚੀਨ- ਦੇ ਹੈਕਰਾਂ ਨੇ ਕੈਨੇਡਾ ਦੇ ਸਰਕਾਰੀ ਨੈਟਵਰਕਾਂ ਵਿੱਚ ਕਈ ਵਾਰ ਘੁਸਪੈਠ ਕੀਤੀ ਅਤੇ ਕੀਮਤਾਂ ਜਾਣਕਾਰੀ ਇਕੱਠੀ ਕੀਤੀ ਹੈ। ਰਿਪੋਰਟ ਮੁਤਾਬਕ, ਇਹ ਘੁਸਪੈਠ ਫੈਡਰਲ, ਸੂਬਾਈ ਅਤੇ ਮਿਊਂਸਪਲ ਸਰਕਾਰੀ ਨੈਟਵਰਕਾਂ ਵਿੱਚ ਅਕਸਰ ਹੋਈ ਹੈ, ਜਿਸ ਨਾਲ ਕੈਨੇਡਾ ਦੇ ਸੁਰੱਖਿਆ ਅਤੇ ਵਿਦੇਸ਼ੀ ਸਬੰਧਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

CSE ਦੀ ਰਿਪੋਰਟ ਚੀਨ ਨੂੰ ਕੈਨੇਡਾ ਲਈ ਸਭ ਤੋਂ ਵੱਡਾ ਸਾਈਬਰ ਖ਼ਤਰਾ ਮੰਨਦੀ ਹੈ। ਰਿਪੋਰਟ ਕਹਿੰਦੀ ਹੈ ਕਿ ਚੀਨ ਨੇ ਕੈਨੇਡਾ ਦੇ ਨੈਟਵਰਕਾਂ ਤੇ ਪੱਧਰ ਅਤੇ ਬਾਰੀਕੀਆਂ ਨਾਲ ਘੁਸਪੈਠ ਕੀਤੀ, ਜੋ ਹੋਰ ਦੇਸ਼ਾਂ ਦੀ ਤੁਲਨਾ ਵਿੱਚ ਕਾਫ਼ੀ ਅਗਰਸਰ ਹੈ। ਫ਼ੂਛ (ਚੀਨ) ਦੇ ਸਾਈਬਰ ਹੈਕਰ ਕਈ ਸਰਕਾਰੀ ਨੈਟਵਰਕਾਂ ਵਿਚ ਲੰਬੇ ਸਮੇਂ ਲਈ ਪਹੁੰਚ ਬਰਕਰਾਰ ਰੱਖਦੇ ਹੋਏ ਸੰਚਾਰ ਅਤੇ ਹੋਰ ਮੁੱਲਵਾਨ ਜਾਣਕਾਰੀ ਇਕੱਠੀ ਕਰਦੇ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਚੀਨ ਕੈਨੇਡਾ ਦੇ ਨੈਟਵਰਕਾਂ ਨੂੰ ਘੁਸਪੈਠ ਕਰਨ ਤੋਂ ਇਲਾਵਾ, ਵਿਦੇਸ਼ੀ ਸਬੰਧਾਂ ਤੇ ਵਪਾਰਕ ਲਾਭ ਪ੍ਰਾਪਤ ਕਰਨ ਲਈ ਜਨਤਕ ਅਧਿਕਾਰੀਆਂ ਨੂੰ ਵੀ ਨਿਸ਼ਾਨਾ ਬਣਾਉਂਦਾ ਹੈ।

CSE ਦੀ ਰਿਪੋਰਟ ਵਿੱਚ ਰੂਸ, ਈਰਾਨ, ਉੱਤਰੀ ਕੋਰੀਆ ਅਤੇ ਭਾਰਤ ਨੂੰ ਵੀ ਸਾਈਬਰ



ਖ਼ਤਰੇ ਦੇ ਤੌਰ ਤੇ ਦਰਸਾਇਆ ਗਿਆ ਹੈ। ਰਿਪੋਰਟ ਕਹਿੰਦੀ ਹੈ ਕਿ ਰੂਸ ਦੀਆਂ ਸਾਈਬਰ ਸਰਗਰਮੀਆਂ ਕੈਨੇਡੀਅਨ ਸਰਕਾਰ, ਸੈਨਾ, ਨਿੱਜੀ ਖੇਤਰ ਅਤੇ ਨਾਜ਼ੁਕ ਬੁਨਿਆਦੀ ਢਾਂਚੇ ਦੇ ਨੈਟਵਰਕਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਸ ਤੋਂ ਇਲਾਵਾ, ਭਾਰਤ ਦੀਆਂ ਘੁਸਪੈਠਾਂ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ ਗਿਆ ਹੈ, ਕਿਉਂਕਿ ਭਾਰਤ ਅਤੇ ਕੈਨੇਡਾ ਦੇ ਦਰਮਿਆਨ ਸਬੰਧ ਹਾਲ ਹੀ ਦੇ ਸਮੇਂ ਵਿੱਚ ਤਣਾਅਪੂਰਨ ਹੋ ਗਏ ਹਨ। ਰਿਪੋਰਟ ਕਹਿੰਦੀ ਹੈ ਕਿ ਭਾਰਤ ਸੰਭਾਵਤ ਤੌਰ 'ਤੇ ਆਪਣੇ ਸਾਈਬਰ ਜਾਸੂਸੀ ਪ੍ਰੋਗਰਾਮਾਂ ਨੂੰ ਵਧਾ ਸਕਦਾ ਹੈ, ਖ਼ਾਸ ਕਰਕੇ ਜਿਵੇਂ ਸਬੰਧ ਵਿਗੜਦੇ ਜਾ ਰਹੇ ਹਨ।

CSE ਮੁਤਾਬਕ ਚੀਨ ਦੇ ਸਾਈਬਰ ਅੰਸਰਾਂ ਨੇ ਪਿਛਲੇ ਕੁਝ ਸਾਲਾਂ ਵਿੱਚ ਘੱਟੋ ਘੱਟ 20 ਸਰਕਾਰੀ ਨੈਟਵਰਕਾਂ ਵਿੱਚ ਪਹੁੰਚ ਹਾਸਲ ਕੀਤੀ ਹੈ। ਹਾਲਾਂਕਿ ਇਹਨਾਂ ਘੁਸਪੈਠਾਂ ਨੂੰ ਪੂਰੀ ਤਰ੍ਹਾਂ ਸਥਿਤੀ 'ਤੇ ਲਿਆਂਦਾ ਗਿਆ ਹੈ, ਪਰ ਇਹ ਪੂਰੀ ਸੰਭਾਵਨਾ ਹੈ ਕਿ ਚੀਨੀ ਅੰਸਰਾਂ ਨੇ ਟਾਰਗੇਟ ਕੀਤੇ ਗਏ ਨੈਟਵਰਕਾਂ ਤੋਂ ਕੀਮਤੀ ਜਾਣਕਾਰੀ ਬਾਹਰ ਕੱਢ ਲਈ ਹੈ। ਸਿੱਧੇ ਤੌਰ 'ਤੇ ਚੀਨ ਦੀ ਇਹ ਕਵਾਇਦ ਕੈਨੇਡਾ ਦੀ ਆਜ਼ਾਦੀ ਅਤੇ ਸੁਰੱਖਿਆ ਲਈ ਇੱਕ ਵੱਡਾ ਚੇਤਾਵਨੀ ਸੂਚਕ ਹੈ।

ਕੈਨੇਡੀਅਨ ਸਰਕਾਰ ਦੇ ਵੱਲੋਂ ਸਾਈਬਰ ਸੁਰੱਖਿਆ ਲਈ ਕਈ ਪ੍ਰੋਗਰਾਮ ਅਤੇ ਪਾਲਿਸੀਆਂ ਚਲਾਈਆਂ ਜਾ ਰਹੀਆਂ ਹਨ, ਜੋ ਇਸ ਤਰ੍ਹਾਂ ਦੇ ਖ਼ਤਰਨਾਕ ਸਾਈਬਰ ਅੱਤਵਾਦੀਆਂ ਤੋਂ ਸੁਰੱਖਿਆ ਪ੍ਰਦਾਨ ਕਰਨ ਵਿੱਚ ਸਹਾਇਕ ਹਨ। ਛਸ਼ਓ ਕੈਨੇਡੀਅਨ ਸਰਕਾਰੀ ਵਿਭਾਗਾਂ, ਵਪਾਰ ਅਤੇ ਸਰਕਾਰੀ ਨੈਟਵਰਕਾਂ ਲਈ ਸੁਰੱਖਿਆ ਪਲਾਨਾਂ ਨੂੰ ਸਮਰਪਿਤ ਕਰ ਰਹੀ ਹੈ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਤੋਂ ਨਿਜਾਤ ਪਾਉਣ ਲਈ ਵੀ ਵਿਸ਼ੇਸ਼ ਰਣਨੀਤੀਆਂ ਨੂੰ ਅਪਣਾ ਰਹੀ ਹੈ।

CSE ਦੀ ਤਾਜ਼ਾ ਰਿਪੋਰਟ ਕੈਨੇਡਾ ਲਈ ਸਾਈਬਰ ਸੁਰੱਖਿਆ ਖੇਤਰ ਵਿੱਚ ਵਧ ਰਹੀਆਂ ਚੁਣੌਤੀਆਂ ਨੂੰ ਦਰਸਾਉਂਦੀ ਹੈ, ਜਿਸ ਵਿੱਚ ਖ਼ਾਸ ਤੌਰ ਤੇ ਚੀਨ ਵੱਲੋਂ ਕੀਤੀ ਜਾ ਰਹੀ ਘੁਸਪੈਠ ਦੀ ਸੰਭਾਵਨਾ ਨੂੰ ਮੁੱਖ ਚਿੰਤਾ ਮੰਨਿਆ ਗਿਆ ਹੈ। ਕੈਨੇਡਾ, ਆਪਣੇ ਸੁਰੱਖਿਆ ਪੈਰੋਕਾਰਾਂ ਅਤੇ ਪਾਰਟਨਰ ਦੇਸ਼ਾਂ ਨਾਲ ਮਿਲਕੇ ਇਸ ਨੂੰ ਨਿਯੰਤਰਿਤ ਕਰਨ ਦੇ ਯਤਨ ਕਰ ਰਿਹਾ ਹੈ।

# ਸਰੀ-ਗਿਲਡਫੋਰਡ ਚੋਣ ਨਤੀਜਿਆਂ ਦੀ ਮੁੜ ਗਿਣਤੀ 7 ਅਤੇ 8 ਨਵੰਬਰ ਨੂੰ

ਸਰੀ, (ਏਕਜੋਤ ਸਿੰਘ): ਬੀ.ਸੀ. ਦੀ ਸੂਬੇ ਦੀ ਸਰੀ-ਗਿਲਡਫੋਰਡ ਰਾਈਡਿੰਗ ਲਈ ਚੋਣ ਨਤੀਜਿਆਂ ਦੀ ਮੁੜ ਗਿਣਤੀ 7 ਅਤੇ 8 ਨਵੰਬਰ ਨੂੰ ਸਰੀ-ਫਲੀਟਵੁੱਡ ਡਿਸਟ੍ਰਿਕਟ ਇਲੈਕਟੋਰਲ ਦਫ਼ਤਰ ਵਿੱਚ ਹੋਵੇਗੀ। ਚੋਣ ਦੇ ਇਹ ਨਤੀਜੇ ਅਜੇ ਵੀ ਨਿਰਧਾਰਿਤ ਨਹੀਂ ਹੋਏ ਹਨ, ਕਿਉਂਕਿ ਅੰਤਰ ਸਿਰਫ 27 ਵੋਟਾਂ ਦਾ ਹੈ, ਜਿਸ ਕਾਰਨ ਇਹ ਮੁੜ ਗਿਣਤੀ ਹੋਣੀ ਹੈ।

ਚੋਣ ਦਿਨ 19 ਅਕਤੂਬਰ ਨੂੰ ਹੋਇਆ ਸੀ, ਜਿਸ ਤੋਂ ਬਾਅਦ ਸਰੀ-ਗਿਲਡਫੋਰਡ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੇ ਉਮੀਦਵਾਰ ਅਤੇ ਮੌਜੂਦਾ MLA ਗੈਰੀ ਬੈਗ ਨੇ 27 ਵੋਟਾਂ ਦੇ ਬਹੁਤ ਹੀ ਛੋਟੇ ਫਰਕ ਨਾਲ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹੋਣਵੀਰ ਸਿੰਘ ਰੰਧਾਵਾ ਨੂੰ ਹਰਾ ਦਿੱਤਾ ਸੀ। ਇਹ ਮੁੜ ਗਿਣਤੀ ਦੇ ਨਤੀਜੇ ਨਿਰਧਾਰਿਤ ਕਰਨਗੇ ਕਿ ਗੈਰੀ ਬੈਗ ਦੀ ਜਿੱਤ ਅੰਤਮ ਅਤੇ ਅਧਿਕਾਰਕ ਹੈ ਜਾਂ ਨਹੀਂ।

ਜੇਕਰ ਇਹ ਜਿੱਤ ਪੁਸ਼ਟੀ ਹੋ ਜਾਂਦੀ ਹੈ ਤਾਂ NDP ਲਈ ਇਹ ਬਹੁਤ ਹੀ ਅਹਿਮ ਹੋਵੇਗਾ, ਕਿਉਂਕਿ ਇਸ ਨਾਲ ਪਾਰਟੀ ਨੂੰ ਸਿਰਫ 47 ਸੀਟਾਂ ਨਾਲ ਬਹੁਮਤ ਪ੍ਰਾਪਤ ਹੋਵੇਗਾ।

ਇਸ ਮੁੜ ਗਿਣਤੀ ਕਾਰਵਾਈ ਨੂੰ ਕਾਨੂੰਨੀ ਤੌਰ 'ਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ, ਖ਼ਾਸਕਰ ਜਦੋਂ ਅੰਤਰ ਇੰਨਾ ਘੱਟ ਹੋਵੇ। ਸਰੀ-ਗਿਲਡਫੋਰਡ ਦੀ ਇਹ ਮੁੜ ਗਿਣਤੀ ਨਤੀਜੇ ਦਾ ਨਿਰਧਾਰਨ ਕਰਨ ਲਈ ਇੱਕ ਅਜਿਹੀ ਕੋਸ਼ਿਸ਼ ਹੈ ਜੋ ਚੋਣ ਪ੍ਰਕਿਰਿਆ ਦੇ ਢੰਗ ਤੇ ਸਪੱਸ਼ਟਤਾ ਨੂੰ ਯਕੀਨੀ ਬਣਾਵੇਗੀ। ਅਗਲੇ ਹਫ਼ਤੇ ਹੋਣ ਵਾਲੀ ਮੁੜ ਗਿਣਤੀ ਸਰੀ-ਗਿਲਡਫੋਰਡ ਦੇ ਰਹਿਣ ਵਾਲਿਆਂ ਲਈ ਕਾਫ਼ੀ ਦਿਲਚਸਪੀ ਵਾਲੀ ਹੋਵੇਗੀ, ਕਿਉਂਕਿ ਇਸ ਦੇ ਨਤੀਜੇ ਸਿਰਫ ਇੱਕ ਸੀਟ ਦੀ ਸੰਖਿਆ 'ਤੇ ਹੀ ਪ੍ਰਭਾਵ ਨਹੀਂ ਪਾਉਣਗੇ ਸਗੋਂ ਸੂਬੇ ਦੇ ਪੂਰੀ ਸੰਸਦੀ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਗੈਰੀ ਬੈਗ, ਜੋ ਕਿ ਇੱਕ ਤਜਰਬੇਕਾਰ MLA ਹਨ, ਇਸ ਨਵੀਂ ਜਿੱਤ ਨਾਲ ਸਰੀ-ਗਿਲਡਫੋਰਡ ਰਾਈਡਿੰਗ ਵਿਚ ਇੱਕ ਅਹਿਮ ਸਥਾਨ 'ਤੇ ਕਾਇਮ ਰਹਿਣਗੇ। ਉਹਨਾਂ ਦੀ ਜਿੱਤ NDP ਲਈ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਦੇ ਨਾਲ NDP ਦਾ ਬਹੁਮਤ ਬਰਕਰਾਰ ਰਹਿ ਸਕਦਾ ਹੈ। This report was written by Ekjot Singh as part of the Local Journalism Initiative.

# ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਸਰੀ ਅਤੇ ਐਬਸਫੋਰਡ ਵਿੱਚ ਕਰਵਾਇਆ ਤਰਕਸ਼ੀਲ ਮੇਲਾ

## ਦੋਹਾਂ ਥਾਵਾਂ 'ਤੇ ਨਾਟਕਾਂ ਦੀ ਬਾ-ਕਮਾਲ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬਹੱਦ ਪ੍ਰਭਾਵਿਤ ਕੀਤਾ





ਸਰੀ, (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ 19ਵਾਂ ਤਰਕਸ਼ੀਲ ਮੇਲਾ ਸਰੀ ਅਤੇ ਐਬਸਫੋਰਡ ਵਿੱਚ ਕਰਵਾਇਆ ਗਿਆ। ਸਰੀ ਦੇ ਬੈੱਲ ਪ੍ਰਫਾਰਮਿੰਗ ਸੈਂਟਰ ਅਤੇ ਐਬਸਫੋਰਡ ਦੇ ਮੈਸਕੂਈ ਸੈਨਟੇਨੀਅਲ ਆਡੀਟੋਰੀਅਮ ਵਿਚ ਕਰਵਾਏ ਇਸ ਮੇਲੇ ਵਿੱਚ ਦੋਵਾਂ ਥਾਵਾਂ 'ਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵੱਲੋਂ ਕਮਲ ਪੰਧੇਰ ਦੀ ਅਗਵਾਈ ਵਾਲੀ ਟੀਮ ਵੱਲੋਂ ਦੋ ਨਾਟਕ 'ਐਲ.ਐਮ.ਆਈ.ਏ.' ਅਤੇ 'ਤੇਰੀ ਕਹਾਣੀ-ਮੇਰੀ ਕਹਾਣੀ' ਦੀ ਪੇਸ਼ਕਾਰੀ ਕੀਤੀ ਗਈ। ਇਹ ਦੋਵੇਂ ਨਾਟਕ ਉੱਘੇ ਰੰਗਕਰਮੀ ਡਾਕਟਰ ਸਾਹਿਬ ਸਿੰਘ ਵੱਲੋਂ ਲਿਖੇ ਤੇ ਨਿਰਦੇਸ਼ਿਤ ਕੀਤੇ ਗਏ ਸਨ। ਦੋਵੇਂ ਨਾਟਕ ਕਨੇਡੀਅਨ ਸਮਾਜ ਵਿੱਚ ਭਖਦੇ ਮਸਲਿਆਂ ਨੂੰ ਸੰਬੋਧਿਤ ਸਨ।

ਪਹਿਲੇ ਨਾਟਕ ਐਲ ਐਮ ਆਈ ਵਿਚ ਕੌਮਾਂਤਰੀ ਵਿਦਿਆਰਥੀਆਂ, ਵਿਦੇਸ਼ੀ ਕਾਮਿਆਂ ਤੇ ਕੈਨੇਡਾ ਵਿਚ ਪੱਕੇ ਹੋਣ ਲਈ ਸੰਘਰਸ਼ ਕਰਦੇ ਪਰਵਾਸੀਆਂ ਦੀ ਰੋਜ਼ਗਾਰ ਅਤੇ ਪੀ ਆਰ ਦੇ ਨਾਮ ਹੇਠ ਐਲ ਐਮ ਆਈ ਰਾਹੀਂ ਰੋਜ਼ਗਾਰਦਾਤਿਆਂ ਤੇ ਇਮੀਗ੍ਰੇਸ਼ਨ ਸਲਾਹਕਾਰਾਂ ਦੁਆਰਾ ਹੁੰਦੀ ਲੁੱਟ ਅਤੇ ਕੈਨੇਡਾ ਦੀਆਂ ਨੁਕਸਦਾਰ ਇਮੀਗ੍ਰੇਸ਼ਨ ਨੀਤੀਆਂ ਦਾ ਬਾਖ਼ੂਬੀ ਪਰਦਾਫਾਸ਼ ਕੀਤਾ ਗਿਆ। ਕਲਾਕਾਰਾਂ ਦੀ ਸ਼ਾਨਦਾਰ ਤੇ ਮਨਾਂ ਨੂੰ ਝੰਜੋੜਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬੇਹੱਦ ਭਾਵੁਕ ਕੀਤਾ ਅਤੇ ਦੂਜੇ ਨਾਟਕ ਵਿਚ ਘਰਾਂ ਵਿੱਚ ਇੰਡੋ-ਕੈਨੇਡੀਅਨ ਪਰਿਵਾਰਾਂ ਦੀ ਟੁੱਟ ਭੱਜ, ਸਭਿਆਚਾਰਕ ਤੇ ਪਰਿਵਾਰਕ ਕਦਰਾਂ ਕੀਮਤਾਂ ਦਾ ਪੱਛਮੀ ਸਭਿਅਤਾ ਨਾਲ ਬਿਖੇੜਾ, ਬੱਚਿਆਂ ਤੇ ਮਾਪਿਆਂ ਦੀ ਵਧ ਰਹੀ ਦੂਰੀ ਨੂੰ ਬਹੁਤ ਹੀ ਸੂਖਮਤਾ ਨਾਲ ਪੇਸ਼ ਕੀਤਾ ਗਿਆ। ਦੋਹਾਂ ਨਾਟਕਾਂ ਦੀ ਪੇਸ਼ਕਾਰੀ, ਮੰਚਨ ਅਤੇ ਅਦਾਕਾਰੀ ਦਾ ਦਰਸ਼ਕਾਂ ਨੇ ਭਰਪੂਰ ਸਵਾਗਤ ਕੀਤਾ।

ਐਬਸਫੋਰਡ ਮੇਲੇ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਤਰਕਸੀਲ ਸੁਸਾਇਟੀ ਆਫ ਕੈਨੇਡਾ ਦੇ ਜਨਰਲ ਸਕੱਤਰ ਬੀਰਬਲ ਭਦੌੜ, ਤਰਕਸ਼ੀਲ ਸੋਸਾਇਟੀ ਐਬਸਫੋਰਡ ਦੇ ਪ੍ਰਧਾਨ ਡਾਕਟਰ ਸੁਖਦੇਵ ਮਾਨ, ਕੌਮੀ ਵਿੱਤ ਸਕੱਤਰ ਜਗਰੂਪ ਧਾਲੀਵਾਲ ਅਤੇ ਡਾਕਟਰ ਜੋਰਾ ਸਿੰਘ ਬਰਾੜ ਨੇ ਕਿਹਾ ਕਿ ਸਮਾਜ ਵਿੱਚ ਵਾਪਰ ਰਹੀ ਹਰ ਘਟਨਾ ਨੂੰ ਵਿਗਿਆਨਿਕ ਨੁਕਤਾ ਨਜ਼ਰ ਤੋਂ ਬਚਣ ਅਤੇ ਸਮਝਣ ਦੀ ਜ਼ਰੂਰਤ ਹੈ। ਸਾਨੂੰ ਹਰ ਵਰਤਾਰੇ 'ਤੇ ਸਵਾਲ ਉਠਾਉਣੇ ਚਾਹੀਦੇ ਹਨ ਤੇ ਉਸ ਦੀ ਸੱਚਾਈ ਸਮਝਣ ਲਈ ਹਮੇਸ਼ਾ ਉਤਾਵਲੇ ਰਹਿਣਾ ਚਾਹੀਦਾ ਹੈ। ਵਿਗਿਆਨਿਕ ਸੋਚ ਅਤੇ ਤਰਕ ਨਾਲ ਸਮਝਣ ਅਤੇ ਸਮਝਾਉਣ ਦੀ ਪ੍ਰਕਿਰਿਆ ਹੀ ਉਸਾਰੂ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸਹਾਈ ਹੋ ਸਕਦੀ ਹੈ। ਬੁਲਾਰਿਆਂ ਨੇ ਲੋਕਾਂ ਨੂੰ ਵਿਗਿਆਨਿਕ ਸੋਚ ਦੇ ਧਾਰਨੀ ਹੋਣ ਦਾ ਸੱਦਾ ਦਿੰਦਿਆਂ ਕਿਹਾ ਕੱਟੜਤਾ ਕਿਸੇ ਮਸਲੇ ਦਾ ਹੱਲ ਨਹੀਂ ਸਗੋਂ ਉਸਾਰੂ ਸੰਵਾਦ ਨਾਲ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

ਪ੍ਰੋਗਰਾਮ ਦਾ ਆਗਾਜ਼ ਜਸਵਿੰਦਰ ਹੇਅਰ ਦੀ ਇਤਿਹਾਸਕ ਕਿਸਾਨ ਮੋਰਚੇ ਬਾਰੇ ਲਿਖੀ ਕਵਿਤਾ 'ਅਸੀਂ ਲੜਾਂਗੇ ਸਾਥੀ' ਨਾਲ ਹੋਇਆ। ਗੁਰਪ੍ਰੀਤ ਭਦੌੜ ਅਤੇ ਬੀਰਬਲ ਭਦੌੜ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਲੋਕਾਂ ਨੂੰ ਸਾਧਾਂ ਤੇ ਤਾਂਤਰਿਕਾਂ ਦੀ ਲੁੱਟ ਤੋਂ ਸੁਚੇਤ ਕੀਤਾ। ਇਸ ਮੌਕੇ ਤੇ ਈਸਟ ਇੰਡੀਆ ਡਿਫੈਂਸ ਕਮੇਟੀ ਦੇ ਸੀਨੀਅਰ ਆਗੂ ਹਰਭਜਨ ਸਿੰਘ ਚੀਮਾ ਨੇ ਲੱਖਾਂ ਇੰਟਰਨੈਸ਼ਨਲ ਵਿਦਿਆਰਥੀਆਂ ਦੇ ਸਿਰਾਂ 'ਤੇ ਲਟਕਦੀ ਡਿਪੋਰਟੇਸ਼ਨ ਦੀ ਤਲਵਾਰ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਐਬਸਫੋਰਡ ਮੇਲੇ ਦਾ ਸੰਚਾਲਨ ਸੁਰਿੰਦਰ ਚਾਹਲ ਨੇ ਬਾਖ਼ੂਬੀ ਕੀਤਾ।

ਸਰੀ ਵਿਚ ਇਸ ਮੇਲੇ ਦੀ ਸ਼ੁਰੂਆਤ ਤਰਕਸ਼ੀਲ ਸੋਸਾਇਟੀ ਸਰੀ ਯੂਨਿਟ ਦੇ ਪ੍ਰਧਾਨ ਜਸਵਿੰਦਰ ਹੇਅਰ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਸਕੱਤਰ ਨਿਰਮਲ ਕਿੰਗਰਾ ਨੇ ਸਟੇਜ ਸੰਚਾਲਨ ਸੰਭਾਲਦਿਆਂ ਲੋਕਾਂ ਨੂੰ ਵਿਗਿਆਨਿਕ ਸੋਚ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਵਿਗਿਆਨ ਦੇ ਯੁੱਗ ਨੇ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੇ ਚਾਨਣ ਵਿੱਚ ਲਿਆ ਖੜ੍ਹਾ ਕੀਤਾ ਹੈ। ਨਾਟਕਾਂ ਦਰਮਿਆਨ ਜਗਵਿੰਦਰ ਸਰਾਂ ਅਤੇ ਹਰਮਨਦੀਪ ਕੌਰ ਨੇ ਗੀਤ ਪੇਸ਼ ਕੀਤੇ। ਤਰਕਸ਼ੀਲ ਸੁਸਾਇਟੀ ਦੀ ਕੌਮੀ ਕਮੇਟੀ ਦੇ ਸਰਪ੍ਰਸਤ ਅਵਤਾਰ ਬਾਈ ਨੇ ਤਰਕਸ਼ੀਲ ਸੁਸਾਇਟੀ ਦੇ ਕਾਰਜਾਂ 'ਤੇ ਚਾਨਣਾ ਪਾਇਆ। ਬੀਰਬਲ ਭਦੌੜ ਨੇ ਜਾਦੂ ਦੇ ਟ੍ਰਿਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਕਿ ਕੋਈ ਵੀ ਗੈਬੀ ਤਾਕਤ ਨਹੀਂ ਜਾਦੂ ਸਿਰਫ ਹੱਥ ਦੀ ਸਫਾਈ ਹੈ ਤੇ ਆਮ ਕਰਕੇ ਸ਼ਾਤਰ ਲੋਕ ਇਸਦੀ ਵਰਤੋਂ ਕਰਕੇ ਲੋਕਾਂ ਨੂੰ ਗੈਬੀ ਸ਼ਕਤੀ ਦਾ ਪ੍ਰਭਾਵ ਦਿੰਦੇ ਹਨ ਤੇ ਲੁੱਟਦੇ ਹਨ।

ਸਰੀ ਵਿਚ ਵੀ ਨਾਟਕਾਂ ਦੀ ਪੇਸ਼ਕਾਰੀ ਐਨੀ ਕਮਾਲ ਦੀ ਸੀ ਕਿ ਦਰਸ਼ਕਾਂ ਨੇ ਸਾਹ ਰੋਕ ਕੇ ਨਾਟਕ ਦੇਖੇ। ਹਰ ਕਲਾਕਾਰ ਨੇ ਬਹੁਤ ਖ਼ੂਬਸੂਰਤ ਕਲਾ ਦਾ ਪ੍ਰਦਰਸ਼ਨ ਕਰ ਕੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਤਰਕਸ਼ੀਲ ਸੁਸਾਇਟੀ ਵੱਲੋਂ ਨਾਟਕ ਟੀਮ ਅਤੇ ਬੀਰਬਲ ਭਦੌੜ (ਕੌਮੀ ਸਕੱਤਰ) ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਇੱਕ ਟਿਕਾਊ ਭਵਿੱਖ ਨੂੰ ਰੋਸ਼ਨੀ ਕਰੋ

ਦੀਵਾਲੀ ਦਾ ਤਿਉਹਾਰ ਹਮੇਸ਼ਾਂ ਦੀ ਤਰ੍ਹਾਂ ਆਪਣੀਆਂ ਘਰੇਲੂ ਚੀਜ਼ਾਂ ਨੂੰ ਨਵਿਆਉਣ ਬਨਾਉਣ ਬਾਰੇ ਹੈ। ਇਸ ਲਈ ਇਹ ਸਭ ਤੋਂ ਵਧੀਆ ਸਮਾਂ ਹੈ ਕਿ ਤੁਸੀਂ ਆਪਣੇ ਘਰ ਦਾ ਪੁਰਾਣੇ, ਅਣਚਾਹੇ ਇਲੈਕਟ੍ਰਾਨਿਕ (Electronics) ਸਮਾਨ ਨੂੰ ਰੀਸਾਈਕਲਿੰਗ (Recycling) ਲਈ ਆਪਣੇ ਨਜ਼ਦੀਕੀ ਰਿਟਰਨ-ਇਟ ਡਿਪੂ (Return-It Depot) ਵਿੱਚ ਲੈ ਕੇ ਜਾਓ। ਅੱਜ ਹੀ ਆਪਣੇ ਘਰ ਦੇ ਨੇੜਲੇ ਰਿਟਰਨ-ਇਟ ਡਿਪੂ 'ਤੇ ਜਾਓ!

**ਕਿਹੜੇ ਇਲੈਕਟ੍ਰੌਨਿਕਸ ਦੇ ਸਮਾਨ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ?**

- ਡੈਸਕਟਾਪ / ਪੋਰਟੇਬਲ ਕੰਪਿਊਟਰ (Computer)
- ਡਿਸਪਲੇ ਡਿਵਾਈਸ (Device)
- ਪ੍ਰਿੰਟਿੰਗ, ਸਕੈਨਿੰਗ ਮਸ਼ੀਨਾਂ ਅਤੇ ਮਲਟੀ-ਫੰਕਸ਼ਨ ਡਿਵਾਈਸ (Multi-Function Devices)
- ਡੈਸਕਟਾਪ, ਪ੍ਰਿੰਟਰ (Printer)
- ਹੋਮ ਆਡੀਓ/ ਵੀਡੀਓ ਸਿਸਟਮ (Audio/Video)
- ਆਡੀਓ / ਵੀਡੀਓ ਸਿਸਟਮ
- ਨਿੱਜੀ ਆਡੀਓ/ ਵੀਡੀਓ ਸਿਸਟਮ
- ਵੀਡੀਓ ਗੇਮਿੰਗ ਸਿਸਟਮ / ਬੈਟਰੀ ਨਾਲ ਚੱਲਣ ਵਾਲੇ ਖਿਡੌਣੇ
- ਮੋਬਾਇਲ ਫੋਨ ਅਤੇ ਗੈਰ-ਸੈਲੂਲਰ ਫੋਨ
- ਟੈਲੀਕਾਮ (Telecom) ਦਾ ਸਮਾਨਇਲੈਕਟ੍ਰਿਕ ਸਾਈਕਲ
- ਮੈਡੀਕਲ ਉਪਕਰਨ
- ਸੰਗੀਤ ਯੰਤਰ
- ਇਲੈਕਟ੍ਰਿਕ ਸਾਈਕਲ
- ਇਲੈਕਟ੍ਰਿਕ ਸਕੂਟਰ

**ਆਪਣੇ ਘਰ ਦੇ ਨੇੜੇ ਦੀ ਲ਼ੋਕੇਸ਼ਨ ਤੇ ਜਾਵੋ ਜਾਂ ਵੈਬ ਸਾਇਟ ਤੇ Return-It.ca/Electronics**

Return-It Electronics

ਰਿਟਰਨ-ਇਟ (Return It) ਇਲੈਕਟ੍ਰਾਨਿਕ ਪ੍ਰੋਡਕਟਸ ਰੀਸਾਈਕਲਿੰਗ ਐਸੋਸੀਏਸ਼ਨ (ਬ੍ਰਿਟਿਸ਼ ਕੋਲੰਬੀਆ) ਦਾ ਹਿੱਸਾ ਹੈ।

RECYCLE MY ELECTRONICS


# ਕਿਊਬੈਕ ਸਰਕਾਰ ਨੇ ਦੋ ਇਮੀਗ੍ਰੇਸ਼ਨ ਪ੍ਰੋਗਰਾਮਾਂ ਨੂੰ ਮੁਅੱਤਲ ਕੀਤਾ, ਅਸਥਾਈ ਟੀਚੇ ਵੀ ਘਟਾਉਣ ਦੀ ਯੋਜਨਾ

ਔਟਵਾ, (ਏਕਜੋਤ ਸਿੰਘ): ਕਿਊਬੈਕ ਸਰਕਾਰ ਨੇ ਇਮੀਗ੍ਰੇਸ਼ਨ ਦੇ ਮੁੱਖ ਪ੍ਰੋਗਰਾਮਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮੁਅੱਤਲੀ ਦਾ ਨਿਯਮਤ ਸਕਿੱਲਡ ਵਰਕਰ ਪ੍ਰੋਗਰਾਮ ਅਤੇ ਕਿਊਬੈਕ ਐਕਸਪੀਰੀਅੰਸ ਪ੍ਰੋਗਰਾਮ (PEQ) ਦੇ ਤਹਿਤ ਕਿਊਬੈਕ ਵਿੱਚ ਆਉਣ ਦੇ ਇਚਛੁਕ ਵਿਦਿਆਰਥੀਆਂ ਅਤੇ ਕੰਮ ਕਰਨ ਵਾਲੇ ਪਰਵਾਸੀਆਂ 'ਤੇ ਪ੍ਰਭਾਵ ਪਵੇਗਾ। ਇਹ ਮੁਅੱਤਲੀ 2024 ਦੇ ਅੰਤ ਤੱਕ ਰਹਿਣ ਦੀ ਸੰਭਾਵਨਾ ਹੈ, ਜਿਸ ਨਾਲ ਸਰਕਾਰ ਨੂੰ ਆਪਣੀ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਦੁਬਾਰਾ ਵਿਵਸਥਿਤ ਕਰਨ ਦਾ ਮੌਕਾ ਮਿਲੇਗਾ।




ਇਮੀਗ੍ਰੇਸ਼ਨ ਪ੍ਰਕਿਰਿਆ ਵਿੱਚ ਕਿਊਬੈਕ ਸਿਲੈਕਸ਼ਨ ਸਰਟੀਫਿਕੇਟ (ਥਸ਼ਛ) ਉਹ ਦਸਤਾਵੇਜ਼ ਹੈ ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਆਰਥਿਕਤ ਪਰਵਾਸੀਆਂ ਲਈ ਸਥਾਈ ਨਿਵਾਸ ਅਰਜ਼ੀ ਲਈ ਲਾਜ਼ਮੀ ਹੁੰਦਾ ਹੈ। ਇਸ ਰੂਪ ਵਿੱਚ, ਕਿਊਬੈਕ ਸਰਕਾਰ ਸਿਰਫ ਉਹਨਾਂ ਲੋਕਾਂ ਨੂੰ ਆਗੇ ਵਧਾਉਣ ਦੀ ਇਜਾਜ਼ਤ ਦਿੰਦੀ ਹੈ, ਜਿਨ੍ਹਾਂ ਨੂੰ ਇਹ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਇਸ ਫ਼ੈਸਲੇ ਦੇ ਤਹਿਤ, ਅਗਲੇ ਕੁਝ ਮਹੀਨਿਆਂ ਵਿੱਚ ਇਹ ਸਰਟੀਫਿਕੇਟ ਜਾਰੀ ਨਹੀਂ ਕੀਤਾ ਜਾਵੇਗਾ।

ਕਿਊਬੈਕ ਦੇ ਇਮੀਗ੍ਰੇਸ਼ਨ ਮੰਤਰੀ ਯੋਂ-ਫ੍ਰੈਂਸੁਆ ਰੌਬਰਜ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਇਹ ਫ਼ੈਸਲਾ ਅਰਜ਼ੀਆਂ ਦੇ ਬੈਕਲੌਗ ਨੂੰ ਸਾਫ਼ ਕਰਨ ਅਤੇ ਕਿਊਬੈਕ ਵਿੱਚ ਵਧ ਰਹੇ ਪਰਵਾਸਾਂ ਦੀ ਸੰਖਿਆ ਨੂੰ ਮੈਨੇਜ ਕਰਨ ਲਈ ਕੀਤਾ ਗਿਆ ਹੈ। ਰੌਬਰਜ ਨੇ ਕਿਹਾ ਕਿ, "ਸਾਡਾ ਉਦੇਸ਼ ਸਪੱਸ਼ਟ ਹੈ: ਅਸੀਂ ਕਿਊਬੈਕ ਵਿੱਚ ਇਮੀਗ੍ਰੇਸ਼ਨ ਨੂੰ ਬਿਹਤਰ ਢੰਗ ਨਾਲ ਨਿਯਮਤ ਕਰਨ ਲਈ ਆਪਣੇ ਆਪ ਨੂੰ ਲੋੜੀਂਦੇ ਸਾਧਨਾਂ ਨਾਲ ਲੈਸ ਕਰਨਾ ਚਾਹੁੰਦੇ ਹਾਂ।"

ਇਹ ਰਣਨੀਤੀ ਕਿਊਬੈਕ ਦੇ ਲੰਬੇ ਸਮੇਂ ਦੇ ਇਮੀਗ੍ਰੇਸ਼ਨ ਟੀਚਿਆਂ 'ਤੇ ਕੋਈ ਪ੍ਰਭਾਵ ਨਹੀਂ ਪਾਏਗੀ। ਰੌਬਰਜ ਨੇ ਕਿਹਾ ਕਿ ਕਿਊਬੈਕ ਸਰਕਾਰ ਆਪਣੀ ਅਗਲੀ ਬਹੁ-ਸਾਲਾ ਯੋਜਨਾ ਵਿੱਚ ਵੀ ਅਸਥਾਈ ਕੰਮ ਅਤੇ ਸਟਡੀ ਪਰਮਿਟਾਂ 'ਤੇ ਮੌਜੂਦ ਲੋਕਾਂ ਨੂੰ ਧਿਆਨ ਵਿੱਚ ਰੱਖੇਗੀ। ਇਸਦੇ ਨਾਲ ਹੀ ਸਰਕਾਰ ਅਸਥਾਈ ਪਰਵਾਸੀਆਂ ਦੀ ਗਿਣਤੀ ਘਟਾਉਣ ਦੇ ਤਰੀਕੇ ਤੇ ਵਿਚਾਰ ਕਰ ਰਹੀ ਹੈ।

ਇਸ ਫੈਸਲੇ ਦੇ ਨਾਲ ਹੀ ਟਰੂਡੋ ਸਰਕਾਰ ਨੇ ਵੀ 2025 ਵਿੱਚ ਨਵੇਂ ਸਥਾਈ ਨਿਵਾਸੀਆਂ ਦੀ ਸੰਖਿਆ ਵਿੱਚ ਕਟੌਤੀ ਦਾ ਐਲਾਨ ਕੀਤਾ ਹੈ। 2025 ਵਿੱਚ ਇਹ ਸੰਖਿਆ 485,000 ਤੋਂ ਘਟਾ ਕੇ 395,000 ਕੀਤੀ ਜਾਵੇਗੀ ਅਤੇ ਫਿਰ 2026 ਵਿੱਚ ਇਹ ਲਕਸ਼ 380,000 ਤੇ 2027 ਵਿੱਚ 365,000 ਰੱਖਣ ਦਾ ਲੱਖ ਲਾਏਗਾ।

ਰਿਪੋਰਟ ਮੁਤਾਬਕ, ਇਹ ਮੁਅੱਤਲੀ ਅਰਜ਼ੀਆਂ ਦੇ ਬੈਕਲੌਗ ਨੂੰ ਦੂਰ ਕਰਨ ਅਤੇ ਸਿਸਟਮ ਨੂੰ ਸਧਾਰਨ ਕਰਨ ਲਈ ਕੀਤੀ ਜਾ ਰਹੀ ਹੈ। ਇਸ ਵਿੱਚ ਵੀ ਕਿਹਾ ਗਿਆ ਹੈ ਕਿ 2025 ਲਈ ਨਵੇਂ ਸਥਾਈ ਇਮੀਗ੍ਰੇਸ਼ਨ ਟੀਚਿਆਂ 'ਤੇ ਇਸ ਮੁਅੱਤਲੀ ਦਾ ਕੋਈ ਨਕਾਰਾਤਮਕ ਪ੍ਰਭਾਵ ਨਹੀਂ ਪਵੇਗਾ। ਆਗਾਮੀ ਸਾਲਾਂ ਲਈ ਇਸ ਫੈਸਲੇ ਦਾ ਉਦੇਸ਼ ਕਿਊਬੈਕ ਵਿੱਚ ਸਥਾਈ ਰਹਿਣ ਵਾਲੇ ਨਵੀਆਂ ਹਦਾਂ ਨੂੰ ਨਿਰਧਾਰਤ ਕਰਨਾ ਅਤੇ ਮੌਜੂਦਾ ਇਮੀਗ੍ਰੇਸ਼ਨ ਪ੍ਰਕਿਰਿਆ ਵਿੱਚ ਸੁਧਾਰ ਕਰਨਾ ਹੈ। This report was written by Ekjot Singh as part of the Local Journalism Initiative.

# ਟਰਾਂਟੋ ਵਿਚ ਟੀਟੀਸੀ ਬੱਸ ਅਤੇ ਪਿਕਅਪ ਟਰੱਕ ਦੀ ਟੱਕਰ, 8 ਜ਼ਖ਼ਮੀ

ਟਰਾਂਟੋ (ਏਕਜੋਤ ਸਿੰਘ): ਵੀਰਵਾਰ ਸਵੇਰੇ ਟੋਰਾਂਟੋ ਦੇ ਨੌਰਥ ਯਾਰਕ ਇਲਾਕੇ ਵਿੱਚ ਟੀਟੀਸੀ ਬੱਸ ਅਤੇ ਇੱਕ ਪਿਕਅਪ ਟਰੱਕ ਵਿਚ ਭਿਆਨਕ ਟੱਕਰ ਵਾਪਰੀ, ਜਿਸ ਵਿੱਚ 8 ਲੋਕ ਜ਼ਖ਼ਮੀ ਹੋ ਗਏ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਦੁਰਘਟਨਾ ਤਕਰੀਬਨ ਸਵੇਰੇ 4:30 ਵਜੇ ਯੰਗ ਸਟ੍ਰੀਟ ਅਤੇ ਫਿੰਚ ਐਵਨਿਊ ਦੇ ਨੇੜੇ ਵਾਪਰੀ, ਜਿਸ ਕਾਰਨ ਸਵੇਰ ਦੀਆਂ ਆਵਾਜਾਈ ਸੇਵਾਵਾਂ ਪ੍ਰਭਾਵਿਤ ਹੋਈਆਂ।

ਇਸ ਘਟਨਾ ਦੌਰਾਨ ਜ਼ਖ਼ਮੀ ਹੋਏ ਲੋਕਾਂ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਪੁਲਿਸ ਮੁਤਾਬਕ, ਜ਼ਖ਼ਮੀਆਂ ਵਿੱਚੋਂ ਕਿਸੇ ਦੀ ਵੀ ਸੱਟ ਜਾਨਲੇਵਾ ਨਹੀਂ ਹੈ, ਪਰ ਬੱਸ ਦੇ ਡਰਾਈਵਰ ਸਮੇਤ ਕਈ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।



ਪੁਲਿਸ ਨੇ ਟੱਕਰ ਤੋਂ ਬਾਅਦ ਪਿਕਅਪ ਟਰੱਕ ਚਲਾਉਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹਾਲਾਂਕਿ, ਉਸ ਉੱਤੇ ਕੀ ਦੋਸ਼ ਲਗਾਏ ਜਾਣਗੇ, ਇਸ ਬਾਰੇ ਪੁਲਿਸ ਵਲੋਂ ਹਾਲੇ ਕੁਝ ਸਪਸ਼ਟ ਨਹੀਂ ਕੀਤਾ ਗਿਆ। ਟਰਾਂਟੋ ਪੁਲਿਸ ਦੀ ਟਰੈਫ਼ਿਕ ਸੇਵਾਵਾਂ ਟੀਮ ਇਸ ਮਾਮਲੇ ਦੀ ਪੂਰੀ ਜਾਂਚ ਕਰ ਰਹੀ ਹੈ। ਦੁਰਘਟਨਾ ਕਾਰਨ ਯੰਗ ਸਟ੍ਰੀਟ ਅਤੇ ਫਿੰਚ ਐਵਨਿਊ ਦੇ ਆਸ-ਪਾਸ ਦੇ ਇਲਾਕੇ ਵਿੱਚ ਕਈ ਘੰਟਿਆਂ ਲਈ ਟ੍ਰੈਫ਼ਿਕ ਬੰਦ ਰਹੀ। ਸਵੇਰੇ ਸਫਰ ਕਰਨ ਵਾਲਿਆਂ ਨੂੰ ਵਿਵਸਥਾ ਕਾਰਨ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਅਤੇ ਟਰਾਂਟੋ ਟ੍ਰਾਂਜ਼ਿਟ ਕਮਿਸ਼ਨ (ਟੀਟੀਸੀ) ਨੇ ਵੀ ਕੁਝ ਰੂਟਾਂ 'ਤੇ ਵੱਖਰੇ ਮਾਰਗਾਂ ਰਾਹੀਂ ਬੱਸਾਂ ਚਲਾਈਆਂ। This report was written by Ekjot Singh as part of the Local Journalism Initiative.

# ਹਰਦਮ ਮਾਨ ਦਾ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' ਮੇਰੀ ਨਜ਼ਰ 'ਚ / ਪ੍ਰਿੰਸੀਪਲ ਸੁਰਿੰਦਰ ਪਾਲ ਕੌਰ ਬਰਾੜ



**ਵਲੋਂ : (ਪ੍ਰਿੰ.) ਸੁਰਿੰਦਰ ਪਾਲ ਕੌਰ ਬਰਾੜ**
**ਫੋਨ: +1-604-780-2610**

ਹਰਦਮ ਮਾਨ ਇਕ ਸੰਵੇਦਨਸ਼ੀਲ ਸ਼ਾਇਰ ਹੈ ਬਿਲਕੁਲ ਆਪਣੇ ਸੁਭਾਅ ਵਾਕੁਣ। ਉਸ ਦੀਆਂ ਗ਼ਜ਼ਲਾਂ ਮਨੁੱਖਤਾ ਦੀ ਗੱਲ ਕਰਦੀਆਂ ਹਨ। ਉਹ ਸੋਚਦਾ ਹੈ ਕਿ ਭੌਤਿਕ ਮਾਨਸਿਕਤਾ ਨੇ ਮਨੁੱਖ ਨੂੰ ਗ਼ਰਜ਼ ਦੇ ਰਿਸ਼ਤਿਆਂ ਵਿਚ ਤਬਦੀਲ ਕਰ ਦਿੱਤਾ ਹੈ। ਸ਼ਾਇਰ ਮਨੁੱਖ ਵਿੱਚ ਮਨੁੱਖਤਾ ਦੀ ਚਿਣਗ ਜਗਾਉਣੀ ਚਾਹੁੰਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਅੱਜ ਦਾ ਮਨੁੱਖ ਜਾਣਦੇ ਹੋਏ ਵੀ ਜ਼ਿੰਦਗੀ ਦੇ ਗੰਭੀਰ ਮਸਲਿਆਂ ਨੂੰ ਨਜ਼ਰ ਅੰਦਾਜ਼ ਕਿਉਂ ਕਰਦਾ ਹੈ। ਇਸ ਤਰ੍ਹਾਂ ਦੀ ਸ਼ਾਇਰੀ ਬਾਰੇ ਕਈ ਅੰਗਰੇਜ਼ੀ ਦੇ ਲੇਖਕਾਂ ਨੇ ਆਪਣੇ ਵੱਖੋ ਵੱਖਰੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਹੈਜ਼ਲੇਟ ਦੀ ਪਰਿਭਾਸ਼ਾ ਨੂੰ ਜ਼ਿਆਦਾ ਸੰਪੂਰਨ ਮੰਨਦੀ ਹਾਂ। ਜਦ ਉਹ ਲਿਖਦਾ ਹੈ:-

""Poetry is the language of the imagination and passions."

ਐਮਰਸਨ ਦਾ ਵਿਚਾਰ ਹੈ ਕਿ ਜਦ ਕਵੀ ਗਾਉਂਦਾ ਹੈ ਤਾਂ ਦੁਨੀਆ ਬੜੇ ਗਹੁ ਨਾਲ ਸੁਣਦੀ ਹੈ।

ਮੈਥਿਊ ਆਰਨੋਲਡ ਕਹਿੰਦਾ ਹੈ ਕਿ ਸ਼ੈਕਸਪੀਅਰ, ਮਿਲਟਨ, ਹੋਮਰ, ਡਾਂਟੇ ਦੇ ਮਹਾਨ ਕਾਵਿ ਕਲਾਤਮਕ ਬੁੱਧੀ, ਵਿਚਾਰ ਸ਼ਕਤੀ ਤੇ ਧਾਰਮਿਕ ਭਾਵ ਹਨ, ਇਸੇ ਲਈ ਸ਼ੋ ਇਲਲ ਬਓਲਓਨਚਓਦ ਅਰਥਾਤ ਸੰਤੁਲਤ ਹਨ। ਸਾਡੇ ਪੰਜਾਬੀ ਸ਼ਾਇਰ ਜਿਵੇਂ ਕਿ ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ, ਡਾ. ਹਰਭਜਨ ਸਿੰਘ, ਭਾਈ ਵੀਰ ਸਿੰਘ ਅਤੇ ਸੁਰਜੀਤ ਪਾਤਰ ਵਿਚ ਵੀ ਸੰਤੁਲਤਾ ਮਿਲਦੀ ਹੈ। ਜਿੱਥੋਂ ਤੱਕ ਹੱਥਲੇ ਕਾਵਿ ਸੰਗ੍ਰਹਿ ਅਰਥਾਤ ਗ਼ਜ਼ਲ ਸੰਗ੍ਰਹਿ "ਸ਼ੀਸ਼ੇ ਦੇ ਅੱਖਰ" ਦਾ ਸਬੰਧ ਹੈ, ਮੈਂ ਇਸ ਵਿਚ ਵੀ ਕੁਝ ਇਸੇ ਤਰ੍ਹਾਂ ਦੀ ਝਲਕ ਦੇਖੀ ਹੈ। ਕਿਉਂਕਿ ਗ਼ਜ਼ਲ ਸਾਹਿਤ ਇਕ ਬਹੁਤ ਹੀ ਸੂਖ਼ਮ ਅਤੇ ਨਿਵੇਕਲੀ ਵਿਧਾ ਹੈ ਅਤੇ ਹਰਦਮ ਮਾਨ ਨੇ ਆਪਣੀ ਬਹੁਤੀ ਰਚਨਾ ਗ਼ਜ਼ਲ ਸਾਹਿਤ ਦੇ ਹੀ ਲੇਖੇ ਲਾਈ ਹੈ।

ਬਹੁਤ ਸਾਲਾਂ ਤੋਂ ਉਸ ਦਾ ਨਾਂ ਗ਼ਜ਼ਲ ਮੰਚ ਅਤੇ ਆਮ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦਾ ਆ ਰਿਹਾ ਹੈ। ਕੈਨੇਡਾ ਵਿਚ ਰਹਿ ਕੇ ਵੀ ਉਸ ਨੇ ਆਪਣੇ ਇਸ ਸ਼ੌਕ ਨੂੰ ਮਰਨ ਨਹੀਂ ਦਿੱਤਾ। ਆਪਣੀ ਪਹਿਲੀ ਗ਼ਜ਼ਲ ਪੁਸਤਕ "ਅੰਬਰਾਂ ਦੀ ਭਾਲ ਵਿਚ" ਉਸ ਨੇ ਪੰਜਾਬ ਵਿੱਚ ਰਹਿੰਦਿਆਂ ਲਿਖੀ। "ਸ਼ੀਸ਼ੇ ਦੇ ਅੱਖਰ" ਵਿਚ ਉਸ ਨੇ ਭੂ-ਹੇਰਵੇ ਤੋਂ ਲੈ ਕੇ ਇੱਥੋਂ ਦੀ ਜ਼ਿੰਦਗੀ ਨੂੰ ਹਰ ਦ੍ਰਿਸ਼ਟੀਕੋਣ ਤੋਂ ਦੇਖਿਆ ਅਤੇ ਉਲੀਕਿਆ ਹੈ। ਜਦੋਂ ਉਹ ਲਿਖਦਾ ਹੈ-

'ਉੱਡ ਗਏ ਨੇ ਮੋਰ ਮਿੱਟੀ ਦੇ ਕੰਧੋਲੀ ਤੋਂ ਕਦੋਂ ਦੇ
ਅੱਜ ਵੀ ਖ਼ਾਬਾਂ ਵਿਚ ਉਹ ਯਾਦਾਂ ਦੇ ਲਸ਼ਕਰ ਬੋਲਦੇ ਨੇ'

"ਸ਼ੀਸ਼ੇ ਦੇ ਅੱਖਰ" ਪੜ੍ਹਣ ਤੋਂ ਬਾਅਦ ਮੈਂ ਦੇਖਿਆ ਕਵੀ ਵਿਚ ਠਰੰਮਾ ਹੈ, ਸੁਹਜ ਨੂੰ ਪ੍ਰਗਟ ਕਰਦਾ ਉਹ ਸਹਿਜਤਾ ਨਾ਼ਲ ਰੱਖਦਾ ਹੈ। ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਇਕ ਮੁਕੰਮਲ ਕਹਾਣੀ ਹੁੰਦਾ ਹੈ ਅਤੇ ਇਹ



ਨਿਵੇਕਲਾਪਨ ਲੇਖਣੀ ਵਿਚ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ। ਹਰਦਮ ਮਾਨ ਨੂੰ ਕੁੱਜੇ ਵਿੱਚ ਸਮੁੰਦਰ ਬੰਦ ਕਰਨਾ ਆਉਂਦਾ ਹੈ। ਕਈ ਵਾਰ ਉਸ ਦੀਆਂ ਦੋ ਲਾਈਨਾਂ ਹੀ ਸਦੀਆਂ ਦੀਆਂ ਪੀੜਾਂ, ਦੁੱਖਾਂ, ਤਕਲੀਫ਼ਾਂ ਬਿਆਨ ਕਰ ਜਾਂਦੀਆਂ ਹਨ-

'ਦੂਰ ਦੇ ਅੰਬਰ 'ਚ ਕੂੰਜਾਂ ਵਾਂਗ ਲੁਕ ਲੁਕ ਰੋਂਦੀਆਂ
ਕੌਣ ਧੀਆਂ ਦਾ ਧਰਾਵੇ ਧੀਰ ਬਾਬਲ ਤੋਂ ਬਗ਼ੈਰ'

ਸ਼ਾਇਰੀ ਹਮੇਸ਼ਾ ਸੰਜੀਦਗੀ ਤੋਂ ਚਿੰਤਨ ਵੱਲ ਤੁਰਦੀ ਹੈ। ਇਸ ਖਪਤਵਾਦ ਤੇ ਪਦਾਰਥਵਾਦ ਦੇ ਯੁਗ ਵਿਚ ਜਿੱਥੇ ਮਾਨਵੀ ਰਿਸ਼ਤੇ ਮੰਡੀ ਦੀ ਭੇਟ ਚੜ੍ਹ ਜਾਂਦੇ ਹਨ ਤੇ ਮਨੁੱਖ ਆਪਣੇ ਘਰ ਦੀ ਚਾਰ ਦੀਵਾਰੀ ਵਿਚ ਹੌ਼ਲੀ ਹੌ਼ਲੀ ਜਿਬਾਹ ਹੋਣ ਲੱਗਦਾ ਹੈ ਤਾਂ ਮਾਨ ਲਿਖਦਾ ਹੈ-

'ਤੂੰ ਬਚ ਕੇ ਰਹੀਂ ਤੇਰੇ ਸਿਰ 'ਤੇ ਘੁੰਮਦੇ
ਲਹੂ ਨਾਲ ਭਿੱਜੀਆਂ ਘਟਾਵਾਂ ਦੇ ਸਾਏ'

ਅਤੇ

'ਬਾਹਰ ਸੀ ਜਿਸ ਨੇ ਮੁਹਿੰਮਾਂ ਵੱਡੀਆਂ ਸਰ ਕੀਤੀਆਂ
ਘਰ ਦੀਆਂ ਉਹ ਛੋਟੀਆਂ ਮਜਬੂਰੀਆਂ 'ਚ ਘਿਰ ਗਿਆ'

ਹਰਦਮ ਮਾਨ ਦੀਆਂ ਗ਼ਜ਼ਲਾਂ ਅਰੂਜ਼ ਦੀਆਂ ਬੰਦਿਸ਼ਾਂ ਨਿਭਾਉਂਦੀਆਂ ਕਈ ਅਣਛੋਹੇ ਵਿਸ਼ਿਆਂ ਨੂੰ ਛੋਹ ਜਾਂਦੀਆਂ ਹਨ। ਉਸ ਦੀਆਂ ਗ਼ਜ਼ਲਾਂ ਨਿਰੀਆਂ ਕਿਸੇ ਮਹਿਬੂਬ ਦੀ ਉਸਤਤੀ ਤੇ ਪਿਆਰ ਨੂੰ ਹੀ ਨਹੀਂ ਵਰਨਣ ਕਰਦੀਆਂ ਸਗੋਂ ਉਹ ਕੁਝ ਕੁ ਗ਼ਜ਼ਲਾਂ ਵਿਚ ਬਹੁਤ ਮਹੱਤਵਪੂਰਨ ਸਵਾਲ ਉਠਾਉਂਦਾ ਹੈ। ਜਿਵੇਂ-


'ਕਿਨਾਰੇ ਤੋੜ ਕੇ ਗਲੀਆਂ 'ਚ ਜੇਕਰ ਆ ਗਿਆ ਪਾਣੀ
ਨਦੀ ਦੇ ਵਹਿਣ ਵਿਚ ਖ਼ੁਦ ਨੂੰ ਕਿਵੇਂ ਡੁੱਬਣੋਂ ਬਚਾਓਗੇ'

ਉਸ ਦੀਆਂ ਕੁਝ ਕੁ ਗ਼ਜ਼ਲਾਂ ਸੂਫੀਵਾਦੀ ਰੰਗ ਨੂੰ ਵੀ ਛੋਹਣ ਦੀ ਕੋਸ਼ਿਸ਼ ਕਰਦੀਆਂ ਹਨ। ਉਹ ਆਪਣੀਆਂ ਗ਼ਜ਼ਲਾਂ ਵਿਚ ਆਸਵੰਦ ਲਹਿਜ਼ਾ ਅਪਣਾਉਂਦਾ ਹੈ ਅਤੇ ਆਪਣੀਆਂ ਗ਼ਜ਼ਲਾਂ ਨੂੰ ਪਲਾਇਨਵਾਦੀ ਵਿਚਾਰਾਂ ਤੋਂ ਵੀ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਬੜੇ ਸਾਦੇ ਅਤੇ ਸਰਲ ਢੰਗ ਨਾਲ ਉਹ ਆਪਣਾ ਸੁਨੇਹਾ ਵੀ ਦੇ ਜਾਂਦਾ ਹੈ-

'ਕਹਿਰ ਦਾ ਮੌਸਮ ਬਦਲ ਜਾਏਗਾ ਇਕ ਦਿਨ ਲਾਜ਼ਮੀ
ਚੜ੍ਹਦੇ ਸੂਰਜ ਵੀ ਤਾਂ ਸ਼ਾਮਾਂ ਪੈਣ 'ਤੇ ਲਹਿੰਦੇ ਸਦਾ'

ਅਤੇ

'ਇਕ ਨਾ ਇਕ ਦਿਨ ਤੋੜ ਦਿੰਦੇ ਨੇ ਫਸੀਲਾਂ ਉੱਚੀਆਂ
ਲੋਕ ਉੱਠ ਖੜ੍ਹਦੇ ਨੇ ਜ਼ੁਲਮ ਨਾ ਸਹਿੰਦੇ ਸਦਾ'




ਤਗ਼ੱਜ਼ਲ ਦੇ ਰੰਗ ਵਿੱਚ ਸਰਸ਼ਾਰ ਹੋ ਕੇ ਉਸ ਨੇ ਕੁਝ ਵਿਅੰਗਆਤਮਕ ਚੋਟਾਂ ਵੀ ਲਾਈਆਂ ਹਨ ਜੋ ਚੇਤੰਨ ਸਾਹਿਤਕਾਰ ਦਾ ਖਾਸਾ ਹੁੰਦਾ ਹੈ। ਬਹੁਤ ਹੀ ਸੂਖ਼ਮ ਭਾਵੀ ਸ਼ਬਦਾਂ ਵਿਚ ਉਹਨਾਂ ਦੀ ਤਰਜਮਾਨੀ ਵੀ ਕੀਤੀ ਹੈ ਪਰ ਆਪਣੇ ਸਵੈ ਨੂੰ ਕਾਇਮ ਰੱਖਿਆ ਹੈ-

'ਬੇਸ਼ਕ ਹੁਣ ਤੱਕ ਪੂਰੇ ਚੰਨ ਦੇ ਨਾ਼ਲ ਰਿਹਾ ਹਾਂ
ਫਿਰ ਵੀ ਆਪਣਾ ਵੱਖਰਾ ਦੀਵਾ ਬਾ਼ਲ ਰਿਹਾ ਹਾਂ'

ਉਸ ਦੀਆਂ ਗ਼ਜ਼ਲਾਂ ਵਿਚ ਵਿਚਾਰਾਂ ਦੀ ਸੂਖ਼ਮਤਾ ਹੈ। ਰਾਜਵੰਤ ਰਾਜ ਦੀਆਂ ਇਹਨਾਂ ਸਤਰਾਂ ਨਾਲ ਮੈਂ ਪੂਰਨ ਤੌਰ 'ਤੇ ਸਹਿਮਤ ਹਾਂ ਕਿ ਵਿਸ਼ਿਆਂ ਦੀ ਚੋਣ ਦਾ ਮਸਲਾ ਤੁਹਾਡੇ ਤਖ਼ੱਈਅਲ ਦੀ ਉਡਾਣ ਨਾ਼ਲ ਜੁੜਿਆ ਹੁੰਦਾ ਹੈ। ਜਿੰਨੇ ਖ਼ਿਆਲ ਉੱਚੇ ਹੋਣਗੇ ਓਨਾ ਹੀ ਨਜ਼ਰੀਆ ਵਿਸ਼ਾਲ ਹੋਵੇਗਾ। ਅੱਜ ਦੀ ਗ਼ਰਜ਼ਮੰਦ ਸੋਚ ਆਪਣਿਆਂ ਦਾ ਮੋਹ ਤਿਆਗ ਕੇ ਅਰਥਹੀਣਤਾ ਵੱਲ ਵਧ ਰਹੀ ਹੈ ਤੇ ਇਕ ਭਟਕਣ ਆਦਮੀ ਦਾ ਸਰਮਾਇਆ ਬਣਦੀ ਜਾ ਰਹੀ ਹੈ। ਜ਼ਿੰਦਗੀ ਦੀਆਂ ਅਜਿਹੀਆਂ ਸੰਗਤੀਆਂ ਵਿਸੰਗਤੀਆਂ ਦਾ ਜੋੜ ਅੱਜ ਦੇ ਹਸਾਸਮੰਦ ਸਾਹਿਤਕਾਰ ਨੂੰ ਹਲੂਣਦਾ ਹੈ। ਇਸੇ ਲਈ ਹਰਦਮ ਮਾਨ ਨੇ ਮਾਨਵੀ ਸੰਵੇਦਨਾ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਉਸ ਦੀ ਗ਼ਜ਼ਲ ਗੁੰਝਲਦਾਰ ਤੇ ਮਸਨੂਈ ਬਿੰਬਕਾਰੀ ਤੋਂ ਨਿਰਲੇਪ ਹੈ। ਆਪਣੇ ਸਿਰਜਣਾਤਮਿਕ ਪਲਾਂ ਵਿਚ ਉਸ ਨੇ ਆਪਣੇ ਅਨੁਭਵ ਨੂੰ ਸਥਾਨ ਦਿੱਤਾ ਹੈ। ਕਵਿਤਾ ਦਾ ਸਬੰਧ ਸ਼ਾਇਰ ਦੇ ਨਿਜਤਵ ਜਾਂ ਬਾਹਰਮੁਖੀ ਸੰਸਾਰ ਨਾ਼ਲ ਹੀ ਨਹੀਂ ਹੁੰਦਾ ਸਗੋਂ ਇਹ ਮਨੁੱਖ ਦੀ ਅਵਚੇਤਨੀ ਸੋਚ ਦੀ ਦਸਤਾਵੇਜ ਵੀ ਹੁੰਦੀ ਹੈ। ਇਸੇ ਲਈ ਸ਼ਾਇਰ ਦੀਆਂ ਗ਼ਜ਼ਲਾਂ ਮਨੁੱਖੀ ਮਨ ਦੀਆਂ ਉਹਨਾਂ ਪ੍ਰਕਿਰਿਆਵਾਂ ਦੀ ਉਪਜ ਹਨ ਜਿਨ੍ਹਾਂ ਦਾ ਸਬੰਧ ਉਸ ਦੀ ਵਿਚਾਰਧਾਰਾ ਨਾਲ ਹੈ। ਜਿਵੇਂ-

'ਜੋ ਵੀ ਸਾਹ ਲੈਂਦਾ ਹੈ ਉਸ ਨੂੰ ਰਿਜਕ ਮਿਲੇ ਇਸ ਮਿੱਟੀ 'ਚੋਂ
ਇਹ ਨਾ ਸੋਚੀਂ ਇਸ ਦੁਨੀਆ 'ਤੇ ਬਸ ਆਦਮ ਦੀ ਜ਼ਾਤ ਰਹੇ'

ਜੀਵਨ ਦੇ ਅਹਿਮ ਮਸਲਿਆਂ ਨੂੰ ਕਾਵਿਕ, ਆਕਰਸ਼ਿਕ, ਰੌਚਕ ਅਤੇ ਦਿਲਚਸਪ ਅੰਦਾਜ਼ ਵਿਚ ਪਾਠਕਾਂ ਸਾਹਮਣੇ ਲਿਆਉਣਾ ਉਸ ਦੀਆਂ ਗ਼ਜ਼ਲਾਂ ਦੀ ਪ੍ਰਾਪਤੀ ਹੈ। ਉਸ ਨੂੰ ਬਦਲ ਰਹੇ ਸਮਿਆਂ ਅਤੇ ਰੁੱਤਾਂ ਦਾ ਬੜੀ ਬਰੀਕੀ ਨਾਲ ਅਹਿਸਾਸ ਹੈ। ਮੈਥਿਊ ਆਰਨਲਡ ਲਿਖਦਾ ਹੈ-

"Poetry is at bottom a ciriticsim of ilfe"

ਹਰਦਮ ਮਾਨ ਆਪਣੀਆਂ ਗ਼ਜ਼ਲਾਂ ਵਿੱਚ ਕੋਈ ਕਾਲਪਨਿਕ ਦੁਨੀਆ ਨਹੀਂ ਸਿਰਜਦਾ ਸਗੋਂ ਉਸ ਦੀਆਂ ਗ਼ਜ਼ਲਾਂ ਆ਼ਲੇ ਦੁਆ਼ਲੇ ਤੇ ਮਾਨਸਿਕ ਪ੍ਰਸਥਿਤੀਆਂ, ਅੰਦਰੂਨੀ ਵੇਦਨਾ ਅਤੇ ਬੇਚੈਨੀ ਨੂੰ ਆਪਣਾ ਕੇਂਦਰ ਬਿੰਦੂ ਬਣਾਉਂਦੀਆਂ ਹਨ। ਜਿਵੇਂ-

'ਏਨੀ ਦੁਨੀਆ ਗਾਹ ਕੇ ਵੀ ਸੁਖ ਨਾ ਮਿਲਿਆ
ਕੀ ਕੀ ਨਾਚ ਨਚਾਏ ਢਿੱਡ ਦੀ ਆਂਦਰ ਨੇ'

ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਤੇ ਸੰਪੂਰਨ ਹੁੰਦਾ ਹੈ। ਗ਼ਜ਼ਲ ਦਾ ਕੋਈ ਸਿਰਲੇਖ ਨਹੀਂ ਹੁੰਦਾ। ਗ਼ਜ਼ਲ ਦੋ ਪ੍ਰਕਾਰ ਦੀ ਹੁੰਦੀ ਹੈ 'ਵਾਹਿਦ ਇਸ਼ਆਰ' ਜਿਸ ਵਿਚ ਸ਼ਿਅਰਾਂ ਦੇ ਵਿਸ਼ੇ ਅਤੇ ਅਰਥਾਂ ਦਾ ਕੋਈ ਸਬੰਧ ਨਹੀਂ ਹੁੰਦਾ। ਦੂਸਰੀ 'ਮੁਸਲਸਲ ਇਸ਼ਆਰ' ਜਿਸ ਵਿਚ ਗ਼ਜ਼ਲ ਦੇ ਸ਼ਿਅਰ ਇੱਕੋ ਵਿਸ਼ੇ ਦਾ ਭਰਮ ਪਾਉਂਦੇ ਹੋਣ ਜਾਂ ਇਹ ਕਹਿ ਲਵੋ ਕਿ ਜਿਸ ਦੇ ਸ਼ਿਅਰਾਂ ਦੇ ਅਰਥ ਇਕ ਦੂਜੇ 'ਤੇ ਨਿਰਭਰ ਹੋਣ। ਜਿੱਥੋਂ ਤੱਕ ਹਰਦਮ ਮਾਨ ਦੀਆਂ ਗ਼ਜ਼ਲਾਂ ਦਾ ਸਬੰਧ ਹੈ, ਉਸ ਦੀਆਂ ਬਹੁਤੀਆਂ ਗ਼ਜ਼ਲਾਂ ਕਲਾਸਕੀ ਨਾ ਹੋ ਕੇ ਜਦੀਦ ਗ਼ਜ਼ਲਾਂ ਹਨ ਕਿਉਂਕਿ ਉਹਨਾਂ ਵਿਚ ਮਾਨਵੀ ਭਾਵਨਾਵਾਂ, ਆਮ ਜੀਵਨ ਦੀਆਂ ਕਦਰਾਂ ਕੀਮਤਾਂ, ਨਿੱਜੀ ਕਦਰਾਂ ਕੀਮਤਾਂ, ਰਾਜਸੀ, ਧਾਰਮਿਕ ਅਤੇ ਜੀਵਨ ਦੀਆਂ ਜਟਲਤਾਵਾਂ ਦਾ ਵਰਣਨ ਕੀਤਾ ਗਿਆ ਹੈ, ਜੋ ਉਸ ਦੀਆਂ ਗ਼ਜ਼ਲਾਂ ਵਿੱਚ ਪ੍ਰਤੱਖ ਦੇਖਿਆ ਗਿਆ ਹੈ। ਜਿਵੇਂ-

'ਪਲਾਂ ਵਿਚ ਕਿਸ ਤਰ੍ਹਾਂ ਪਾ ਲਵੇਂਗਾ ਥਾਹ ਕਿਸੇ ਦਿਲ ਦੀ
ਅਨੇਕਾਂ ਚਲਦੀਆਂ ਲਹਿਰਾਂ ਮਨਾਂ ਦੇ ਪਾਣੀਆਂ ਹੇਠਾਂ'

ਅਤੇ

'ਕਰਾਂਗੇ ਜ਼ਿਕਰ ਵੀ ਰੁਜ਼ਗਾਰ ਦਾ, ਕੁੱਲੀ ਤੇ ਗੁੱਲੀ ਦਾ
ਆ ਪਹਿਲਾਂ ਕੁਰਸੀਆਂ,
ਵੋਟਾਂ ਅਤੇ ਤਖ਼ਤਾਂ ਦੀ ਗੱਲ ਕਰੀਏ'

ਉਸ ਦੀਆਂ ਬਹੁਤੀਆਂ ਗ਼ਜ਼ਲਾਂ ਵਾਹਿਦ ਇਸ਼ਆਰ ਵਾਲੀਆਂ ਹੀ ਹਨ। ਬਹੁਤ ਹੀ ਸਾਰਥਕ ਅਤੇ ਨਰੋਏ ਵਿਸ਼ਿਆਂ ਨੂੰ ਉਸ ਨੇ ਚੁਣਿਆ ਹੈ। ਜਿਵੇਂ-

'ਮਜਲਿਸਾਂ ਅੰਦਰ ਜਦੋਂ ਮਸਲੇ ਉਠਾਏ ਜਾਣਗੇ
ਆਪਣੀ ਹਉਮੈ ਦੇ ਫਿਰ ਝੰਡੇ ਝੁਲਾਏ ਜਾਣਗੇ'

ਅਤੇ

'ਜੋ ਪੌਣ ਵਗ ਰਹੀ ਹੈ, ਰੂਹਾਂ ਨੂੰ ਡਸ ਰਹੀ ਹੈ
ਪੁੱਤਾਂ ਨੇ ਮੁੱਖ ਮੋੜੇ, ਮਾਵਾਂ ਉਦਾਸ ਹੋਈਆਂ'

ਅਤੇ

'ਗਵਾਚੇ ਗਰਦਿਸ਼ਾਂ ਵਿਚ ਲੋਕ ਅਕਸਰ ਯਾਦ ਆਉਂਦੇ ਨੇ
ਗਰੀਬੀ ਵਿਚ ਅਮੀਰੀ ਦੇ ਉਹ ਮੰਜ਼ਰ ਯਾਦ ਆਉਂਦੇ ਨੇ'

ਅਤੇ

'ਅਜੇ ਤੱਕ ਵੀ ਨਹੀਂ ਭੁੱਲਦੇ ਪਹਾੜੇ ਜੋ ਪੜ੍ਹੇ ਰਲ ਕੇ
ਅਜੇ ਤੱਕ ਵੀ ਉਹ ਟੀਚਰ ਤੇ ਮਨੀਟਰ ਯਾਦ ਆਉਂਦੇ ਨੇ'

ਅੰਤ ਵਿਚ ਇਹੋ ਕਹਾਂਗੀ ਕਿ ਹਰਦਮ ਮਾਨ ਬਹੁਪੱਖੀ ਸਾਰਥਕ ਵਿਸ਼ਿਆਂ ਨੂੰ ਗ਼ਜ਼ਲ ਵਰਗੀ ਸਿਨਫ਼ ਵਿਚ ਪ੍ਰਗਟਾ ਕੇ ਆਪਣੇ ਵਿਚਾਰਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਿਉਂਕਿ ਰੌਬਰਟ ਫਰੋਸਟ ਜਿੱਥੇ ਕਹਿੰਦਾ ਹੈ ਕਿ "ਂਰਿਟਿਨਗ ਡਰਏਏ ਵਏਰਸਏ ਸ ਲਿਕਏ ਓ ਪਲਓਨਿਗ ਟਏਨਨਿਸ ਟਿਹ ਟਹਏ ਨਏਟ ਦੋਨ" ਉਥੇ ਐਡਗਰ ਐਲਨ ਪੋ ਲਿਖਦਾ ਹੈ ਕਿ "Poetry is the rhythmical creation of beauty in words.

ਸੋ ਹਰਦਮ ਮਾਨ ਨੇ ਗ਼ਜ਼ਲ ਦੀ ਸੰਗੀਤ ਆਤਮਿਕਤਾ ਨੂੰ ਵੀ ਕਾਇਮ ਰੱਖਿਆ ਹੈ। ਮੈਂ ਜਿੱਥੇ ਉਸ ਨੂੰ ਉਸ ਦੇ ਗ਼ਜ਼ਲ ਸੰਗ੍ਰਹਿ "ਸ਼ੀਸ਼ੇ ਦੇ ਅੱਖਰ" 'ਤੇ ਵਧਾਈ ਦਿੰਦੀ ਹਾਂ ਉੱਥੇ ਨਾ਼ਲ ਹੀ ਆਸ ਕਰਦੀ ਹਾਂ ਕਿ ਉਹ ਇਸੇ ਤਰ੍ਹਾਂ ਦੇ ਹੋਰ ਗ਼ਜ਼ਲ ਸੰਗ੍ਰਹਿਆਂ ਨਾ਼ਲ ਪੰਜਾਬੀ ਸਾਹਿਤ ਨੂੰ ਹੋਰ ਅਮੀਰੀ ਬਖਸ਼ੇਗਾ।

ਸਫ਼ਾ 4 ਦਾ ਬਾਕੀ...

## ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ....

ਦੂਜੀ ਕਿਤਾਬ 'ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ (ਲੇਖਕ ਇਤਿਹਾਸਕਾਰ ਸੋਹਣ ਸਿੰਘ ਪੂੰਨੀ) ਸੰਗਤਾਂ ਵੱਲੋਂ ਭਰਪੂਰ ਉਤਸ਼ਾਹ ਨਾਲ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ 'ਤੇ ਕਾਮਾਗਾਟਾ ਮਾਰੂ ਨਾਂ ਦੀ ਥਾਂ ਅਸਲ ਨਾਂ 'ਗੁਰੂ ਨਾਨਕ ਜਹਾਜ਼' ਦੀ ਬਹਾਲੀ ਲਈ ਮਤੇ ਪੜੇ ਗਏ, ਜਿਨਾਂ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ।

ਇਸ ਮੌਕੇ 'ਤੇ ਵਿਸ਼ੇਸ਼ ਬੁਲਾਰਿਆਂ ਵਿੱਚ ਡਾ. ਗੁਰਵਿੰਦਰ ਸਿੰਘ ਵੈਨਕੂਵਰ, ਕੈਨੇਡਾ, ਭਾਈ ਸੁਰਿੰਦਰ ਸਿੰਘ ਸਤਲੁਜ ਟੀਵੀ ਅਤੇ ਡਾ. ਅੰਮ੍ਰਿਤ ਕੌਰ ਅਤੇ ਡਾ. ਤੇਜਪਾਲਸਿੰਘ ਬੈਨੀਵਾਲ ਨੇ ਵਿਚਾਰ ਸਾਂਝੇ ਕੀਤੇ। ਸੰਗਤਾਂ ਵਿੱਚ ਸਿੱਖ ਪੰਥ ਦੇ ਮਹਾਨ ਸ਼ਹੀਦ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ।ਬੁਲਾਰਿਆਂ ਨੇ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮੌਜੂਦਾ ਇੰਡੀਅਨ ਸਟੇਟ ਦੇ ਟਰਾਂਸ ਨੈਸ਼ਨਲ  ਤਸ਼ੱਦਦ ਬਿਆਨ ਕਰਦਿਆਂ, ਨਾਲੋ ਨਾਲ ਖਾਲਸਾ ਦੀਵਾਨ ਸੁਸਾਇਟੀ ਦੇ ਇਤਿਹਾਸ ਬਾਰੇ ਦੱਸਿਆ ਕਿ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਗਦਰ ਪਾਰਟੀ ਦਾ ਬੂਟਾ ਲਾਉਣ ਵਾਲੀ ਅਜਿਹੀ ਸੰਸਥਾ ਹੈ, ਜਿਸ ਦੇ ਮੋਢੀਆਂ ਨੇ ਉੱਤਰੀ ਅਮਰੀਕਾ ਦੀ ਧਰਤੀ ਤੇ ਨਸਲਵਾਦ ਖ਼ਿਲਾਫ਼ ਲੜਾਈ ਲੜੀ ਅਤੇ ਦੇਸ਼ ਵਾਸੀਆਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ ਸੰਘਰਸ਼ ਕੀਤਾ। ਸ਼ਹਿਰ 'ਚ ਮੇਅਰ ਦੀਆਂ ਚੋਣਾਂ ਲਈ ਉਮੀਦਵਾਰ ਟੌਮ ਪਟੀ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸ਼ਤਾਬਦੀ ਸਮਾਗਮਾਂ ਵਿੱਚ ਸਿੰਘ ਸਾਹਿਬ ਭਾਈ ਹਰਪਾਲ ਸਿੰਘ, ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਰਮਨਜੀਤ ਸਿੰਘ ਹਜ਼ੂਰੀ ਰਾਗੀ ਜਥੇ ਤੇ ਭਾਈ ਗੁਰਸੇਵਕ ਸਿੰਘ ਕਥਾ ਵਾਚਕ ਵੱਲੋਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਅਤੇ ਪ੍ਰਬੰਧਕੀ ਕਮੇਟੀ ਵੱਲੋਂ ਆਈਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਦੀ ਕਾਰਵਾਈ ਭਾਈ ਕੁਲਜੀਤ ਸਿੰਘ ਨਿੱਝਰ ਨੇ ਬਾਖ਼ੂਬੀ ਨਿਭਾਈ। ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਕੈਲੀਫੋਰਨੀਆ ਦੇ ਸਥਾਪਨਾ ਦਿਹਾੜੇ ਦੀ ਯਾਦ ਨੂੰ ਸਮਰਪਿਤ ਸਮਾਗਮ ਯਾਦਗਾਰੀ ਹੋ ਨਿਬੜਿਆ।

# ਸੀ ਫੇਸ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਹੱਲ ਲਈ ਸੈਮੀਨਾਰ

## ਸੈਮੀਨਾਰ ਦੌਰਾਨ ਡਾਕੂਮੈਂਟਰੀ ਫਿਲਮ 'ਬੇ –ਵਤਨੇ' ਦਾ ਪ੍ਰਦਰਸ਼ਨ



ਸਰੀ, (ਹਰਦਮ ਮਾਨ)–ਸਟਰਾਅਬਰੀ ਹਿੱਲ ਲਾਇਬ੍ਰੇਰੀ ਸਰੀ ਵਿੱਚ ਬੀਤੇ ਦਿਨ ਫੋਕ ਆਰਟ ਅਤੇ ਸੱਭਿਆਚਾਰਕ ਤਬਾਦਲਾ ਸੁਸਾਇਟੀ (ਸੀ ਫੇਸ) ਵੱਲੋਂ ਸਟੂਡੀਓ 7 ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਅਤੇ ਉਹਨਾਂ ਦੇ ਹੱਲ ਲਈ ਇਕ ਸੈਮੀਨਾਰ ਕਰਵਾਇਆ ਗਿਆ ਅਤੇ ਇਹਨਾਂ ਸਮੱਸਿਆਵਾਂ 'ਤੇ ਆਧਾਰਤ ਡਾਕੂਮੈਂਟਰੀ ਫਿਲਮ 'ਬੇ –ਵਤਨੇ' ਵੀ ਵਿਖਾਈ ਗਈ।

ਡਾਕੂਮੈਂਟਰੀ ਫਿਲਮ ਤੋਂ ਬਾਅਦ ਹੋਏ ਸੈਮੀਨਾਰ ਵਿੱਚ ਫਿਲਮ ਡਾਇਰੈਕਟਰ ਨਵਲਪ੍ਰੀਤ ਰੰਗੀ ਨੇ ਕਿਹਾ ਕਿ ਜਦ ਵੀ ਕਿਸੇ ਕੌਮ ਜਾਂ ਦੇਸ਼ ਦੀ ਜਵਾਨੀ 'ਤੇ ਕੁਰਾਹੇ ਪੈਣ ਦਾ ਦੋਸ਼ ਲੱਗਦਾ ਹੈ ਤਾਂ ਉਸ ਦੇਸ਼ ਦੇ ਸਿਆਸਤਦਾਨਾਂ, ਡਾਕਟਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਆਪਣੇ ਭਵਿੱਖ ਨੂੰ ਸਹੀ ਸਲਾਹ ਦੇਣ ਅਤੇ ਕੁਰਾਹੇ ਪੈਣ ਤੋਂ ਰੋਕਿਆ ਜਾਵੇ। ਉੱਘੇ ਕਵੀ ਮੋਹਨ ਗਿੱਲ ਨੇ ਸੋਸਾਇਟੀ ਦੇ ਸੀਈਓ ਕੰਵਲਜੀਤ ਸਿੰਘ ਮਾਨਾਂਵਾਲਾ ਅਤੇ ਉਹਨਾਂ ਸੋਸਾਇਟੀ ਦੇ ਕਾਰਜ ਬਾਰੇ ਚਾਨਣਾ ਪਾ ਕੇ ਅੰਤਰਾਸ਼ਟਰੀ ਵਿਦਿਆਰਥੀਆਂ ਦੀ ਮਦਦ ਲਈ ਉੱਘੇ ਬਿਜ਼ਨਸਮੈਨਾਂ ਅਤੇ ਪੁਰਾਣੇ ਵਸਦੇ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਲੱਖਾਂ ਰੁਪਏ ਲਾ ਕੇ ਆਏ ਹੋਏ ਬੱਚਿਆਂ ਨੂੰ ਵਸਾਉਣ ਲਈ ਹੰਭਲਾ ਮਾਰਿਆ ਜਾਵੇ।

ਸੋਸਾਇਟੀ ਦੇ ਚੇਅਰਮੈਨ ਭੁਪਿੰਦਰ ਸਿੰਘ ਲੱਧੜ ਨੇ ਭਵਿੱਖ ਦੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਅੱਗੇ ਵੀ ਇਹੋ ਜਿਹੇ ਪ੍ਰੋਗਰਾਮ ਕਰਨ ਦਾ ਵਾਅਦਾ ਕੀਤਾ। ਪਰਮਿੰਦਰ ਸਿੰਘ ਧਾਲੀਵਾਲ ਨੇ ਆਪਣੇ ਸ਼ਿਅਰਾਂ ਨਾਲ ਵਿਦਿਆਰਥੀਆਂ ਨੂੰ ਸਹੀ ਰਸਤਾ ਚੁਣਨ ਲਈ ਪ੍ਰੇਰਿਆ।

ਰੇਡੀਓ ਅਤੇ ਟੀ ਵੀ ਹੋਸਟ ਬਲਜਿੰਦਰ ਕੌਰ ਨੇ ਸਮਾਜ ਵਿੱਚ ਵਿਚਰਦੇ ਹੋਏ ਵਿਦਿਆਰਥੀਆਂ ਬਾਰੇ ਬਹੁਤ ਸਾਰੇ ਤਜਰਬੇ ਸਾਂਝੇ ਕੀਤੇ। ਰੇਡੀਓ ਹੋਸਟ ਲਵੀ ਪੰਨੂ ਅਤੇ ਪੰਜਾਬੀ ਪ੍ਰੈਸ ਕਲੱਬ ਦੇ ਬਲਬੀਰ ਕੌਰ ਢਿੱਲੋਂ ਨੇ ਵੀ ਆਪਣੇ ਆਪਣੇ ਤਜਰਬੇ ਸਾਂਝੇ ਕਰ ਕੇ ਸੈਮੀਨਾਰ ਨੂੰ ਸਾਰਥਿਕ ਸੇਧ ਦਿੱਤੀ। ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵਿੱਚ ਨਾਵਲਕਾਰ ਜਰਨੈਲ ਸਿੰਘ ਸੇਖਾ, ਭੁਪਿੰਦਰ ਮੱਲ੍ਹੀ, ਸੁਰਿੰਦਰ ਸੰਘਾ (ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ), ਉੱਘੇ ਗੀਤਕਾਰ ਸੁੱਖ ਧਾਲੀਵਾਲ ਅਤੇ ਉੱਘੇ ਬਿਜ਼ਨੈਸਮੈਨ ਅੰਮ੍ਰਿਤਪਾਲ ਸਿੰਘ ਢੋਟ ਨੇ ਵੀ ਸਹੀ ਸਲਾਹ ਦੇ ਕੇ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

ਅੰਤ ਵਿੱਚ "ਸੀ ਫੇਸ ਸੁਸਾਇਟੀ" ਅਤੇ "ਸਟੂਡੀਓ 7 " ਵੱਲੋਂ ਸੈਮੀਨਾਰ ਵਿੱਚ ਪਹੁੰਚੇ ਕੁਲਜੀਤ ਕੌਰ ਮਾਨਾਂਵਾਲਾ, ਮਿਸਜ਼ ਲੱਧੜ ,ਨਵੀ ਧੰਜੂ (ਪੰਜਾਬ ਬੈਂਕਸਜ਼ ), ਲਖਬੀਰ ਸਿੰਘ ਲੱਖਾ, ਕਾਕਾ ਸੇਖੋਂ, ਗਗਨਦੀਪ ਸਿੰਘ ਸਹੋਤਾ, ਮਨਕੀਰਤ ਸਿੰਘ ਬੱਲ, ਕਰਮਜੀਤ ਰੰਧਾਵਾ, ਰੈਪਰ ਹਰਮਨ ਸਿੰਘ ਲੱਧੜ (ਹਸਲ ਗਰੁੱਪ) ਅਤੇ ਗਾਇਕ ਤੇ ਡਾਇਰੈਕਟਰ ਅੰਗਦ ਤਨਵੀਰ ਸਿੰਘ ਤੋਂ ਇਲਾਵਾ ਬਹੁਤ ਸਾਰੇ ਨੌਜਵਾਨਾਂ ਨੇ ਹਿੱਸਾ ਲੈ ਕੇ ਸੁਸਾਇਟੀ ਦੀ ਸੋਚ ਨੂੰ ਅੱਗੇ ਵੱਧਣ ਦਾ ਹੁੰਗਾਰਾ ਦਿੱਤਾ।

# ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮਹਿਫ਼ਿਲ 'ਚ ਪ੍ਰੋ. ਬਾਵਾ ਸਿੰਘ ਅਤੇ ਡਾ. ਪ੍ਰਿਥੀਪਾਲ ਸੋਹੀ ਹੋਏ ਰੂਬਰੂ



ਸਰੀ, (ਹਰਦਮ ਮਾਨ)–ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਐਤਵਾਰ ਭਾਰਤ ਤੋਂ ਆਏ ਨਾਮਵਰ ਵਿਦਵਾਨ ਪ੍ਰੋ. ਬਾਵਾ ਸਿੰਘ ਅਤੇ ਸਰੀ ਦੇ ਨਾਮਵਰ ਹਸਤਾਖ਼ਰ ਡਾ. ਪ੍ਰਿਥੀਪਾਲ ਸੋਹੀ ਨਾ.ਲ ਵਿਸ਼ੇਸ਼ ਮਹਿਫ਼ਿਲ ਰਚਾਈ ਗਈ ਜਿਸ ਵਿਚ ਦੋਹਾਂ ਵਿਦਵਾਨਾਂ ਨੇ ਕੈਨੇਡੀਅਨ ਪੰਜਾਬੀ ਭਾਈਚਾਰੇ, ਰਾਜਨੀਤੀ, ਦੁਨਿਆਵੀ ਸਿਸਟਮ ਅਤੇ ਸਾਹਿਤ ਬਾਰੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੋਹਾਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਗ਼ਜ਼ਲ ਮੰਚ ਸਰੀ ਦੀਆਂ ਸਰਗਰਮੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਪ੍ਰੋ. ਬਾਵਾ ਸਿੰਘ ਨੇ ਆਪਣੀ ਜੀਵਨ ਯਾਤਰਾ ਬਾਰੇ ਦੱਸਦਿਆਂ ਬਹੁਤ ਸਾਰੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਆਪਣੇ ਵਿਦਿਅਕ ਜੀਵਨ, ਅਧਿਆਪਨ ਕਾਰਜ ਅਤੇ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਤੋਂ ਲੈ ਕੇ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਵਾਈਸ ਚੇਅਰਮੈਨ ਬਣਨ ਤੱਕ ਦੇ ਸੰਘਰਸ਼ਮਈ ਸਫ਼ਰ ਬਾਰੇ ਰੌਚਕ ਅਤੇ ਪ੍ਰੇਰਣਾ ਭਰਪੂਰ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਖ਼ਾਸ ਕਰ ਕੇ ਪੰਜਾਬੀ ਭਾਈਚਾਰੇ ਦੀ ਜੀਵਨ ਜਾਚ ਬਾਰੇ ਆਪਣਾ ਨਜ਼ਰੀਆ ਅਤੇ ਬਹੁਤ ਵਧੀਆ ਵਿਸ਼ਲੇਸ਼ਣ ਪੇਸ਼ ਕੀਤਾ। ਸੰਸਾਰ ਭਰ ਵਿਚ ਬੰਦੇ ਨੂੰ ਸਿਸਟਮ ਵੱਲੋਂ ਬੰਨ੍ਹਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਦਾ ਕੋਈ ਵੀ ਬੰਦਾ ਆਜ਼ਾਦ ਨਹੀਂ, ਦੁਨੀਆਂ ਦਾ ਹਰ ਕੋਨਾ ਅਤੇ ਹਰ ਬੰਦਾ ਸਿਸਟਮ ਦੇ ਸ਼ਿਕੰਜੇ ਵਿਚ ਹੈ ਪਰ ਫੇਰ ਵੀ ਬੰਦੇ ਨੂੰ ਮੁਕੰਮਲ ਤੌਰ 'ਤੇ ਸਿਸਟਮ ਵਿਚ ਕਾਬੂ ਨਹੀਂ ਕੀਤਾ ਜਾ ਸਕਦਾ। ਸ਼ਬਦ, ਸਾਹਿਤ ਅਤੇ ਕਿਤਾਬਾਂ ਬਾਰੇ ਉਨ੍ਹਾਂ ਕਿਹਾ ਕਿ ਇਹ ਖ਼ਤਮ ਨਹੀਂ ਹੋਣਗੇ ਪਰ ਇਨ੍ਹਾਂ ਦਾ ਸਰੂਪ ਜ਼ਰੂਰ ਬਦਲ ਸਕਦਾ ਹੈ। ਉਨ੍ਹਾਂ ਆਪਣੇ ਸਾਹਿਤ ਰਚਨਾ ਦੇ ਕਾਰਜ ਬਾਰੇ ਵੀ ਸਾਂਝ ਪਾਈ ਅਤੇ ਆਪਣੀਆਂ ਕੁਝ ਕਾਵਿ ਰਚਨਾਵਾਂ ਪੇਸ਼ ਕੀਤੀਆਂ।

ਡਾ. ਪ੍ਰਿਥੀਪਾਲ ਸੋਹੀ ਨੇ ਆਪਣੇ ਜੀਵਨ ਬਾਰੇ ਦੱਸਿਆ ਕਿ ਰਾਜਨੀਤੀ ਵਿਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਰਹੀ ਹੈ। ਰਾਜਨੀਤਕ ਵਿਸ਼ਲੇਸ਼ਣ ਕਰਦਿਆਂ ਦੂਰਦਰਸ਼ਨ ਜਲੰਧਰ, ਵੱਖ ਵੱਖ ਰੇਡੀਓ ਚੈਨਲਾਂ, ਅਖ਼ਬਾਰਾਂ ਰਾਹੀਂ ਉਨ੍ਹਾਂ ਲੰਮਾਂ ਸਮਾਂ ਆਪਣਾ ਨਜ਼ਰੀਆਂ ਲੋਕਾਂ ਦੀ ਕਚਹਿਰੀ ਵਿਚ ਰੱਖਿਆ। ਕੈਨੇਡਾ ਆ ਕੇ ਵੀ ਉਨ੍ਹਾਂ ਨੂੰ ਇਹ ਮੌਕਾ ਮਿਲ ਗਿਆ ਅਤੇ ਕਈ ਰੇਡੀਓ ਅਤੇ ਟੀ ਵੀ ਚੈਨਲਾਂ ਦੇ ਪ੍ਰੋਗਰਾਮਾਂ ਰਾਹੀਂ ਆਪਣੀ ਰਾਜਨੀਤਕ ਉਹ ਲੋਕਾਂ ਤੀਕ ਪੁਚਾ ਰਹੇ ਹਨ। ਸੰਸਾਰ ਭਰ ਦੀ ਰਾਜਨੀਤੀ ਅਤੇ ਖਾਸ ਕਰਕੇ ਪੰਜਾਬ ਦੇ ਰਾਜਨੀਤਕ ਮਸਲਿਆਂ ਬਾਰੇ ਵੀ ਉਨ੍ਹਾਂ ਆਪਣੇ ਵਿਚਾਰ ਪੇਸ਼ ਕੀਤੇ। ਗ਼ਜ਼ਲ ਮੰਚ ਸਰੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਸੋਹੀ ਨੇ ਕਿਹਾ ਕਿ ਮੰਚ ਦੇ ਸਾਰੇ ਗ਼ਜ਼ਲਗੋ ਸੰਵੇਦਨਾ ਭਰਪੂਰ ਤੇ ਭਾਵਪੂਰਤ ਗ਼ਜ਼ਲ ਕਹਿੰਦੇ ਹਨ ਅਤੇ ਇਸ ਸੰਸਥਾ ਵੱਲੋਂ ਹਰ ਸਾਲ ਕਰਵਾਏ ਜਾਂਦੇ ਸਾਲਾਨਾ ਕਵੀ ਦਰਬਾਰ ਦਾ ਪੱਧਰ ਕੌਮਾਂਤਰੀ ਪੱਧਰ ਦਾ ਹੁੰਦਾ ਹੈ ਜਿਸ ਵਿਚ ਕਵੀਆਂ ਦੀਆਂ ਪੇਸ਼ ਕੀਤੀਆਂ ਜਾਂਦੀਆਂ ਰਚਨਾਵਾਂ ਸਰੋਤਿਆਂ ਨੂੰ ਮਾਨਸਿਕ ਸਕੂਨ ਦਿੰਦੀਆਂ ਹੋਈਆਂ ਬਹੁਤ ਆਨੰਦਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸਰੀ ਦੇ ਲਾਟਾਂ ਪਲਾਟਾਂ ਵਾਲੇ ਕਲਚਰ ਨੂੰ ਸੰਗੀਤਕ ਤੇ ਸੂਖ਼ਮ ਰੂਪ ਪ੍ਰਦਾਨ ਕਰ ਕੇ ਸਰੀ ਦਾ ਵਾਤਾਵਰਣ ਬਦਲਣ ਵਿੱਚ ਗ਼ਜ਼ਲ ਮੰਚ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਮਹਿਫ਼ਿਲ ਵਿਚ ਮੰਚ ਦੇ ਆਗੂ ਜਸਵਿੰਦਰ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ, ਹਰਦਮ ਮਾਨ, ਪ੍ਰੀਤ ਮਨਪ੍ਰੀਤ ਅਤੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਆਪਣੇ ਸਵਾਲਾਂ ਰਾਹੀਂ ਆਪਣੀ ਜਗਿਆਸਾ ਪ੍ਰਗਟ ਕੀਤੀ। ਅਖੀਰ ਵਿੱਚ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਗ਼ਜ਼ਲ ਮੰਚ ਵੱਲੋਂ ਦੋਵਾਂ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪੰਜਾਬੀ ਕਵਿੱਤਰੀ ਮਨ ਮਾਨ ਦੀ ਪੁਸਤਕ 'ਪਲ ਦੋ ਪਲ' ਵੀ ਲੋਕ ਅਰਪਣ ਕੀਤੀ ਗਈ।

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## LOWEST PRICES IN TOWN

## THE SOUTH SURREY/WHITE ROCK FRUITICANA NOW OPEN AT 1812, 152ND ST.

### UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$12.99 bag

### EXTRA SUPER SUPER SPECIAL

Raw Almonds
ਕੱਚੇ ਬਦਾਮ
$4.99 lb

Green, Yellow & Orange Peppers
ਸ਼ਿਮਲਾ ਮਿਰਚਾਂ (ਹਰੀਆਂ, ਪੀਲੀਆਂ ਅਤੇ ਸੰਤਰੀ)
$1.49 lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Green Cabbage BC
ਹਰੀ ਬੰਦ ਗੋਭੀ ਬੀਸੀ
69¢ lb

Indican Tea 216's
ਇੰਡੀਕਨ ਚਾਹ
$6.98 box

## 98¢ SALE

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb

BC Gala Apples
ਗਾਲਾ ਸੇਬ ਬੀਸੀ
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ
98¢ lb

Red Onions
ਲਾਲ ਗੰਢੇ
98¢ lb

EXTRA SUPER SPECIAL

Cilantro
ਧਣੀਆ
2 bunches for $1.49

SUPER SPECIAL

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

SUPER SPECIAL

Red Onions 25 lbs
ਲਾਲ ਗੰਢੇ
$18.98 bag

Spinach
ਪਾਲਕ
$1.49 bunch

Red & Green Seedless Grapes
ਅੰਗੂਰ (ਲਾਲ ਜਾਂ ਹਰੇ) ਬਿਨਾਂ ਬੀਜ
$2.98 lb

Zucchini Squash
ਜ਼ੁਕੀਨੀ ਸਕੁਐਸ਼
88¢ lb

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

Indican Punjabi Biscuits 1.5 lbs
ਇੰਡੀਕਨ ਪੰਜਾਬੀ ਕੁਕੀਜ਼
$5.98 pkg.

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕਨ)
$3.98 bag

Almond Oil 1 L (Indican)
ਇੰਡੀਕੇਨ ਬਦਾਮ ਦਾ ਤੇਲ
$12.98 bottle

**Fri Nov 01, 2024 - Wed Nov 06, 2024**
We reserve the right to limit the quantities while they last
Specials valid for Lower Mainland only

23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |